
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 47
March 2, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸਖਤ ਪਾਬੰਦੀਆਂ ਲਗਾ ਕੇ ਰੂਸ ਦਾ ਲੱਕ ਤੋੜਾਂਗੇ- ਬਾਇਡਨ

## ਹਮਲੇ ਲਈ ਇਕੱਲੇ ਵਲਾਦੀਮੀਰ ਪੁਤਿਨ ਜ਼ਿੰਮੇਵਾਰ

**ਵਾਸ਼ਿੰਗਟਨ (ਬਿਊਰੋ)**–ਆਪਣੇ ਭਾਸ਼ਣ ਵਿੱਚ ਰਾਸ਼ਟਰਪਤੀ ਬਾਇਡਨ ਨੇ ਕਿਹਾ ਹੈ ਕਿ ਯੂਕਰੇਨ ਦੇ ਹਮਲੇ ਲਈ "ਇਕੱਲੇ ਵਲਾਦੀਮੀਰ ਪੁਤਿਨ" ਜ਼ਿੰਮੇਵਾਰ ਹਨ ਅਤੇ ਉਨ੍ਹਾਂ ਨੇ ਵਾਅਦਾ ਕੀਤਾ ਹੈ ਕਿ ਰੂਸੀ ਆਗੂ "ਲੰਬੇ ਸਮੇਂ ਤੱਕ ਲਗਾਤਾਰ ਉੱਚੀ ਕੀਮਤ ਅਦਾ ਕਰਨਗੇ"। ਉਨ੍ਹਾਂ ਅੱਗੇ ਕਿਹਾ ਕਿ ਪੁਤਿਨ ਦਾ ਸ਼ਾਸਨ ਕੁਲੀਨ ਵਰਗ ਅਤੇ ਹੋਰ ਭ੍ਰਿਸ਼ਟ ਅਧਿਕਾਰੀਆਂ ਦੁਆਰਾ ਸਮਰਥਿਤ ਹੈ "ਜਿਨ੍ਹਾਂ ਨੇ ਇਸ ਹਿੰਸਕ ਸ਼ਾਸਨ ਨਾਲ ਅਰਬਾਂ ਡਾਲਰ ਚੋਰੀ ਕੀਤੇ ਹਨ"।



ਇਸਦੇ ਨਾਲ ਹੀ ਬਾਇਡਨ ਨੇ ਰੂਸੀ ਯਾਟ, ਜੈੱਟ ਅਤੇ ਹੋਰ ਲਗਜ਼ਰੀ ਚੀਜ਼ਾਂ ਨੂੰ ਜ਼ਬਤ ਕਰਨ ਲਈ ਯੂਰਪੀਅਨ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ। ਯੂਐੱਸ ਅਤੇ ਈਯੂ ਨੇ ਪਹਿਲਾਂ ਹੀ ਕੁਲੀਨ ਵਰਗ ਦੀਆਂ ਸੂਚੀਆਂ ਜਾਰੀ ਕਰ ਦਿੱਤੀਆਂ ਹਨ, ਜਿਨ੍ਹਾਂ ਵਿਰੁੱਧ ਪਾਬੰਦੀਆਂ ਲਗਾਈਆਂ ਗਈਆਂ ਹਨ। ਇਸ ਦੇ ਨਾਲ ਹੀ ਰਾਸ਼ਟਰਪਤੀ ਬਾਇਡਨ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਯੂਐੱਸ ਏਅਰਸਪੇਸ ਵਿੱਚ ਰੂਸ ਦੀਆਂ ਸਾਰੀਆਂ ਵਪਾਰਕ ਅਤੇ ਨਿੱਜੀ ਉਡਾਣਾਂ 'ਤੇ ਪਬੰਦੀ ਲਗਾ ਰਿਹਾ ਹੈ। ਬਾਇਡਨ ਅਨੁਸਾਰ, ਇਹ ਪਾਬੰਦੀ ਰੂਸ ਨੂੰ ਹੋਰ ਅਲੱਗ-ਥਲੱਗ ਕਰ ਦੇਵੇਗੀ ਅਤੇ ਇਸਦੀ ਆਰਥਿਕ ਸਥਿਤੀ 'ਤੇ ਹੋਰ ਦਬਾਅ ਪਾਵੇਗੀ।

ਉਨ੍ਹਾਂ ਕਿਹਾ ਕਿ ਰੂਸੀ ਰੂਬਲ (ਮੁਦਰਾ) ਅਤੇ ਸ਼ੇਅਰ ਬਜ਼ਾਰ ਪਹਿਲਾਂ ਹੀ ਆਪਣੇ ਮੁੱਲ ਦਾ ਕ੍ਰਮਵਾਰ 30% ਅਤੇ 40% ਗੁਆ ਚੁੱਕੇ ਹਨ। ਅਮਰੀਕਾ ਦੇ ਰਾਸ਼ਟਰਪਤੀ ਨੇ ਯੂਕਰੇਨ-ਰੂਸ ਜੰਗ 'ਤੇ ਆਪਣੇ ਦੇਸ ਨੂੰ ਸੰਬੋਧਿਤ ਕੀਤਾ। ਉਨ੍ਹਾਂ ਕਿਹਾ, "ਛੇ ਦਿਨ ਪਹਿਲਾਂ, ਰੂਸ ਦੇ ਵਲਾਦੀਮੀਰ ਪੁਤਿਨ ਨੇ ਆਜ਼ਾਦ ਦੁਨੀਆ ਦੀ ਨੀਂਹ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ, ਇਹ ਸੋਚ ਕੇ


(ਬਾਕੀ ਸਫਾ 3 'ਤੇ)






ਸਿੱਖ ਪੰਥ ਦੇ ਸਰਵਉਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਪਹਿਲੀ ਵਾਰ, ਪਹਿਲੀ ਮਾਰਚ 2022 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਪਧਾਰੇ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਏ ਅਤੇ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਹਨਾਂ ਦਾ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਨਾਲ ਗੁਰੂ ਘਰ ਵਿਖੇ ਸਨਮਾਨ ਕੀਤਾ ਗਿਆ।

**(ਤਸਵੀਰਾਂ ਅਤੇ ਵੇਰਵਾ–** ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ")

**(ਵਿਸ਼ੇਸ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਦੇਖੋ)**

ਕੈਲੇਫੋਰਨੀਆ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਦਿਹਾੜਿਆਂ ਦੀ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ *4, 5, 6 ਮਾਰਚ 2022* ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਲੜੀ ਤਹਿਤ *11, 12, 13 ਮਾਰਚ* ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਗੁਰਪਰਬ ਮਨਾਇਆ ਜਾ ਰਿਹਾ ਹੈ।

*27 ਮਾਰਚ 2022* ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ 10 ਅਪ੍ਰੈਲ 2022 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

# ਰੂਸੀ ਵਿਦੇਸ਼ ਮੰਤਰੀ ਲਾਵਰੋਵ ਨੇ ਦਿੱਤੀ ਵਿਸ਼ਵ ਯੁੱਧ ਦੀ ਚਿਤਾਵਨੀ

**ਕੀਵ (ਬਿਊਰੋ)–** ਯੂਕਰੇਨ ਦੇ ਦੂਜੇ ਵੱਡੇ ਸ਼ਹਿਰ ਖਾਰਕੀਵ 'ਚ ਅਸਮਾਨ ਤੋਂ ਅੱਗ ਵਰ੍ਹ ਰਹੀ ਹੈ। ਨਾਲ ਹੀ ਟੈਂਕਾਂ ਤੋਂ ਨਿਕਲ ਰਹੇ ਗੋਲ਼ੇ ਕੰਧਾਂ ਚੀਰ ਕੇ ਲੋਕਾਂ ਦੀ ਜਾਨ ਲੈ ਰਹੇ ਹਨ। ਹਮਲੇ ਦੇ ਸੱਤਵੇਂ ਦਿਨ ਬੁੱਧਵਾਰ ਨੂੰ ਖਾਰਕੀਵ 'ਤੇ ਰੂਸੀ ਹਮਲੇ ਹੋਰ ਤੇਜ਼ ਹੋ ਗਏ। ਕਰੂਜ਼ ਮਿਜ਼ਾਈਲਾਂ ਨੇ ਨਗਰ ਕੌਂਸਲ ਦੀ ਇਮਾਰਤ ਤੇ ਹੋਰ ਆਬਾਦੀ ਵਾਲੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਹੈ। ਤਾਜ਼ਾ ਹਮਲਿਆਂ ਪਿੱਛੋਂ ਯੂਕਰੇਨ 'ਚ ਦੋ ਹਜ਼ਾਰ ਤੋਂ ਜ਼ਿਆਦਾ ਲੋਕਾਂ ਦੇ ਮਾਰੇ ਜਾਣ ਦੀ ਸੂਚਨਾ ਹੈ। ਹਾਲਾਤ ਦੀ ਗੰਭੀਰਤਾ ਨੂੰ ਦੇਖਦੇ ਹੋਏ ਭਾਰਤੀ



ਵਿਦੇਸ਼ ਮੰਤਰਾਲੇ ਨੇ ਉੱਥੇ ਰਹਿ ਰਹੇ ਭਾਰਤੀਆਂ ਨੂੰ ਤੁਰੰਤ ਸ਼ਹਿਰ ਛੱਡਣ ਲਈ ਕਿਹਾ ਹੈ। ਇਸ ਦੌਰਾਨ ਰੂਸੀ ਫ਼ੌਜਾਂ ਨੇ ਬੁੱਧਵਾਰ ਨੂੰ ਯੂਕਰੇਨ ਦੇ ਖੇਰਸਾਨ ਸ਼ਹਿਰ 'ਤੇ ਕਬਜ਼ਾ ਕਰ ਲਿਆ। ਰਾਜਧਾਨੀ ਕੀਵ ਨੂੰ ਘੇਰ ਕੇ ਰੂਸੀ ਫ਼ੌਜੀ ਉਸ 'ਤੇ ਹਮਲੇ ਤੇਜ਼ ਕਰਦੇ ਹੋਏ ਹੋਰ ਨਜ਼ਦੀਕ ਪੁੱਜ ਗਏ ਹਨ। ਵੱਧ ਰਹੀ ਅਨਿਸ਼ਚਿਤਤਾ ਦੇ ਮਾਹੌਲ 'ਚ ਕੱਚਾ ਤੇਲ ਰਿਕਾਰਡ ਉੱਚਾਈ 'ਤੇ ਪੁੱਜ ਗਿਆ ਹੈ। ਬੁੱਧਵਾਰ ਨੂੰ ਉਹ ਕਰੀਬ 110 ਡਾਲਰ ਪ੍ਰਤੀ ਬੈਰਲ 'ਤੇ ਪੁੱਜ ਗਿਆ।


(ਬਾਕੀ ਸਫਾ 3 'ਤੇ)




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)






ਗੁਰੂ ਪਿਆਰੀ ਸਾਧ ਸੰਗਤ ਜੀ

**ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 4, 5, 6 ਮਾਰਚ 2022 ਨੂੰ ਮਨਾਇਆ ਜਾ ਰਿਹਾ ਹੈ**

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ - 4 ਮਾਰਚ 2022, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ - 5 ਮਾਰਚ 2022, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ - 6 ਮਾਰਚ 2022, ਸਵੇਰੇ 10 ਵਜੇ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

*ਡਾ. ਸਤਨਾਮ ਸਿੰਘ ਬੰਗੜ ਤੇ ਉਨ੍ਹਾਂ ਦੀ ਟੀਮ ਵੱਲੋਂ ਕੋਵਿਡ-19 ਦੇ ਟੀਕੇ ਲਗਾਏ ਜਾਣਗੇ ਜੋ ਪੰਜ ਸਾਲ ਅਤੇ ਉਪਰਲੀ ਉਮਰ ਦੇ ਮੁਫਤ ਲਗਵਾ ਸਕਣਗੇ ਅਤੇ ਇਸ ਮੌਕੇ ਬਲੱਡ ਕੈਂਪ ਵੀ ਲਗਾਇਆ ਜਾਵੇਗਾ।*

**ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:**
**559-486-3091** 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਜਸਵਿੰਦਰ ਸਿੰਘ, ਸ੍ਰੀਮਤੀ ਸੁਖਵਿੰਦਰ ਕੌਰ ਸਮੂਹ ਪਰਿਵਾਰ ਵੱਲੋਂ ਕੀਤੀ ਜਾਵੇਗੀ। ਅਖੰਡ ਪਾਠ ਦੀ ਸੇਵਾ, ਕੀਰਤਨ ਸੇਵਾ ਅਤੇ ਲੰਗਰ ਸੇਵਾ ਤਿੰਨੋ ਦਿਨ ਗੁਰਮੁਖ ਪਰਿਵਾਰ ਸ੍ਰੀ ਰਾਜੇਸ਼ ਬੰਗੜ, ਰਾਮਪਾਲ ਬੱਧਣ, ਅੰਮ੍ਰਿਤਪਾਲ ਸਿੰਘ ਅਤੇ ਯਾਦਵਿੰਦਰ ਸਿੰਘ (ਸ਼ਿਕਾਗੋ ਪੀਜ਼ਾ ਵਾਲੇ) ਸਮੂਹ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ।

ਕੀਰਤਨੀ ਜਥਾ ਭਾਈ ਹਰਵਿੰਦਰ ਸਿੰਘ ਰਸੀਆ ਅਤੇ ਭਾਈ ਲਖਵੀਰ ਸਿੰਘ ਰਸੀਆ ਅਤੇ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਤੇ ਹੋਰ ਜਥੇ ਇਸ ਮੌਕੇ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਘਰੇਲੂ ਪੈਟਰੋਲ ਬੰਬ ਬਣਾਉਣਾ ਅਤੇ ਵਰਤਣਾ ਸਿੱਖ ਰਹੇ ਨੇ ਯੂਕਰੇਨ ਵਿੱਚ ਆਮ ਨਾਗਰਿਕ





ਇਸ ਸਮੇਂ ਪੂਰੇ ਯੂਕਰੇਨ ਵਿੱਚ ਆਮ ਨਾਗਰਿਕ ਘਰੇਲੂ ਪੈਟਰੋਲ ਬੰਬ ਬਣਾਉਣਾ ਅਤੇ ਵਰਤਣਾ ਸਿੱਖ ਰਹੇ ਹਨ। ਕੀਵ ਦੇ ਪੱਛਮ ਵੱਲ ਇੱਕ ਸ਼ਹਿਰ ਜ਼ਾਇਟੋਮਿਰ ਵਿੱਚ, ਮਰਦਾਂ ਅਤੇ ਔਰਤਾਂ ਦੇ ਇੱਕ ਸਮੂਹ ਨੂੰ ਸਿਖਲਾਈ ਦਿੱਤੀ ਗਈ ਕਿ ਮੋਲੋਟੋਵ ਕਾਕਟੇਲਜ਼ ਨੂੰ ਬਾਲ ਕੇ ਰੂਸੀ ਫੌਜੀ ਦੇ ਨਿਰਧਾਰਿਤ ਨਿਸ਼ਾਨੀਆਂ 'ਤੇ ਕਿਵੇਂ ਸੁੱਟਿਆ ਜਾਵੇ। ਰੂਸ ਫੌਜੀ ਦੇ ਹਮਲੇ ਮੁਕਾਬਲੇ ਦੀ ਤਿਆਰੀ ਲਈ ਸੜਕਾਂ 'ਤੇ ਹੀ ਹਜ਼ਾਰਾਂ ਪੈਟਰੋਲ ਬੰਬ ਬਣਾ ਰਹੇ ਹਨ।

## ਯੂਕਰੇਨ 'ਚ ਮਾਰਿਆ ਗਿਆ ਭਾਰਤ ਦਾ ਇਕ ਵਿਦਿਆਰਥੀ

ਯੂਕਰੇਨ ਵਿੱਚ ਮੰਗਲਵਾਰ ਸਵੇਰੇ ਇੱਕ ਭਾਰਤੀ ਵਿਦਿਆਰਥੀ ਨਵੀਨ ਸ਼ੇਖਰਅੱਪਾ ਦੀ ਮੌਤ ਹੋ ਗਈ ਹੈ। ਵਿਦੇਸ਼ ਮੰਤਰਾਲੇ ਨੇ ਇਸਦੀ ਪੁਸ਼ਟੀ ਕੀਤੀ ਹੈ। ਨਵੀਨ ਦੇ ਸਾਥੀ ਸ੍ਰੀਕਾਂਤ ਨੇ ਮੰਗਲਵਾਰ ਦੀਆਂ ਘਟਨਾਵਾਂ ਅਤੇ ਨਵੀਨ ਦੀ ਮੌਤ ਬਾਰੇ ਦੱਸਿਆ। ਮੌਤ ਤੋਂ ਪਹਿਲਾਂ ਨਵੀਨ ਨੇ ਆਪਣੇ ਨਜ਼ਦੀਕੀ ਦੋਸਤ ਸ੍ਰੀਕਾਂਤ ਨੂੰ ਪੈਸੇ ਟ੍ਰਾਂਸਫਰ ਕਰਨ ਲਈ ਆਖਿਆ ਸੀ ਤਾਂ ਜੋ ਉਹ ਖਾਣਾ ਖਰੀਦ ਸਕੇ।



ਖਾਰਕੀਵ ਤੋਂ ਮੈਡੀਕਲ ਵਿਦਿਆਰਥੀ ਸ੍ਰੀਕਾਂਤ ਨੇ ਦੱਸਿਆ,"ਉਸ ਨੇ ਮੈਨੂੰ ਸਵੇਰੇ ਅੱਠ ਵਜੇ ਫੋਨ ਕੀਤਾ ਅਤੇ ਪੈਸੇ ਲਈ ਆਖਿਆ ਕਿਉਂਕਿ ਉਸਦੇ ਕੋਲ ਖਾਣਾ ਖਰੀਦਣ ਲਈ ਪੈਸੇ ਥੋੜ੍ਹੇ ਘੱਟ ਸਨ। ਉਹ ਸਾਡੇ ਸਾਰਿਆਂ ਵਾਸਤੇ ਖਾਣਾ ਲੈਣ ਗਿਆ ਸੀ।" ਕਰਨਾਟਕ ਦੇ ਹਾਵੇਰੀ ਜ਼ਿਲ੍ਹੇ ਦੇ ਨਵੀਨ ਪਿਛਲੇ ਚਾਰ ਸਾਲ ਤੋਂ ਯੂਕਰੇਨ ਵਿੱਚ ਸਨ।

ਦੱਸਿਆ ਜਾਂਦਾ ਹੈ ਕਿ ਨਵੀਨ ਸਵੇਰੇ ਕਰਫਿਊ ਖ਼ਤਮ ਹੋਣ ਤੋਂ ਬਾਅਦ ਕਰੀਬ ਸਾਢੇ ਛੇ ਵਜੇ ਆਪਣੇ ਬੰਕਰ ਤੋਂ ਬਾਹਰ ਨਿਕਲੇ ਸਨ। ਸ਼ਹਿਰ ਵਿੱਚ ਦੁਪਹਿਰ ਤਿੰਨ ਵਜੇ ਤੋਂ ਸਵੇਰੇ ਛੇ ਵਜੇ ਤੱਕ ਕਰਫਿਊ ਲਗਦਾ ਹੈ। ਨਵੀਨ ਅਤੇ ਸ੍ਰੀਕਾਂਤ ਆਪਣੇ ਦੋਸਤਾਂ ਦੇ ਨਾਲ ਉਥੇ ਹੀ ਰਹਿੰਦੇ ਹਨ। ਇਹ ਬੰਕਰ ਉਨ੍ਹਾਂ ਦੇ ਅਪਾਰਟਮੈਂਟ ਦੇ ਥੱਲੇ ਹੀ ਹੈ। ਉਨ੍ਹਾਂ ਦੇ ਟਿਕਾਣੇ ਤੋਂ ਸੁਪਰਮਾਰਕੀਟ ਤਕਰੀਬਨ 50 ਮੀਟਰ ਦੀ ਦੂਰੀ 'ਤੇ ਹੈ।

## ਵਲਾਦੀਮੀਰ ਪੂਤਿਨ ਦੀ ਚਿਤਾਵਨੀ

ਰੂਸ ਦੇ ਰਾਸ਼ਟਰਪਤੀ ਦੇ ਬਿਆਨਾਂ ਉਪਰ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਨੇ ਟੈਲੀਵਿਜ਼ਨ ਰਾਹੀਂ ਖ਼ਾਸ ਫ਼ੌਜੀ ਅਭਿਆਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਸੀ। ਅਸਲ ਵਿੱਚ ਇਹ ਪੂਰੀ ਸਖ਼ਤੀ ਨਾਲ ਯੂਕਰੇਨ ਉਪਰ ਹਮਲਾ ਸੀ। ਇਸੇ ਦੌਰਾਨ ਉਨ੍ਹਾਂ



ਨੇ ਇੱਕ ਚਿਤਾਵਨੀ ਵੀ ਦਿੱਤੀ ਸੀ-ਜੇ ਕੋਈ ਵੀ ਬਾਹਰ ਦਾ ਇਸ ਵਿੱਚ ਦਖਲਅੰਦਾਜ਼ੀ ਕਰਨ ਦੀ ਸੋਚੇਗਾ,ਤਾਂ ਉਸ ਨੂੰ ਅਜਿਹੇ ਨਤੀਜੇ ਭੁਗਤਣੇ ਪੈਣਗੇ ਜੋ ਉਸ ਨੇ ਕਦੇ ਇਤਿਹਾਸ ਵਿਚ ਦੇਖੇ ਨਹੀਂ ਹੋਣਗੇ। ਨੋਬਲ ਸ਼ਾਂਤੀ ਪੁਰਸਕਾਰ ਜੇਤੂ ਅਤੇ ਲੁਭਾਇਆ ਗਜ਼ਟ ਅਖ਼ਬਾਰ ਦੇ ਮੁੱਖ ਸੰਪਾਦਕ ਦਮਿੱਤਰੀ ਮੁਰਾਤੋਵ ਮੁਤਾਬਕ, "ਪੁਤਿਨ ਦੇ ਸ਼ਬਦ ਪਰਮਾਣੂ ਹਮਲੇ ਦੀ ਸਿੱਧੀ ਧਮਕੀ ਵਰਗੇ ਲੱਗ ਰਹੇ ਸਨ।" ਉਨ੍ਹਾਂ ਨੇ ਕਿਹਾ, "ਉਸ ਟੀਵੀ ਸੰਬੋਧਨ ਵਿੱਚ ਪੁਤਿਨ ਸਿਰਫ਼ ਕ੍ਰੈਮਲਿਨ ਦੇ ਨੇਤਾ ਵਾਂਗ ਨਹੀਂ ਬਲਕਿ ਇਸ ਗ੍ਰਹਿ ਦੇ ਮੁਖੀ ਵਾਂਗ ਗੱਲ ਕਰ ਰਹੇ ਸਨ। ਜਿਵੇਂ ਕਿਸੇ ਗੱਡੀ ਦਾ ਮਾਲਕ ਆਪਣੀ ਉਂਗਲੀਆਂ ਵਿੱਚ ਚਾਬੀਆਂ ਦੇ ਛੱਲੇ ਨੂੰ ਘੁਮਾਉਂਦਾ ਹੈ, ਪੁਤਿਨ ਉਸੇ ਤਰ੍ਹਾਂ ਪ੍ਰਮਾਣੂ ਬਟਨ ਘੁਮਾ ਰਹੇ ਸਨ।"

ਉਨ੍ਹਾਂ ਨੇ ਕਈ ਵਾਰ ਆਖਿਆ ਹੈ ਕਿ ਜੇਕਰ ਰੂਸ ਨਹੀਂ ਰਹੇਗਾ ਤਾਂ ਫਿਰ ਸਾਨੂੰ ਇਸ ਗ੍ਰਹਿ ਦੀ ਕੀ ਲੋੜ ਹੈ। ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਇਹ ਬਹੁਤ ਵੱਡਾ ਖਤਰਾ ਹੈ ਕਿ ਜੇਕਰ ਰੂਸ ਨਾਲ ਉਸ ਦੇ ਮਨ ਮੁਤਾਬਕ ਵਤੀਰਾ ਨਾ ਕੀਤਾ ਗਿਆ ਤਾਂ ਸਭ ਕੁਝ ਬਰਬਾਦ ਹੋ ਜਾਵੇਗਾ।

### ਰੂਸ ਤੋਂ ਬਿਨਾਂ ਦੁਨੀਆਂ ਦਾ ਕੀ ਮਤਲਬ

ਸਾਲ 2018 ਦੌਰਾਨ ਇੱਕ ਡਾਕੂਮੈਂਟਰੀ ਵਿੱਚ ਰਾਸ਼ਟਰਪਤੀ ਪੁਤਿਨ ਨੇ ਟਿੱਪਣੀ ਕੀਤੀ ਸੀ ਕਿ, "ਜੇ ਕੋਈ ਰੂਸ ਨੂੰ ਖ਼ਤਮ ਕਰਨ ਦਾ ਫ਼ੈਸਲਾ ਕਰਦਾ ਹੈ, ਤਾਂ ਉਸ ਦਾ ਜਵਾਬ ਦੇਣ ਦਾ ਸਾਨੂੰ ਕਾਨੂੰਨੀ ਹੱਕ ਹੈ। ਹਾਂ, ਇਹ ਦੁਨੀਆਂ ਅਤੇ ਮਨੁੱਖਤਾ ਲਈ ਇੱਕ ਮੁਸੀਬਤ ਹੋਵੇਗੀ। ਮੈਂ ਰੂਸ ਦਾ ਨਾਗਰਿਕ ਹਾਂ ਅਤੇ ਰਾਸ਼ਟਰਪਤੀ ਵੀ। ਤੁਹਾਨੂੰ ਅਜਿਹੀ ਦੁਨੀਆਂ ਦੀ ਲੋੜ ਹੀ ਕਿਉਂ ਹੈ ਜਿਸ ਵਿੱਚ ਰੂਸ ਨਾ ਹੋਵੇ।" ਹੁਣ ਜੇਕਰ 2022 ਦੀ ਗੱਲ ਕੀਤੀ ਜਾਵੇ ਤਾਂ ਪੁਤਿਨ ਨੇ ਯੂਕਰੇਨ ਖ਼ਿਲਾਫ਼ ਪੂਰੀ ਸ਼ਕਤੀ ਨਾਲ ਜੰਗ ਛੇੜੀ ਹੈ। ਯੂਕਰੇਨ ਦੀਆਂ ਫੌਜਾਂ ਇਸ ਦਾ ਵਿਰੋਧ ਵੀ ਕਰ ਰਹੀਆਂ ਹਨ। ਰੂਸ ਉੱਪਰ ਦੂਸਰੇ ਦੇਸ਼ਾਂ ਵੱਲੋਂ ਅਰਥਵਿਵਸਥਾ ਨੂੰ ਪ੍ਰਭਾਵਿਤ ਕਰਨ ਲਈ ਪਾਬੰਦੀਆਂ ਵੀ ਲਗਾਈਆਂ ਗਈਆਂ ਹਨ। ਕਈ ਪੱਛਮੀ ਦੇਸ਼ ਯੂਕਰੇਨ ਦੇ ਹੱਕ ਵਿੱਚ ਖੜ੍ਹੇ ਹੋ ਗਏ ਹਨ। ਹੋ ਸਕਦਾ ਹੈ ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਪੁਤਿਨ ਦੀ ਵਿਰਾਸਤ ਖਤਰੇ ਵਿੱਚ ਆ ਜਾਵੇ। ਮਾਸਕੋ ਸਥਿਤ ਰੱਖਿਆ ਮਾਹਿਰ ਪਾਵਿਲ ਫਲਗਨਾਰ ਦਾ ਕਹਿਣਾ ਹੈ, "ਪੁਤਿਨ ਔਖੇ ਹਾਲਾਤਾਂ ਵਿੱਚ ਹਨ। ਉਨ੍ਹਾਂ ਕੋਲ ਜ਼ਿਆਦਾ ਰਾਹ ਨਹੀਂ ਬਚੇ। ਜੇਕਰ ਪੱਛਮੀ ਦੇਸ਼ਾਂ ਨੇ ਰੂਸ ਦੇ ਕੇਂਦਰੀ ਬੈਂਕ ਨੂੰ ਫਰੀਜ਼ ਕਰ ਦਿੱਤਾ ਤਾਂ ਰੂਸ ਦੀ ਅਰਥਵਿਵਸਥਾ ਖ਼ਤਰੇ ਵਿੱਚ ਆ ਜਾਵੇਗੀ ਅਤੇ ਹਾਲਾਤ ਵਿਗੜ ਜਾਣਗੇ।"

## ਸਖਤ ਪਾਬੰਦੀਆਂ ਲਗਾ ਕੇ ਰੂਸ ਦਾ ਲੱਕ ਤੋੜਾਂਗੇ- ਬਾਇਡਨ

(ਸਫਾ 1 ਦੀ ਬਾਕੀ)

ਕਿ ਉਹ ਇਸ ਨੂੰ ਆਪਣੇ ਡਰਾਉਣੇ ਤਰੀਕਿਆਂ ਨਾਲ ਮੋੜ ਸਕਦੇ ਹਨ।" "ਪਰ ਉਨ੍ਹਾਂ ਨੇ ਗਲਤ ਹਿਸਾਬ ਲਗਾਇਆ"।

ਬਾਇਡਨ ਨੇ ਆਪਣੇ ਯੂਕਰੇਨੀ ਹਮਰੁਤਬਾ ਵੋਲੋਦੀਮੀਰ ਜ਼ੇਲੇਂਸਕੀ ਅਤੇ ਯੂਕਰੇਨੀ ਨਾਗਰਿਕਾਂ ਦੀ "ਉਨ੍ਹਾਂ ਦੀ ਨਿਡਰਤਾ, ਉਨ੍ਹਾਂ ਦੀ ਹਿੰਮਤ, ਉਨ੍ਹਾਂ ਦੀ ਦ੍ਰਿੜਤਾ, .ਜੋ॥ ਦੁਨੀਆ ਨੂੰ ਪ੍ਰੇਰਿਤ ਕਰਦੀ ਹੈ" ਲਈ ਸ਼ਲਾਘਾ ਕੀਤੀ। ਉਨ੍ਹਾਂ ਨੇ ਅਮਰੀਕਾ ਵਿੱਚ ਯੂਕਰੇਨ ਦੇ ਰਾਜਦੂਤ, ਜੋ ਚੈਂਬਰ ਵਿੱਚ ਬੈਠੇ ਸਨ, ਨੂੰ ਖੜ੍ਹੇ ਹੋਣ ਅਤੇ ਪਛਾਣੇ ਜਾਣ ਲਈ ਕਿਹਾ। ਰਾਸ਼ਟਰ-ਪਤੀ ਬਾਇਡਨ ਨੇ ਕਿਹਾ ਕਿ ਅਮਰੀਕਾ ਅਤੇ ਨਾਟੋ ਨੇ ਦਿਖ-ਾਇਆ ਹੈ ਕਿ ਪੱਛਮ ਯੂਕਰੇਨ ਦੇ ਨਾਲ ਖੜ੍ਹਾ ਹੈ। ਉਨ੍ਹਾਂ ਹਮਲੇ ਦੀ ਨਿੰਦਾ ਕਰਦਿਆਂ ਕਿਹਾ, ਇਤਿਹਾਸ ਨੇ ਦਿਖਾਇਆ ਹੈ ਕਿ "ਜਦੋਂ ਤਾਨਾਸ਼ਾਹ ਆਪਣੇ ਹਮਲੇ ਦੀ ਕੀਮਤ ਅਦਾ ਨਹੀਂ ਕਰਦੇ, ਤਾਂ ਉਹ ਹੋਰ ਅਰਾਜਕਤਾ ਪੈਦਾ ਕਰਦੇ ਹਨ"। "ਪੁਤਿਨ ਗਲਤ ਸੀ। ਅਸੀਂ ਤਿਆਰ ਸੀ"।

### ਦੱਖਣੀ ਸ਼ਹਿਰ ਖੇਰਸਨ 'ਤੇ ਰੂਸ ਦਾਂ ਕਬਜ਼ਾਂ

ਯੂਕਰੇਨ ਵਿੱਚ ਲੜਾਈ ਅਜੇ ਵੀ ਜਾਰੀ ਹੈ ਅਤੇ ਇਸ ਦੌਰਾਨ ਦੇਸ਼ ਦੇ ਦੱਖਣੀ ਸ਼ਹਿਰ ਖੇਰਸਨ 'ਤੇ ਕਥਿਤ ਤੌਰ 'ਤੇ ਰੂਸੀਆਂ ਦੇ ਕਬਜ਼ੇ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਸ਼ਹਿਰ ਦੇ ਮੇਅਰ ਕੌਮੀ ਸਰਕਾਰ ਅਤੇ ਸਹਾਇਤਾ ਏਜੰਸੀਆਂ ਤੋਂ ਮਦਦ ਦੀ ਅਪੀਲ ਕਰ ਰਹੇ ਹਨ ਤਾਂ ਜੋ ਭੋਜਨ ਅਤੇ ਦਵਾਈਆਂ ਸਮੇਤ ਜ਼ਰੂਰੀ ਸਪਲਾਈ ਅਤੇ ਜ਼ਖਮੀਆਂ ਨੂੰ ਬਾਹਰ ਕੱਢਣ ਨੂੰ ਯਕੀਨੀ ਬਣਾਇਆ ਜਾ ਸਕੇ। ਸਥਾਨਕ ਕੌਂਸਲ ਦੇ ਇੱਕ ਮੈਂਬਰ ਨੇ ਦੱਸਿਆ ਕਿ 200 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਆਮ ਨਾਗਰਿਕ ਸਨ।

ਇਸ ਦੌਰਾਨ, ਯੂਕਰੇਨ ਦੇ ਉੱਤਰ-ਪੱਛਮ ਵਿੱਚ ਜ਼ਾਇਟੋਮਿਅਰ ਸ਼ਹਿਰ ਵਿੱਚ, ਐਮਰਜੈਂਸੀ ਕਰਮਚਾਰੀ ਇੱਕ ਮਿਜ਼ਾਈਲ ਹਮਲੇ ਨਾਲ ਪ੍ਰਭਾਵਿਤ ਰਿਹਾਇਸ਼ੀ ਇਮਾਰਤਾਂ ਵਿੱਚ ਅੱਗ ਨਾਲ ਨਜਿੱਠ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ (ਇਸ ਹਮਲੇ 'ਚ) ਚਾਰ ਲੋਕ ਮਾਰੇ ਗਏ ਸਨ।

## ਰੂਸੀ ਵਿਦੇਸ਼ ਮੰਤਰੀ ਲਾਵਰੋਵ ਨੇ ਦਿੱਤੀ ਵਿਸ਼ਵ ਯੁੱਧ ਦੀ ਚਿਤਾਵਨੀ

(ਸਫਾ 1 ਦੀ ਬਾਕੀ)

ਹਮਲੇ ਦੇ ਸੱਤਵੇਂ ਦਿਨ ਰਾਜਧਾਨੀ ਕੀਵ 'ਤੇ ਕਬਜ਼ਾ ਕਰਨ 'ਚ ਨਾਕਾਮ ਰੂਸੀ ਫ਼ੌਜ ਨੇ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ। ਹੁਣ ਉਹ ਨਾਗਰਿਕ ਇਲਾਕਿਆਂ 'ਚ ਹਮਲੇ ਕਰਨ 'ਚ ਵੀ ਪਰਹੇਜ਼ ਨਹੀਂ ਕਰ ਰਹੀ। ਪਰਮਾਣੂ ਹਥਿਆਰਾਂ ਨੂੰ ਹਾਈ ਅਲਰਟ ਕਰਨ ਤੋਂ ਬਾਅਦ ਬੁੱਧਵਾਰ ਨੂੰ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਤੀਜੇ ਵਿਸ਼ਵ ਯੁੱਧ ਦੀ ਚਿਤਾਵਨੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਵਿਸ਼ਵ ਯੁੱਧ ਛਿੜਿਆ ਤਾਂ ਉਸ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਹੋਣੀ ਨਿਸ਼ਚਿਤ ਹੈ, ਇਸ ਕਾਰਨ ਦੁਨੀਆ 'ਚ ਮਹਾ-ਤਬਾਹੀ ਹੋਵੇਗੀ। ਇਸ ਦੌਰਾਨ ਪਰਮਾਣੂ ਹਥਿਆਰਾਂ ਨਾਲ ਲੈਸ ਰੂਸ ਦੀ ਪਣਡੁੱਬੀ ਬੈਰੇਂਟਸ ਸਾਗਰ 'ਚ ਗ਼ਸ਼ਤ ਕਰਦੀ ਹੋਈ ਦੇਖੀ ਗਈ ਹੈ। ਰਾਸ਼ਟਰਪਤੀ ਪੁਤਿਨ ਦੇ ਹਾਈ ਅਲਰਟ ਦੇ ਆਦੇਸ਼ ਪਿੱਛੋਂ ਰੂਸ ਦੇ ਪਰਮਾਣੂ ਹਥਿਆਰ ਹਮਲੇ ਲਈ ਤਿਆਰ ਸਥਿਤੀ 'ਚ ਹਨ। ਰੂਸ ਨੇ ਯੂਕਰੇਨ 'ਚ ਹਥਿਆਰਾਂ ਦੀ ਸਪਲਾਈ ਕਰ ਰਹੇ ਨਾਟੋ ਦੇ ਦੇਸ਼ਾਂ 'ਤੇ ਹਮਲੇ ਨਾ ਕਰਨ ਦੀ ਗਾਰੰਟੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਜਦਕਿ ਵਾਸ਼ਿੰਗਟਨ 'ਚ ਅਮਰੀਕੀ ਸੰਸਦ ਨੂੰ ਸੰਬੋਧਨ ਕਰਦੇ ਹੋਏ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਰੂਸ ਨੂੰ ਯੂਕਰੇਨ 'ਤੇ ਹਮਲੇ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਯੂਕਰੇਨ ਦੀ ਪੂਰੀ ਮਦਦ ਦਾ ਐਲਾਨ ਕੀਤਾ ਹੈ।

ਯੂਕਰੇਨੀ ਨਾਗਰਿਕਾਂ ਨੂੰ ਘਰ ਛੱਡ ਕੇ ਭੱਜ ਜਾਣ ਦੇ ਸੰਦੇਸ਼ ਦੇਣ ਪਿੱਛੋਂ ਰੂਸ ਨੇ ਮੰਗਲਵਾਰ ਰਾਤ ਤੋਂ ਰਾਜਧਾਨੀ ਕੀਵ, ਖਾਰਕੀਵ ਤੇ ਹੋਰ ਪ੍ਰਮੁੱਖ ਸ਼ਹਿਰਾਂ 'ਤੇ ਹਮਲੇ ਤੇਜ਼ ਕਰ ਦਿੱਤੇ। ਪਤਾ ਲੱਗਾ ਹੈ ਕਿ 15 ਲੱਖ ਦੀ ਆਬਾਦੀ ਵਾਲੇ ਖਾਰਕੀਵ ਦੇ ਕੁਝ ਇਲਾਕਿਆਂ 'ਚ ਰੂਸੀ ਪੈਰਾਟਰੂਪਰ ਵੀ ਉਤਰ ਚੁੱਕੇ ਹਨ ਤੇ ਉੱਥੇ ਉਨ੍ਹਾਂ ਦੀ ਯੂਕਰੇਨੀ ਫ਼ੌਜੀਆਂ ਨਾਲ ਆਹਮੋ-ਸਾਹਮਣੇ ਦੀ ਲੜਾਈ ਹੋ ਰਹੀ ਹੈ। ਪਿਛਲੇ 24 ਘੰਟਿਆਂ 'ਚ ਖਾਰਕੀਵ 'ਚ 21 ਲੋਕਾਂ ਦੇ ਮਾਰੇ ਜਾਣ ਤੇ 112 ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮਾਰੀਪੋਲ ਸ਼ਹਿਰ 'ਚ ਵੀ ਲੜਾਈ ਤੇਜ਼ ਹੋਣ ਦੀ ਖ਼ਬਰ ਹੈ। ਕੀਵ 'ਚ ਮੰਗਲਵਾਰ ਰਾਤ ਯਹੂਦੀਆਂ ਦੇ ਬੇਬੀਨ ਯਾਰ ਹੋਲੋਕਾਸਟ ਮੈਮੋਰੀਅਲ ਦੇ ਨਜ਼ਦੀਕ ਸਥਿਤ ਟੀਵੀ ਟਾਵਰ 'ਤੇ ਰੂਸੀ ਹਮਲੇ 'ਚ ਪੰਜ ਲੋਕ ਮਾਰੇ ਗਏ ਸਨ। ਇਸ ਪਿੱਛੋਂ ਜਾਰੀ ਸੰਦੇਸ਼ 'ਚ ਜ਼ੇਲੈਂਸਕੀ ਨੇ ਲੋਕਾਂ ਨੂੰ ਬਹਾਦਰੀ ਨਾਲ ਹਮਲੇ ਦਾ ਮੁਕਾਬਲਾ ਕਰਨ ਦਾ ਸੱਦਾ ਦਿੱਤਾ। ਪੱਛਮੀ ਦੇਸ਼ਾਂ ਦੇ ਰਣਨੀਤਕ ਮਾਹਿਰਾਂ ਦਾ ਅਨੁਮਾਨ ਹੈ ਕਿ ਰੂਸ ਨੇ ਹੁਣ ਆਪਣੀ ਰਣਨੀਤੀ ਬਦਲਦੇ ਹੋਏ ਇਮਾਰਤਾਂ 'ਤੇ ਹਮਲੇ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਨਾਗਰਿਕਾਂ ਦੀ ਜਾਨ ਜਾ ਸਕਦੀ ਹੈ ਤੇ ਵੱਡੇ ਪੱਧਰ 'ਤੇ ਬਰਬਾਦੀ ਹੋ ਸਕਦੀ ਹੈ। ਰੂਸ ਦੀ ਰਣਨੀਤੀ 'ਚ ਇਹ ਬਦਲਾਅ ਯੂਕਰੇਨ 'ਚ ਸਖ਼ਤ ਵਿਰੋਧ ਝੱਲਣ ਤੋਂ ਬਾਅਦ ਹੋਇਆ ਹੈ। ਰੂਸੀ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਕਿਹਾ ਕਿ ਯੂਕਰੇਨ 'ਚ ਟੀਚਾ ਹਾਸਲ ਹੋਣ ਤਕ ਹਮਲੇ ਜਾਰੀ ਰਹਿਣਗੇ। ਉਨ੍ਹਾਂ ਜੰਗ ਦੀ ਸਮਾਂ ਹੱਦ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ।

### ਖਟਾਈ 'ਚ ਪਈ ਰੂਸ-ਯੂਕਰੇਨ ਦੀ ਗੱਲਬਾਤ

ਬੁੱਧਵਾਰ ਨੂੰ ਰੂਸ ਤੇ ਯੂਕਰੇਨ ਦਰਮਿਆਨ ਹੋਣ ਵਾਲੀ ਦੂਜੇ ਦੌਰ ਦੀ ਗੱਲਬਾਤ ਖਟਾਈ 'ਚ ਪੈ ਗਈ ਹੈ। ਰੂਸੀ ਵਫ਼ਦ ਗੱਲਬਾਤ ਲਈ ਤਿਆਰ ਹੈ ਤੇ ਉਹ ਬੇਲਾਰੂਸ ਪੁੱਜ ਗਿਆ ਹੈ ਪਰ ਯੂਕਰੇਨ ਆਪਣਾ ਵਫ਼ਦ ਭੇਜਣ ਦਾ ਚਾਹਵਾਨ ਨਹੀਂ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲਦੋਮਿਰ ਜ਼ੇਲੈਂਸਕੀ ਨੇ ਕਿਹਾ ਹੈ ਕਿ ਰੂਸੀ ਹਮਲਿਆਂ ਵਿਚਾਲੇ ਸ਼ਾਂਤੀ ਲਈ ਗੱਲਬਾਤ ਕਰਨਾ ਸਮੇਂ ਦੀ ਬਰਬਾਦੀ ਹੈ। ਜੇਕਰ ਗੱਲਬਾਤ ਕਰਨੀ ਹੈ ਤਾਂ ਰੂਸ ਪਹਿਲਾਂ ਹਮਲੇ ਬੰਦ ਕਰੇ।

### ਯੂਕਰੇਨ ਨੂੰ ਪਰਮਾਣੂ ਹਥਿਆਰ ਨਹੀਂ ਬਣਾਉਣ ਦਿਆਂਗੇ: ਲਾਵਰੋਵ

ਰੂਸੀ ਜਹਾਜ਼ਾਂ ਦੀ ਹਵਾਈ ਹੱਦ 'ਚ ਦਾਖ਼ਲੇ 'ਤੇ ਪਾਬੰਦੀ ਦੇ ਕਾਰਨ ਬੁੱਧਵਾਰ ਨੂੰ ਜਨੇਵਾ 'ਚ ਪਰਮਾਣੂ ਨਿਰਸਤਰੀਕਰਨ 'ਤੇ ਹੋਈ ਬੈਠਕ 'ਚ ਰੂਸ ਦੇ ਵਿਦੇਸ਼ ਮੰਤਰੀ ਲਾਵਰੋਵ ਵੀਡੀਓ ਲਿੰਕ ਜ਼ਰੀਏ ਸ਼ਾਮਲ ਹੋਏ। ਉੱਥੇ ਉਨ੍ਹਾਂ ਕਿਹਾ ਕਿ ਯੂਕਰੇਨ ਕੋਲ ਸੋਵੀਅਤ ਯੂਨੀਅਨ ਦੇ ਸਮੇਂ ਤੋਂ ਪਰਮਾਣੂ ਹਥਿਆਰ ਬਣਾਉਣ ਦੀ ਤਕਨੀਕ ਹੈ। ਇਸ ਕਾਰਨ ਉਹ ਪਰਮਾਣੂ ਹਥਿਆਰ ਬਣਾ ਸਕਦਾ ਹੈ। ਲਾਵਰੋਵ ਨੇ ਕਿਹਾ ਕਿ ਰੂਸ ਯੂਕਰੇਨ ਨੂੰ ਪਰਮਾਣੂ ਹਥਿਆਰ ਨਹੀਂ ਬਣਾਉਣ ਦੇਵੇਗਾ। ਲਾਵਰੋਵ ਨੇ ਜਿਵੇਂ ਹੀ ਭਾਸ਼ਣ ਦੇਣਾ ਸ਼ੁਰੂ ਕੀਤਾ, ਉਸੇ ਵੇਲੇ ਹਾਲ 'ਚ ਮੌਜੂਦ ਵੱਖ ਵੱਖ ਦੇਸ਼ਾਂ ਦੇ 100 ਤੋਂ ਜ਼ਿਆਦਾ ਕੂਟਨੀਤਕਾਂ ਨੇ ਵਿਰੋਧ ਪ੍ਰਗਟਾਉਂਦੇ ਹੋਏ ਕੁਰਸੀ ਛੱਡ ਕੇ ਬਾਹਰ ਚਲੇ ਗਏ।

### ਰੂਸੀ ਹਮਲੇ 'ਚ ਦੋ ਹਜ਼ਾਰ ਤੋਂ ਜ਼ਿਆਦਾ ਮਰੇ

ਯੂਕਰੇਨ ਦੀ ਐਮਰਜੈਂਸੀ ਸੇਵਾ ਨੇ ਕਿਹਾ ਹੈ ਕਿ ਰੂਸੀ ਹਮਲੇ ਨਾਲ ਹਾਲੀਆ ਦੋ ਹਜ਼ਾਰ ਤੋਂ ਜ਼ਿਆਦਾ ਨਾਗਰਿਕ ਮਾਰੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਵੱਡੇ ਪੱਧਰ 'ਤੇ ਆਵਾਜਾਈ ਸਹੂਲਤ, ਹਸਪਤਾਲ, ਸਕੂਲ, ਨਿਵਾਸ ਆਦਿ ਨੂੰ ਨੁਕਸਾਨ ਪਹੁੰਚਿਆ ਹੈ। ਰੂਸੀ ਹਮਲਿਆਂ 'ਚ ਬੱਚੇ, ਔਰਤਾਂ ਤੇ ਫ਼ੌਜੀ ਹਰ ਘੰਟੇ ਮਾਰੇ ਜਾ ਰਹੇ ਹਨ। ਰੂਸੀ ਹਮਲੇ ਤੋਂ ਬਾਅਦ ਕਰੀਬ ਸੱਤ ਲੱਖ ਲੋਕਾਂ ਦਾ ਯੂਕਰੇਨ ਤੋਂ ਹਿਜਰਤ ਹੋਈ ਹੈ। ਇਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਸਾਢੇ ਚਾਰ ਲੱਖ ਲੋਕ ਗੁਆਂਢ ਦੇ

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਦੀਪ ਸਿੱਧੂ ਦੇ ਨਮਿਤ ਸੰਗਤਾਂ ਨੇ ਕੀਤੀ ਅਰਦਾਸ













**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚਲਾਏ ਜਾ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਕੈਲੀਫੋਰਨੀਆਂ ਵਿਖੇ ਕਿਰਸਾਨ ਸੰਘਰਸ਼ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਅਗਵਾਈ ਕਰਨ ਵਾਲੇ ਪੰਜਾਬੀਅਤ ਆਗੂ ਦੀਪ ਸਿੱਧੂ ਨੂੰ ਸਰਧਾਂਜਲੀਆਂ ਭੇਟ ਕਰਦੇ ਹੋਏ ਅਰਦਾਸ ਕੀਤੀ ਗਈ। ਦੀਪ ਸਿੱਧੂ ਦੀ ਸੜਕ ਹਾਦਸੇ ਵਿੱਚ ਮੌਤ ਤੋਂ ਬਾਅਦ ਸਮੁੱਚੇ ਭਾਈਚਾਰੇ ਦੇ ਉਸ ਨੂੰ ਚਾਹੁਣ ਵਾਲਿਆਂ ਵਿੱਚ ਭਾਰਤ ਸਰਕਾਰ ਪ੍ਰਤੀ ਕਾਫੀ ਰੋਸ਼ ਪਾਇਆ ਜਾ ਰਿਹਾ ਹੈ। ਦੀਪ ਸਿੱਧੂ ਪ੍ਰਤੀ ਬੇਸ਼ੱਕ ਕੁਝ ਲੋਕਾ ਵਿੱਚ ਨਿਰਾਸਤਾ ਰਹੀ, ਪਰ ਉਸ ਦੀ ਪੰਜਾਬੀ ਭਾਈਚਾਰੇ ਅਤੇ ਸਿੱਖ ਧਰਮ ਨੂੰ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਬੁਲਾਰਿਆ ਅਨੁਸਾਰ ਦੀਪ ਸਿੱਧੂ, ਬਹੁਤ ਲੰਮੇ ਸਮੇਂ ਬਾਅਦ ਕੌਮ ਨੂੰ ਇਕ ਨਿੱਧੜਕ ਆਗੂ ਮਿ-ਲਆ ਸੀ, ਜਿਸ ਨੇ ਸਿੱਖ ਕੌਮ ਦੇ ਨਾਲ-ਨਾਲ ਨੌਜਵਾਨਾਂ ਨੂੰ ਆਪਣੇ ਨਾਲ ਤੋਰਿਆ। ਉਹ ਆਪਣੀ ਗੱਲ ਦਲੀਲ ਨਾਲ ਕਹਿਣ ਦੀ ਹਿੰਮਤ ਰੱਖਦਾ ਸੀ। ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣ ਗਿਆ ਸੀ ਅਤੇ ਜੋ ਕਿ ਭਾਰਤ ਸਰਕਾਰ ਪਸੰਦ ਨਾ ਕਰ ਸਕੀ। ਉਸਦੀ ਸੜਕ ਹਾਦਸੇ ਵਿੱਚ ਹੋਈ ਮੌਤ ਸੰਬੰਧੀ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਜਿੱਥੇ ਦੀਪ ਸਿੱਧੂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ, ਉੱਥੇ ਸਿੱਖ ਧਰਮ ਦੀ ਚੜਦੀਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਹੋਈ। ਅੰਤ ਦੀਪ ਸਿੱਧੂ ਦੀਆਂ ਪੰਜਾਬੀਅਤ ਅਤੇ ਕੌਮ ਪ੍ਰਤੀ ਯਾਦਾ ਨੂੰ ਸਾਝਾ ਕਰਦਾ ਇਹ ਸਮਾਗਮ ਸਮਾਪਤ ਹੋਇਆ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਅਮਰੀਕੀ ਟਰੱਕ ਡਰਾਈਵਰ ਵੀ ਕਰ ਰਹੇ ਨੇ ਪ੍ਰਦਰਸ਼ਨ

**ਵਾਸ਼ਿੰਗਟਨ–** ਕੈਨੇਡਾ ’ਚ ਹੋਏ ਪ੍ਰਦਰਸ਼ਨ ਤੋਂ ਪ੍ਰੇਰਿਤ ਅਮਰੀਕੀ ਟਰੱਕ ਡਰਾਈਵਰਾਂ ਨੇ ਵੀ ਵਿਰੋਧ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ। ਕੋਵਿਡ-19 ਦੀ ਰੋਕਥਾਮ ਦੀਆਂ ਪਾਬੰਦੀਆਂ ਦੇ ਵਿਰੋਧ ’ਚ ਡਰਾਈਵਰਾਂ ਦਾ ਇਕ ਸਮੂਹ ਬੁੱਧ-ਵਾਰ ਨੂੰ ਕੈਲੀਫੋਰਨੀਆ ਤੋਂ ਵਾਸ਼ਿੰਗਟਨ ਲਈ ਰਵਾਨਾ ਹੋ ਗਿਆ। ਇਨ੍ਹਾਂ ਪਾਬੰਦੀਆਂ ਦੇ ਵਿਰੋਧ ’ਚ ਕੈਨੇਡਾ ’ਚ ਵੱਡੇ ਪੈਮਾਨੇ ’ਤੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ, ਜਿਸ ਨਾਲ ਰਾਜਧਾਨੀ ਓਟਾਵਾ ਪੂਰੀ ਤਰ੍ਹਾਂ ਜਾਮ ਰਹੀ। ਕੈਨੇਡਾ ’ਚ ਪ੍ਰਦਰਸ਼ਨ ਖ਼ਤਮ ਹੋਣ ’ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਮਰਜੈਂਸੀ ਖ਼ਤਮ ਕਰ ਦਿੱਤੀ ਹੈ। ਇਧਰ, ਅਮਰੀਕਾ ’ਚ ਟਰੱਕ ਡਰਾਈਵਰਾਂ ਦੇ ਪ੍ਰਦਰਸ਼ਨ ਨਾਲ ਨਜਿੱਠਣ ਲਈ ਬਾਇਡਨ ਪ੍ਰਸ਼ਾਸਨ ਨੇ ਪੂਰੀ ਤਿਆਰੀ ਕੀਤੀ ਹੈ। ਟਰੱਕ ਡਰਾਈਵਰ ਕੋਵਿਡ-19 ਵੈਕਸੀਨ ਅਤੇ ਮਾਸਕ ਦੀ ਜ਼ਰੂਰਤ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ। ਇਸ ਪ੍ਰਦਰਸ਼ਨ ਵਿਚ 18 ਪਹੀਆਂ ਵਾਲੇ ਦੋ ਦਰਜਨ ਟਰੱਕਾਂ ਨਾਲ 50 ਹੋਰ ਵਾਹਨ ਸ਼ਾਮਲ ਹਨ। 4,000 ਕਿਲੋਮੀਟਰ ਦੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਨੇਵਾਦਾ ’ਚ ਟਰੱਕ ਚਾਲਕ ਰੋਨ ਕੋਲੇਮੈਨ ਨੇ ਕਿਹਾ, ‘ਇਹ ਸਾਡੀ ਆਜ਼ਾਦੀ, ਸਾਡੇ ਮਨੁੱਖ ਅਧਿਕਾਰਾਂ ਲਈ ਹੈ। ਹੁਣ ਬਹੁਤ ਹੋ ਚੁੱਕਾ ਹੈ।’ ਇਕ ਹੋਰ ਟਰੱਕ ਚਾਲਕ ਨੇ ਕਿਹਾ ਕਿ ਸਮੂਹ ਐਮਰਜੈਂਸੀ ਸਥਿਤੀ ਖ਼ਤਮ ਕਰਨ ਦਾ ਵੀ ਦਬਾਅ ਬਣਾ ਰਿਹਾ ਹੈ।



# ਵੀਜ਼ਾ ਬਿਨੈਕਾਰ ਭਾਰਤੀਆਂ ਨੂੰ 31 ਦਸੰਬਰ ਤੱਕ ਇੰਟਰਵਿਊ ਤੋਂ ਛੋਟ

**ਵਾਸ਼ਿੰਗਟਨ–** ਅਮਰੀਕਾ ਨੇ ਇਸ ਸਾਲ 31 ਦਸੰਬਰ ਤੱਕ ਆਪਣੀਆਂ ਅੰਬੈਸੀਆਂ ’ਚ ਵਿਦਿਆਰਥੀਆਂ ਤੇ ਕਾਮਿਆਂ ਸਮੇਤ ਕਈ ਵੀਜ਼ਾ ਬਿਨੈਕਾਰਾਂ ਲਈ ਨਿੱਜੀ ਤੌਰ ’ਤੇ ਪੇਸ਼ ਹੋ ਕੇ ਇੰਟਰਵਿਊ ਦੇਣ ਦੀ ਜ਼ਰੂਰੀ ਸ਼ਰਤ ਤੋਂ ਛੋਟ ਦੇ ਦਿੱਤੀ ਹੈ। ਅਮਰੀਕਾ ਦੇ ਇਕ ਸੀਨੀਅਰ ਡਿਪਲੋਮੈਟ ਨੇ ਭਾਰਤੀ ਭਾਈਚਾਰੇ ਦੇ ਨੇਤਾਵਾਂ ਨੂੰ ਦੱਸਿਆ ਕਿ ਜਿਨ੍ਹਾਂ ਬਿਨੈਕਾਰਾਂ ਨੂੰ ਛੋਟ ਮਿਲੀ ਹੈ, ਉਨ੍ਹਾਂ ’ਚ ਵਿਦਿਆਰਥੀ (ਐੱਫ, ਐੱਮ ਤੇ ਅਕੈਡਮਿਕ ਜੇ ਵੀਜ਼ਾ), ਕਾਮੇ (ਐੱਚ-1, ਐੱਚ-2, ਐੱਚ-3 ਤੇ ਨਿੱਜੀ ਐੱਲ ਵੀਜ਼), ਸੰਸਕ੍ਰਿਤੀ ਤੇ ਗ਼ੈਰ ਸਾਧਾਰਨ ਸਮਰੱਥਾ ਦੇ ਲੋਕ (ਓ। ਪੀ ਤੇ ਕਿਊ ਵੀਜ਼ਾ) ਸ਼ਾਮਿਲ ਹਨ। ਦੱਖਣੀ ਏਸ਼ੀਆ ਭਾਈਚਾਰੇ ਦੇ ਲੋਕ (ਓ। ਪੀ ਤੇ ਕਿਊ ਵੀਜ਼ਾ) ਸ਼ਾਮਿਲ ਹਨ। ਦੱਖਣੀ ਏਸ਼ੀਆ ਭਾਈਚਾਰੇ ਦੇ ਨੇਤਾ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਏਸ਼ੀਆਈ ਅਮਰੀਕੀਆਂ ਲਈ ਸਲਾਹਕਾਰ ਅਜੈ ਜੈਨ ਭੁਟੋਰੀਆ ਨੇ ਦੱਖਣੀ ਮੱਧ ਏਸ਼ੀਆ ਦੇ ਸਹਾਇਕ ਵਿਦੇਸ਼ ਮੰਤਰੀ ਡੋਨਲ ਲੂ ਨਾਲ ਮੁਲਾਕਾਤ ਤੋਂ ਬਾਅਦ ਕਿਹਾ, ‘ਵੀਜ਼ਾ ਬਿਨੈਕਾਰਾਂ ਨੂੰ ਇਸ ਮਦਦ ਦੀ ਕਾਫ਼ੀ ਜ਼ਰੂਰਤ ਸੀ। ਸਾਡੇ ਦੋਸਤਾਂ ਤੇ ਕਰੀਬੀ ਪਰਿਵਾਰਕ ਮੈਂਬਰਾਂ ਲਈ ਇਹ ਕਾਫ਼ੀ ਮਦਦਗਾਰ ਹੋਵੇਗਾ। ਉਨ੍ਹਾਂ ਦੀਆਂ ਕਈ ਚਿੰਤਾਵਾਂ ਖ਼ਤਮ ਹੋ ਗਈਆਂ ਹਨ ਤੇ ਸਹੂਲਤਾਂ ਦੂਰ ਹੋਣਗੀਆਂ।

ਭੂਟੋਰੀਆ ਨੇ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਦੀ ਸਿਲੀਕਾਨ ਵੈਲੀ ’ਚ ਲੂ ਨਾਲ ਮੁਲਾਕਾਤ ਦੌਰਾਨ ਵੀਜ਼ਾ ਮੁੱਦਾ ਉਠਾਇਆ ਸੀ। ਨਵੀਂ ਦਿੱਲੀ ’ਚ ਅਮਰੀਕੀ ਅੰਬੈਸੀ ਦੀ ਵੈਬਸਾਈਟ ’ਤੇ ਜਾਰੀ ਇਕ ਸੂਚਨਾ ਮੁਤਾਬਕ ਨਵੀਂ ਦਿੱਲੀ ਸਥਿਤ ਅਮਰੀਕੀ ਅੰਬੈਸੀ ਤੇ ਚੇਨਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਸਥਿਤ ਵਣਜ ਦੂਤਘਰ ਸਾਲ 2022 ਦੇ ਯੋਗ ਬਿਨੈਕਾਰਾਂ ਨੂੰ ਇੰਟਰਵਿਊ ਦੇਣ ਦੀ ਛੋਟ ਦਾ ਇਸਤੇਮਾਲ ਕਰਨ ਦੀ ਇਜਾਜ਼ਤ ਦੇਣ ਲਈ 20,000 ਤੋਂ ਵੱਧ ਡਰਾਪ ਬਾਕਸ ਲਗਾਉਣਗੇ।

# ਕਰਮਜੀਤ ਸਿੰਘ ਰੱਤੂ ਦਾ ਅਕਾਲ ਚਲਾਣਾ

**ਪਿਟਸਬਰਗ–** ਬੀਤੇ ਦਿਨੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸਖਸੀਅਤ ਸੁਰਿੰਦਰ ਸਿੰਘ ਰੱਤੂ ਦੇ ਭਰਾ ਕਰਮਜੀਤ ਸਿੰਘ ਰੱਤੂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 26 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 65 ਸਾਲ ਦੇ ਲੱਗਭਗ ਸੀ। ਉਹ ਇਸ ਸਮਾਜ ਸੇਵੀ ਵਜੋਂ ਪ੍ਰਸਿੱਧ ਸਨ, ਜੋ ਆਪਣੇ ਪਿੱਛੇ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ 5 ਮਾਰਚ 2022, ਦਿਨ ਸਨਿਚਾਵਾਰ ਨੂੰ Pittsburg Funeral Chapel,2295 Railroad Avenue Pittsburg ਵਿਖੇ 9 ਵਜ਼ੇ ਹੋਵੇਗਾ ਅਤੇ Cremation ਦੁਪਹਿਰ ਵੇਲੇ Oak View Memorial park, 2500 East 18th Street, Antioch ਵਿਖੇ ਹੋਵੇਗਾ। ਇਸ ਉਪਰੰਤ ਅੰਤਮ ਅਰਦਾਸ Sri Guru Ravidass Temple, 2150 Crestview Drive Pittsburg ਵਿਖੇ ਹੋਵੇਗੀ।




RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834





NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020
Lic #0144676

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928




ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਮਾਤ ਖਾ ਚੁੱਕੇ ਮੋਹਰੇ ਵਾਂਗ ਹੋ ਗਿਆ ਹੈ ਯੂਕਰੇਨ

**ਆਰ ਵਿਕਰਮ ਸਿੰਘ**

ਇਹ ਪ੍ਰਸ਼ਨ ਬਹੁਤ ਪਰੇਸ਼ਾਨ ਕਰਨ ਵਾਲਾ ਹੈ ਕਿ ਜੇਕਰ ਯੂਕਰੇਨ ਵਰਗਾ ਪ੍ਰਭੂਸੱਤਾ ਸੰਪੰਨ ਮੁਲਕ ਆਪਣੀ ਸੁਰੱਖਿਆ ਲਈ ਨਾਟੋ ਵਰਗੇ ਕਿਸੇ ਫ਼ੌਜੀ ਸੰਗਠਨ ਦਾ ਹਿੱਸਾ ਬਣਨਾ ਚਾਹੇ ਤਾਂ ਕੀ ਉਸ ਨੂੰ ਰੂਸ ਵਰਗੇ ਤਾਕਤਵਰ ਗੁਆਂਢੀਆਂ ਦੀਆਂ ਸ਼ਰਤਾਂ 'ਤੇ ਚੱਲਣਾ ਪਵੇਗਾ ਅਤੇ ਇੱਥੋਂ ਤਕ ਕਿ ਉਸ ਦੇ ਹਮਲੇ ਦਾ ਸਾਹਮਣਾ ਕਰਨਾ ਪਵੇਗਾ? ਇਸੇ ਤਰ੍ਹਾਂ ਇਕ ਪ੍ਰਸ਼ਨ ਇਹ ਵੀ ਉੱਠ ਖੜ੍ਹਾ ਹੋਇਆ ਹੈ ਕਿ ਕੀ ਤੁਹਾਡੀ ਪ੍ਰਭੂਸੱਤਾ ਨੂੰ ਕਿਸੇ ਤੀਜੇ ਦੇਸ਼ ਦੇ ਖ਼ਦਸ਼ਿਆਂ ਦਾ ਕਾਰਨ ਬਣਨਾ ਚਾਹੀਦਾ ਹੈ?

ਯੂਕਰੇਨ 'ਤੇ ਰੂਸ ਦੇ ਹਮਲੇ ਜਾਰੀ ਹਨ। ਇਸ ਅਰਥਹੀਣ ਜੰਗ ਵਿਚ ਜਾਨੀ ਨੁਕਸਾਨ ਵਧਦਾ ਜਾ ਰਿਹਾ ਹੈ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਜੋ ਦੇਸ਼ ਬਣੇ ਸਨ, ਉਨ੍ਹਾਂ 'ਚੋਂ ਰੂਸ ਤੋਂ ਬਾਅਦ ਯੂਕਰੇਨ ਹੀ ਦੂਜਾ ਸਭ ਤੋਂ ਵੱਡਾ ਯੂਰਪੀ ਦੇਸ਼ ਹੈ। ਸੋਵੀਅਤ ਸੰਘ ਦੇ ਟੁੱਟਣ ਕਾਰਨ ਅਮਰੀਕਾ ਇਕਮਾਤਰ ਆਲਮੀ ਤਾਕਤ ਬਣ ਗਿਆ। ਇਸ ਤੋਂ ਬੇਹੱਦ ਉਤਸ਼ਾਹਤ ਅਮਰੀਕੀ ਟਿੱਪਣੀਕਾਰਾਂ ਨੇ ਇਸ ਇਕ-ਧਰੁਵੀ ਕਾਲ ਨੂੰ 'ਇਤਿਹਾਸ ਦਾ ਅੰਤ' ਤਕ ਕਹਿ ਦਿੱਤਾ।

ਸੋਵੀਅਤ ਰੂਸ ਦੇ ਟੁੱਟਣ ਤੋਂ ਬਾਅਦ ਹੋਂਦ ਵਿਚ ਆਏ 15 ਦੇਸ਼ ਕਿਸੇ ਸੰਘਰਸ਼ ਜਾਂ ਅੰਦੋਲਨ ਦੀ ਉਪਜ ਨਹੀਂ ਸਨ। ਉਨ੍ਹਾਂ ਕੋਲ ਜਨ ਸੰਘਰਸ਼ ਤੋਂ ਨਿਕਲੇ ਤਪੇ ਹੋਏ ਨੇਤਾ ਨਹੀਂ ਬਲਕਿ ਨੌਕਰਸ਼ਾਹ ਮਨੋ-ਬਿਰਤੀ ਵਾਲੇ ਪ੍ਰਸ਼ਾਸਕ ਸਨ। ਉਹ ਪ੍ਰਭੂਸੱਤਾ, ਲੋਕਤੰਤਰ ਅਤੇ ਰਾਸ਼ਟਰੀਅਤਾ ਦਾ ਅਰਥ ਸਮਝੇ ਬਿਨਾਂ ਆਜ਼ਾਦ ਦੇਸ਼ ਦੇ ਸ਼ਾਸਕ ਬਣ ਗਏ ਸਨ। ਇਨ੍ਹਾਂ ਸ਼ਾਸਕਾਂ ਨੇ ਆਮ ਤੌਰ 'ਤੇ ਜਮਹੂਰੀ ਵਿਵਸਥਾ ਦਾ ਇਸਤੇਮਾਲ ਆਪਣੇ ਸੱਤਾ ਦੇ ਅਧਿਕਾਰ ਦੀ ਰਸਮੀ ਪ੍ਰਵਾਨਗੀ ਲਈ ਕੀਤਾ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਭਿਆਨਕ ਆਰਥਿਕ ਸਮੱਸਿਆਵਾਂ ਦਾ ਸ਼ਿਕਾਰ ਰੂਸ ਖ਼ੁਦ ਕਿਸੇ ਵੀ ਤਰ੍ਹਾਂ ਦੀ ਅਗਵਾਈ ਦੇ ਸਕਣ ਵਿਚ ਅਸਮਰੱਥ ਸੀ। ਅਚਾਨਕ ਉਤਪੰਨ ਹੋਏ ਤਾਕਤ ਦੇ ਇਸ ਖੱਪੇ ਨੂੰ ਭਰਨ ਦਾ ਜੋ ਉਪਾਅ ਅਮਰੀਕੀ ਸੱਤਾ ਅਦਾਰੇ ਦੀ ਸਮਝ ਵਿਚ ਆਇਆ, ਉਹ ਸੀ ਕਿ ਸੋਵੀਅਤ ਸੰਘ ਵਿਚੋਂ ਨਿਕਲੇ ਦੇਸ਼ਾਂ ਵਿਚ ਪੱਛਮੀ ਸ਼ਾਸਨ ਪ੍ਰਣਾਲੀ ਜਾਂ ਲੋਕਤੰਤਰ, ਪੂੰਜੀਵਾਦੀ ਅਰਥ-ਵਿਵਸਥਾ ਅਤੇ ਨਾਟੋ ਸੁਰੱਖਿਆ ਸੰਧੀ ਦਾ ਵਿਸਥਾਰ ਕਰਨਾ।



ਜਦ ਸੋਵੀਅਤ ਸੰਘ ਆਪਣੇ ਸਾਮਵਾਦੀ ਟੀਚਿਆਂ ਦੇ ਨਾਲ ਜ਼ਮੀਨਦੋਜ਼ ਹੋ ਚੁੱਕਾ ਸੀ ਅਤੇ ਨਵਾਂ ਰੂਸ ਪੂੰਜੀਵਾਦੀ ਵਿਵਸਥਾ ਨੂੰ ਅਪਣਾ ਚੁੱਕਾ ਸੀ ਤਾਂ ਨਾਟੋ ਦੀ ਹੋਂਦ ਦਾ ਕੋਈ ਮਤਲਬ ਨਹੀਂ ਰਹਿ ਗਿਆ ਸੀ। ਨਾਟੋ ਦਾ ਐਲਾਨੀਆ ਮਕਸਦ ਹੀ ਸਾਮਵਾਦੀ ਵਿਵਸਥਾ ਦੇ ਵਿਸਥਾਰ ਨੂੰ ਰੋਕਣਾ ਸੀ, ਫਿਰ ਵੀ ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਨਾ ਸਿਰਫ਼ ਨਾਟੋ ਬਰਕਰਾਰ ਰਿਹਾ ਬਲਕਿ ਉਸ ਦਾ ਵਿਸਥਾਰ ਵੀ ਹੁੰਦਾ ਗਿਆ। ਰੂਸ ਦੀ ਪੱਛਮੀ-ਉੱਤਰੀ ਸਰਹੱਦ ਨਾਲ ਲੱਗੇ ਤਿੰਨ ਨਵੇਂ ਬਾਲਟਿਕ ਮੁਲਕਾਂ ਅਤੇ ਬੁਲਗਾਰੀਆ ਨੂੰ 2004 ਵਿਚ ਨਾਟੋ ਵਿਚ ਸ਼ਾਮਲ ਕੀਤਾ ਗਿਆ।

ਇਨ੍ਹਾਂ ਦੇਸ਼ਾਂ ਨੂੰ ਯੂਰਪੀ ਸੰਘ ਵਿਚ ਸ਼ਾਮਲ ਕਰਨਾ ਤਾਂ ਹਾਂ-ਪੱਖੀ ਕਦਮ ਸੀ ਪਰ ਨਾਟੋ ਫ਼ੌਜੀ ਸਹਿਯੋਗ ਕਿਉਂ? ਇਸ ਦਾ ਇਹੀ ਮਤਲਬ ਨਿਕਲਦਾ ਹੈ ਕਿ ਰੂਸ ਅਜੇ ਵੀ ਅਮਰੀਕਾ ਦਾ ਨਿਸ਼ਾਨਾ ਬਣਿਆ ਹੋਇਆ ਸੀ। ਇਸੇ ਕ੍ਰਮ ਵਿਚ 2008 ਵਿਚ ਬੁਖਾਰੈਸਟ ਸੰਮੇਲਨ ਵਿਚ ਯੂਕਰੇਨ ਅਤੇ ਜਾਰਜੀਆ ਨੂੰ ਵੀ ਨਾਟੋ ਮੈਂਬਰ ਬਣਨ ਦੀ ਪ੍ਰਵਾਨਗੀ ਦੇ ਦਿੱਤੀ ਗਈ।

ਜਦ ਰੂਸ ਤੋਂ ਕਿਸੇ ਯੂਰਪੀ ਦੇਸ਼ ਅਤੇ ਅਮਰੀਕਾ ਨੂੰ ਕੋਈ ਖ਼ਤਰਾ ਨਹੀਂ ਰਹਿ ਗਿਆ ਸੀ ਤਾਂ ਵੀ ਉਸ ਦੀ ਘੇਰਾਬੰਦੀ ਦਾ ਭਲਾ ਕੀ ਮਤਲਬ ਸੀ? ਵਲਾਦੀਮੀਰ ਪੁਤਿਨ ਨੇ ਇਸ ਨੂੰ ਹੀ ਖ਼ਤਰੇ ਦੇ ਸੰਕੇਤ ਦੇ ਰੂਪ ਵਿਚ ਲਿਆ। ਇਸ ਤੋਂ ਪਹਿਲਾਂ ਕਿ ਨਾਟੋ ਦੀਆਂ ਪਰਮਾਣੂ ਮਿਜ਼ਾਈਲਾਂ ਯੂਕਰੇਨ ਅਤੇ ਜਾਰਜੀਆ ਵਿਚ ਤਾਇਨਾਤ ਹੁੰਦੀਆਂ, ਪੁਤਿਨ ਨੇ ਜਾਰਜੀਆ ਦੇ ਬਟਵਾਰੇ ਲਈ ਫ਼ੌਜੀ ਮੁਹਿੰਮ ਛੇੜ ਦਿੱਤੀ। ਪਾਟੋਧਾੜ ਜਾਰਜੀਆ ਦੇ ਦੋ ਸੂਬੇ ਅੱਜ ਰੂਸ ਦੇ ਕਬਜ਼ੇ ਵਿਚ ਹਨ। ਬਾਕੀ ਜਾਰਜੀਆ ਦੇ ਨਾਟੋ ਦੇਸ਼ ਬਣਨ ਦੀ ਹੁਣ ਗੁੰਜਾਇਸ਼ ਨਹੀਂ ਰਹੀ। ਇਸ ਤੋਂ ਬਾਅਦ ਯੂਕਰੇਨ ਵਿਚ ਓਰੈਂਜ ਰੈਵੋਲਿਊਸ਼ਨ ਦੇ ਰੂਪ ਵਿਚ ਹੋਏ ਜਨ-ਅੰਦੋਲਨ ਨੇ ਉੱਥੇ ਰੂਸ ਵਿਰੋਧੀ ਮਾਹੌਲ ਬਣਾ ਦਿੱਤਾ। ਸਾਬਕਾ ਰਾਸ਼ਟਰਪਤੀ ਯਾਨੋਕੋਵਿਚ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਨਤੀਜੇ ਵਜੋਂ ਪੁਤਿਨ ਨੇ ਯੂਕਰੇਨ ਦੇ ਰੂਸੀ ਭਾਸ਼ਾ ਵਾਲੇ ਇਲਾਕੇ ਕ੍ਰੀਮੀਆ 'ਤੇ ਕਬਜ਼ਾ ਕਰ ਲਿਆ।

ਇਸ ਨਾਲ ਕ੍ਰੀਮੀਆ ਵਰਗੇ ਫ਼ੌਜੀ ਅਹਿਮੀਅਤ ਵਾਲੇ ਅੱਡੇ ਦਾ ਨਾਟੋ ਲਈ ਇਸਤੇਮਾਲ ਸੰਭਵ ਨਹੀਂ ਰਹਿ ਗਿਆ। ਯੂਰਪ ਵਿਚ ਜਦ ਇਕ ਪਹਿਲਾਂ ਵਾਲੀ ਰਣਨੀਤਕ ਸਥਿਤੀ ਬਰਕਰਾਰ ਰੱਖਣ ਦਾ ਮਾਹੌਲ ਸੀ ਉਦੋਂ ਯੂਕਰੇਨ ਅਤੇ ਰੂਸ ਵਿਚ ਮਿੰਸਕ ਵਿਖੇ ਹੋਏ ਸਮਝੌਤੇ ਤਹਿਤ ਇਕ ਅਸਥਾਈ ਸ਼ਾਂਤੀ ਕਾਇਮ ਹੋਈ।

ਮੰਨਿਆ ਜਾ ਰਿਹਾ ਸੀ ਕਿ ਦੱਖਣੀ ਚੀਨ ਸਾਗਰ ਵਿਚ ਚੱਲ ਰਹੀ ਰਣਨੀਤਕ ਚੜ੍ਹਤ ਕਾਇਮ ਕਰਨ ਦੀ ਚੀਨੀ ਮੁਹਿੰਮ ਦੇ ਕਿਨਾਰੇ ਆਉਣ ਤਕ ਯੂਰਪ ਵਿਚ ਸਥਿਰਤਾ ਬਣੀ ਰਹੇਗੀ। ਸਮੱਸਿਆ ਇਹ ਸੀ ਕਿ ਤਾਇਵਾਨ ਵਰਗੇ ਟਕਰਾਅ ਵਾਲੇ ਬਿੰਦੂ ਦੇ ਬਾਵਜੂਦ ਹਿੰਦ-ਪ੍ਰਸ਼ਾਂਤ ਖੇਤਰ ਵਿਚ ਨਾਟੋ ਵਰਗਾ ਕੋਈ ਸੰਗਠਨ ਆਕਾਰ ਨਹੀਂ ਲੈ ਸਕਿਆ ਸੀ। ਓਧਰ ਰੂਸ ਅਤੇ ਜਰਮਨੀ ਵਿਚ ਵਧਦੀ ਜਾ ਰਹੀ ਆਰਥਿਕ ਅਤੇ ਖ਼ਾਸ ਤੌਰ 'ਤੇ ਰੂਸੀ ਗੈਸ ਦੀ ਸਪਲਾਈ 'ਤੇ ਨਿਰਭਰਤਾ ਅਮਰੀਕੀ ਚਿੰਤਾ ਦਾ ਵੱਡਾ ਕਾਰਨ ਸੀ। ਯੂਕਰੇਨ ਨੂੰ ਵੱਡਾ ਮਾਲੀਆ ਯੂਰਪ ਦੀ ਉਸ ਗੈਸ ਸਪਲਾਈ ਤੋਂ ਮਿਲਦਾ ਰਿਹਾ ਹੈ ਜਿਸ ਦੀ ਪਾਈਪਲਾਈਨ ਉਸ ਦੀ ਜ਼ਮੀਨ ਤੋਂ ਗੁਜ਼ਰਦੀ ਹੈ। ਯੂਕਰੇਨ ਵਿਚ 2014 ਵਿਚ ਹੋਈ ਸੱਤਾ ਤਬਦੀਲੀ ਦੇ ਪ੍ਰਤੀਕਰਮ ਵਿਚ ਰੂਸ ਨੇ ਜਰਮਨੀ ਅਤੇ ਯੂਰਪੀ ਮੁਲਕਾਂ ਨੂੰ ਗੈਸ ਸਪਲਾਈ ਦੀ ਨਵੀਂ ਬਦਲਵੀਂ ਪਾਈਪਲਾਈਨ ਦਾ ਕਾਰਜ ਸੰਪੂਰਨ ਕਰ ਲਿਆ। ਯੂਕਰੇਨ ਦੇ ਅੱਗੇ ਮਾਲੀਏ ਦੇ ਨੁਕਸਾਨ ਦਾ ਖ਼ਤਰਾ ਖੜ੍ਹਾ ਹੋ ਗਿਆ।

ਉਦੋਂ ਅਜਿਹੀ ਜ਼ਰੂਰਤ ਉਤਪੰਨ ਹੋ ਗਈ ਜੋ ਰੂਸ-ਜਰਮਨੀ ਦੀਆਂ ਨਜ਼ਦੀਕੀਆਂ ਰੋਕੇ ਅਤੇ ਨਾਟੋ ਦੇਸ਼ਾਂ ਨੂੰ ਅਮਰੀਕਾ 'ਤੇ ਪਹਿਲਾਂ ਦੀ ਤਰ੍ਹਾਂ ਨਿਰਭਰ ਬਣਾ ਦੇਵੇ। ਇਸੇ ਕਾਰਨ ਰੂਸੀ ਭਾਸ਼ਾ ਦੀ ਬਹੁਤਾਤ ਵਾਲੇ ਮੁਲਕਾਂ ਜ਼ਰੀਏ ਯੂਕਰੇਨ-ਰੂਸ ਤਣਾਅ ਵਾਲਾ ਮਾਹੌਲ ਬਣਿਆ ਜਿਸ ਨੇ ਜੰਗ ਦਾ ਰੂਪ ਧਾਰ ਲਿਆ ਹੈ। ਅਜੇ ਤਕ ਸਭ ਪਟਕਥਾ ਦੇ ਮੁਤਾਬਕ ਚੱਲ ਰਿਹਾ ਹੈ। ਜਰਮਨੀ ਨਾਲ ਨਵੀਂ ਗੈਸ ਪਾਈਪਲਾਈਨ ਦਾ ਸਮਝੌਤਾ ਟੁੱਟ ਗਿਆ ਹੈ।

ਜੰਗ ਦਾ ਦੋਸ਼ ਰੂਸ ਸਿਰ ਆਇਆ ਹੈ। ਯੂਕਰੇਨ ਪ੍ਰਤੀ ਹਮਦਰਦੀ ਦੀ ਲਹਿਰ ਚੱਲ ਰਹੀ ਹੈ। ਇਹ ਸੁਭਾਵਿਕ ਹੈ। ਹੁਣ ਪੁਤਿਨ ਨਵੇਂ ਖਲਨਾਇਕ ਹਨ। ਦੇਖਿਆ ਜਾਵੇ ਤਾਂ ਯੂਕਰੇਨ ਦੇ ਲੰਬੀ ਮਿਆਦ ਵਾਲੇ ਹਿੱਤ ਰੂਸ ਦੇ ਨਾਲ ਹੀ ਜੁੜੇ ਹੋਏ ਸਨ ਜੋ ਹੁਣ ਉਸ ਦਾ ਦੁਸ਼ਮਣ ਬਣ ਗਿਆ ਹੈ। ਯੂਕਰੇਨ 'ਤੇ ਰੂਸ ਦੇ ਹਮਲਿਆਂ ਦੌਰਾਨ ਇਕ ਸਵਾਲ ਇਹ ਵੀ ਹੈ ਕਿ ਜੇਕਰ ਯੂਕਰੇਨ ਨਾਟੋ ਵਿਚ ਸ਼ਾਮਲ ਹੋ ਵੀ ਜਾਂਦਾ ਤਾਂ ਕਿਹੜਾ ਪਹਾੜ ਟੁੱਟ ਜਾਂਦਾ। ਸਾਡੇ ਗੁਆਂਢ ਵਿਚ ਵੀ ਤਾਂ ਪਾਕਿਸਤਾਨ ਪਹਿਲਾਂ ਅਮਰੀਕਾ ਅਤੇ ਹੁਣ ਚੀਨ ਨਾਲ ਗਲਵੱਕੜੀਆਂ ਪਾਉਂਦਾ ਆਇਆ ਹੈ। ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਸੀਪੈਕ ਵਰਗੇ ਸੰਵੇਦਨਸ਼ੀਲ ਪ੍ਰਾਜੈਕਟ ਦੇ ਬਾਵਜੂਦ ਅਸੀਂ ਕਦੇ ਬਿਆਨਾਂ ਤੋਂ ਅੱਗੇ ਵਧ ਕੇ ਗੱਲ ਨਹੀਂ ਕੀਤੀ। ਦਰਅਸਲ, ਇੱਥੇ ਇਕ ਵੱਡਾ ਅੰਤਰ ਇਹ ਹੈ ਕਿ ਸਾਡੇ ਵਾਂਗ ਰੂਸ ਆਪਣੇ-ਆਪ ਨੂੰ ਰਣਨੀਤਕ ਨਜ਼ਰੀਏ ਨਾਲ ਦੁਸ਼ਮਣਾਂ ਦਾ ਬੰਧੂਆ ਮਜ਼ਦੂਰ ਨਹੀਂ ਬਣਨ ਦੇ ਸਕਦਾ।

ਰਾਸ਼ਟਰੀ ਸ਼ਕਤੀ ਅਤੇ ਸਨਮਾਨ ਦੀਆਂ ਆਪੋ-ਆਪਣੀਆਂ ਪਰਿਭਾਸ਼ਾਵਾਂ ਹਨ। ਪੁਤਿਨ ਨੇ ਇਕ ਤਰ੍ਹਾਂ ਖਾਕ ਤੋਂ ਉੱਠ ਕੇ ਹੋਂਦ ਦੇ ਸੰਕਟਾਂ ਦਾ ਸਾਹਮਣਾ ਕਰਦੇ ਹੋਏ ਰੂਸ ਦੀ ਮੁੜ-ਸਿਰਜਣਾ ਕੀਤੀ ਹੈ। ਉਨ੍ਹਾਂ ਦੇ ਆਪਣੇ ਤਰਕ ਹਨ ਜਿਨ੍ਹਾਂ ਨੂੰ ਨਕਾਰਿਆ ਨਹੀਂ ਜਾ ਸਕਦਾ। ਇਸ ਸੰਕਟ ਦਾ ਤਾਣਾ-ਬਾਣਾ ਉਸ ਪੱਛਮੀ ਮਾਨਸਿਕਤਾ ਨੇ ਬੁਣਿਆ ਹੈ ਜੋ ਵਿਸ਼ਵ ਰਾਜਨੀਤੀ ਅਤੇ ਅਰਥਚਾਰੇ ਨੂੰ ਆਪਣੇ ਹਿਸਾਬ ਨਾਲ ਚਲਾਉਣਾ ਚਾਹੁੰਦੀ ਹੈ।

ਨਿਰੰਤਰ ਹਮਲਾਵਰ ਹੋ ਰਹੇ ਪੁਤਿਨ ਨੇ ਯੂਕਰੇਨ ਵਿਚ ਦਖ਼ਲ ਦੇਣ ਵਾਲਿਆਂ ਨੂੰ ਪਰਮਾਣੂ ਹਮਲੇ ਦੀ ਵੀ ਧਮਕੀ ਦੇ ਦਿੱਤੀ ਹੈ। ਅਮਰੀਕਾ ਨੂੰ ਆਪਣੀ ਤਾਕਤ ਦੀ ਆਲਮੀ ਪੁਨਰ-ਸਥਾਪਨਾ ਲਈ ਇਕ ਖਲਨਾਇਕ ਦੀ ਦਰਕਾਰ ਸੀ ਜੋ ਪੁਤਿਨ ਦੇ ਰੂਪ ਵਿਚ ਪੂਰੀ ਹੋ ਗਈ ਹੈ। ਅਤੇ ਯੂਕਰੇਨ? ਉਸ ਦਾ ਜਿੰਨਾ ਇਸਤੇਮਾਲ ਕਰਨਾ ਸੀ, ਉਹ ਮਕਸਦ ਪੂਰਾ ਹੁੰਦਾ ਦਿਸ ਰਿਹਾ ਹੈ।

ਉਸ ਦੀ ਹਾਲਤ ਆਲਮੀ ਸ਼ਤਰੰਜ ਦੇ ਮਾਤ ਖਾ ਚੁੱਕੇ ਮੋਹਰੇ ਦੀ ਤਰ੍ਹਾਂ ਬਿਸਾਤ ਤੋਂ ਚੁੱਕ ਕੇ ਇਕ ਪਾਸੇ ਰੱਖ ਦਿੱਤੇ ਜਾਣ ਵਾਂਗ ਲੱਗ ਰਹੀ ਹੈ। ਉਸ ਨੇ ਅਮਰੀਕਾ ਤੇ ਪੱਛਮੀ ਮੁਲਕਾਂ ਦੇ ਮਗਰ ਲੱਗ ਕੇ ਆਪਣਾ ਝੁੱਗਾ ਚੌੜ ਕਰਵਾ ਲਿਆ ਹੈ। ਜੇ ਯੂਕਰੇਨ ਦੀ ਸਿਆਸੀ ਲੀਡਰਸ਼ਿਪ ਜ਼ਮੀਨੀ ਹਕੀਕਤ ਨੂੰ ਧਿਆਨ ਵਿਚ ਰੱਖਦੀ ਤਾਂ ਆਪਣੇ ਮੁਲਕ ਨੂੰ ਦੋ ਮਹਾ-ਸ਼ਕਤੀਆਂ ਦੇ ਟਕਰਾਅ ਵਿਚ ਬਲੀ ਦਾ ਬੱਕਰਾ ਹਰਗਿਜ਼ ਨਾ ਬਣਨ ਦਿੰਦੀ।

## "Ambedkar Times" & "Desh Doaba"

### fondly remember Mr C. L. Chumber on his 65th Birthday



Ambedkar Times & Desh Doaba weekly newspapers fondly remember Mr C. L. Chumber on his 65th Birthday. His contribution towards the legacy of the Ad Dharm movement in the form of his well-documented writings is praise worthy. He published a souvenir on the Ad Dharm and the role of Babu Mangu Ram Mugowalia Ji in the awakening of Dalit consciousness in pre-partition Punjab. The right tribute to Mr C. L. Chumber Sahib will be to reproduce his writings in a series of columns in Ambedkar Times and Desh Doaba weekly newspapers. So on his 63rd Birthday, we are going to reproduce from this week in "Desh Doaba" weekly newspaper. -

**Prem K. Chumber**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



੧ੳ ਸਤਿਗੁਰ ਪ੍ਰਸਾਦਿ ॥
ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ ॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥



# ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645 ਵੇਂ ਪ੍ਰਕਾਸ਼ ਪੁਰਬ ਦੀਆਂ

# ਲੱਖ ਲੱਖ ਵਧਾਈਆਂ

## 22 ਵਾਂ ਮਹਾਂਨ ਨਗਰ ਕੀਰਤਨ
## ਐਤਵਾਰ 13 ਮਾਰਚ 2022

22ਵੇਂ ਮਹਾਂਨ ਨਗਰ ਕੀਰਤਨ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਵਿੱਚ

**★ 6 ਵੇਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ★**

ਆਰੰਭ: ਸ਼ੁੱਕਰਵਾਰ 4 ਮਾਰਚ 2022 ਸਵੇਰੇ 11 ਵਜੇ
ਭੋਗ: ਐਤਵਾਰ 6 ਮਾਰਚ 2022 ਸਵੇਰੇ 10:30 ਵਜੇ
ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵਲੋਂ ਕੀਰਤਨ ਦੀਵਾਨ ਸਜਾਏ ਜਾਣਗੇ

ਆਪ ਜੀ ਨੂੰ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ
ਸੇਵਾ: ਸ੍ਰੀ ਚਮਨ ਲਾਲ ਮਹਿਮੀ, ਬੀਬੀ ਤਰਸੇਮ ਕੌਰ ਅਤੇ ਮਹਿਮੀ ਪਰਿਵਾਰ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)
6221 16th Street Rio Linda CA 95673
ਗੁਰੂਘਰ ਫ਼ੋਨ: (916) 992-1710

Spondored by- Desh Doaba

# ਭੁਲੱਥ ਦੇ ਅੰਤਰਰਾਸ਼ਟਰੀ ਪਾਵਰਲਿਫਟਰ ਅਜੈ ਗੋਗਨਾ ਦਾ 'ਜਸਪਾਲ ਭੱਟੀ' ਅਵਾਰਡ ਨਾਲ ਮੋਸਟ ਵੈਲਿਓਏਬਲ ਖਿਡਾਰੀ ਦੇ ਤੌਰ ਤੇ ਵਿਸ਼ੇਸ਼ ਤੌਰ ਤੇ ਸਨਮਾਨ

## ਈਡੀਅਟ ਕਲੱਬ ਦਾ ਅੰਮ੍ਰਿਤਸਰ ਚ' ਹੋਏ 10ਵਾਂ ਜਸਪਾਲ ਭੱਟੀ ਐਵਾਰਡ ਠੰਡੀਆਂ ਮਿੱਠੀਆ ਖੁਸ਼ਬੂਆਂ ਬਿਖੇਰਦਾ ਯਾਦਗਾਰੀ ਹੋ ਕੇ ਨਿਬੜਿਆ

**ਭੁਲੱਥ, 27 ਫ਼ਰਵਰੀ-** ਈਡੀਅਟ ਕਲੱਬ ਵੱਲੋਂ ਪਦਮ ਭੂਸ਼ਣ ਜਸਪਾਲ ਭੱਟੀ ਦੇ ਜਨਮ ਦਿਨ ਨੂੰ ਸਮਰਪਿਤ 10ਵਾਂ ਜਸਪਾਲ ਭੱਟੀ ਐਵਾਰਡ ਸ਼ੋਅ ਪੰਜਾਬ ਨਾਟਸ਼ਾਲਾ ਸ਼੍ਰੀ ਅੰਮ੍ਰਿਤਸਰ ਵਿਖੇਂ ਬੜੀ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਐਵਾਰਡ ਸ਼ੋਅ ਦੇ ਮੁੱਖ ਆਯੋਜਕ ਈਡੀਅਟ ਕਲੱਬ ਦੇ ਪ੍ਰਧਾਨ ਅਤੇ ਫਿਲਮੀ ਕਲਾਕਾਰ ਸ਼੍ਰੀ ਰਾਜਿੰਦਰ ਰਿਖੀ 'ਈਡੀਅਟ' ਅਤੇ ਸੀਨੀਅਰ ਮੀਤ ਪ੍ਰਧਾਨ ਧਵਨੀ ਮਹਿਰਾ ਸੀ ਜਿੰਨਾਂ ਨੇ ਸ਼ਟੇਜ ਦੀ ਸ਼ਰੀਅਤਾਂ ਕਰਦਿਆਂ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਇਹ ਐਵਾਰਡ -ਸ਼ੋਅ ਵੱਖ-ਵੱਖ ਖੇਤਰਾਂ ਵਿੱਚ ਬੁਲੰਦੀਆਂ ਹਾਸਲ ਕਰ ਚੁੱਕੀਆਂ ਸ਼ਖਸੀਅਤਾਂ ਲਈ ਕਰਵਾਇਆ ਜਾਂਦਾ ਹੈ।ਇਸ ਐਵਾਰਡ ਸ਼ੋਅ ਵਿਚ ਵਿਸ਼ੇਸ ਮਹਿਮਾਨ ਵਜੋਂ ਕਲੱਬ ਦੇ ਪੈਟਰਨ ਸ਼ੰਮੀ ਚੌਧਰੀ, ਹਰਿੰਦਰਪਾਲ ਸਿੰਘ ਟਿੱਕਾ ਨਾਰਵੇ ਅਤੇ ਜਤਿੰਦਰ ਬਰਾੜ ਨੇ ਵਿਸ਼ੇਸ ਸਤਿੰਦਰ ਤੇ ਸ਼ਿਰਕਤ ਕੀਤੀ।ਅਤੇ ਸਾਰੇ ਹੀ ਐਵਾਰਡੀਆਂ ਨੂੰ ਨਾਟਸ਼ਾਲਾ ਦੇ ਮੇਨ ਗੇਟ ਤੋਂ ਢੋਲ ਦੇ ਨਾਲ ਆਡੀਟੋਰੀਅਮ ਤੱਕ ਲਿਜਾਇਆ ਗਿਆ ਅਤੇ ਫਿਰ ਕਲੱਬ ਦੀ ਸੀਨੀਅਰ ਮੀਤ ਪ੍ਰਧਾਨ ਧਵਨੀ ਮਹਿਰਾ ਨੇ ਸਾਰੇ ਐਵਾਰਡੀਆਂ ਦਾ ਤਿਲਕ ਕਰਦੇ ਹੋਏ ਉਹਨਾਂ ਉਪਰ ਫੁੱਲਾਂ ਦੀ ਵਰਖਾ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਮੈਲੋਡੀਅਸ ਮਿਊਜਿਕ ਅਕੈਡਮੀ ਦੇ ਬੱਚਿਆਂ ਵੱਲੋਂ ਗਿਟਾਰ ਦੀ ਇਕ ਖੂਬਸੂਰਤ ਆਇਟਮ ਨਾਲ ਪੇਸ਼ ਕੀਤੀ ਗਈ।ਵਿਸ਼ੇਸ਼ ਮਹਿਮਾਨਾਂ ਨੇ ਇਸ ਵਾਰ ਦੇ ਚੁਣੇ ਗਏ ਐਵਾਰਡੀਆਂ ਨੂੰ ਸਨਮਾਨ ਚਿੰਨ੍ਹ ਅਤੇ ਫੁਲਕਾਰੀਆਂ ਦੇ ਨਾਲ ਉਚੇਚੇ ਤੋਰ ਤੇ ਸਨਮਾਨਿਤ ਕੀਤਾ। ਇਸ ਵਾਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਵਿਸ਼ਵ ਪ੍ਰਸਿੱਧ ਹਾਸ ਕਲਾਕਾਰ ਬਲਵਿੰਦਰ ਵਿੱਕੀ ਉਰਫ ਚਾਚਾ ਰੌਣਕੀ ਰਾਮ ਨੂੰ ਦਿੱਤਾ ਗਿਆ। ਅਤੇ ਹੋਰ ਐਵਾਰਡੀ ਜਿੰਨਾਂ ਚ' ਆਰਟ ਪਰਮੋਟਰ ਪੰਡਿਤ ਕ੍ਰਿਸ਼ਨ ਦਵੇਸਰ, ਨਰਿਤਯ ਸਮਰਾਟ ਪ੍ਰਸਿੱਧ ਕਲਾਸੀਕਲ ਡਾਂਸਰ ਅਤੇ ਗਾਇਕ ਕੁਮਾਰ ਸ਼ਰਮਾ, ਕਲਮ ਦਾ ਧਨੀ ਨਾਮਵਰ ਸ਼ਾਇਰ ਦੇਵ ਦਰਦ, ਹੱਸਦਾ ਮੁੱਖੜਾ ਰਿਤਿਕਾ ਠਾਕੁਰ(ਚੰਬਾ), ਮੋਸਟ ਵੈਲਿਊਏਬਲ ਭੁਲੱਥ ਦਾ ਜੰਮਪਲ ਅੰਤਰਰਾਸ਼ਟਰੀ ਪਾਵਰਲਿਫਟਰ ਅਜੇ ਗੋਗਨਾ, ਮਾਨਵਤਾ ਦੇ ਸੇਵਕ ਐਵਾਰਡ ਲਾਇਨਜ਼ ਕਲੱਬ ਰਈਆ ਬਿਆਸ ਨਾਈਟਸ ਨੂੰ ਡਿਸਟ੍ਰਿਕਟ 321-ਡੀ ਦੇ ਵਾਈਸ ਗਵਰਨਰ ਸੁਰਿੰਦਰਪਾਲ ਸੋਂਧੀ ਅਤੇ ਸੰਗੀਤ ਦੇ ਵਾਰਿਸ ਪ੍ਰਸਿੱਧ ਗਾਇਕ ਰੋਮੀ ਰੰਜਨ ਅਤੇ ਮਸਖ਼ਰੇ ਪੰਜਾਬ ਦੇ ਹਾਸਰਸ ਕਲਾਕਾਰ ਲਵਲੀ ਕੋਹਾਲੀ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਦਰਸ਼ਕਾਂ ਦੇ ਮੰਨੋਰੰਜਨ ਲਈ ਕੁਮਾਰ ਸ਼ਰਮਾ ਅਤੇ ਰੋਮੀ ਰੰਜਨ ਨੇ ਆਪਣੇ ਗੀਤਾਂ ਦੇ ਨਾਲ ਖੂਬ ਰੰਗ ਬੰਨਿਆਂ। ਹਾਸਰਸ ਕਲਾਕਾਰਾਂ ਵਿੱਚ ਲਵਲੀ ਕੋਹਾਲੀ, ਟਵਿਨ ਬ੍ਰਦਰਜ਼, ਮਿੰਟੂ ਪਾਹਵਾ ਨੇ ਵੀ ਕਾਮੇਡੀ ਕਰਕੇ ਹਸਾ ਹਸਾ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾਈਆਂ। ਇਸ ਮੌਕੇ ਬੋਲਦੇ ਹੋਏ ਰਾਜਿੰਦਰ ਰਿਖੀ ਅਤੇ ਧਵਨੀ ਮਹਿਰਾ ਨੇ ਕਿਹਾ ਕਿ ਉਹਨਾਂ ਵੱਲੋਂ ਕਰਵਾਏ ਜਾਂਦੇ ਇਹਨਾਂ ਐਵਾਰਡਾਂ ਵਿਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚੋਂ ਅਤੇ ਵੱਖ-ਵੱਖ ਖੇਤਰਾਂ ਵਿਚੋਂ ਚੁਣ ਕੇ ਉਹਨਾਂ ਵਿਅਕਤੀਆਂ ਨੂੰ ਹੀ ਐਵਾਰਡ ਦਿਤੇ ਜਾਂਦੇ ਹਨ ਜਿਨਾਂ ਨੇ ਆਪਣੇ ਖੇਤਰ ਵਿਚ ਬਹੁਤ ਵਧੀਆ ਕਾਰਗੁਜਾਰੀ ਕੀਤੀ ਹੋਵੇ।ਸਟੇਜ ਸੰਚਾਲਨ ਚੰਬਾ ਤੋਂ ਆਈ ਹੋਈ ਅਦਾਕਾਰਾ ਰਿਤਿਕਾ ਠਾਕੁਰ ਅਤੇ ਕਲੱਬ ਦੇ ਪ੍ਰਧਾਨ ਰਾਜਿੰਦਰ ਰਿਖੀ ਨੇ ਬੜੀ ਬਾਖੂਬੀ ਨਾਲ ਨਿਭਾਈ। ਇਸ ਐਵਾਰਡ ਸ਼ੋਅ ਵਿਚ ਸਰ ਡਾਂਸ ਸਟੂਡੀਓ ਦੇ ਬੱਚਿਆਂ ਵੱਲੋਂ ਡਾਂਸ ਆਈਟਮਾ ਪੇਸ਼ ਕੀਤੀਆਂ ਗਈਆਂ।ਇਸ ਮੌਕੇ ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਜਤਿੰਦਰ ਬਰਾੜ, ਸਾਵਨ ਮਦਾਨ, ਕੁਲਵਿੰਦਰ ਸਿੰਘ ਬੁੱਟਰ, ਸੁਮੀਤ ਕਾਲੀਆ, ਦੀਪਕ ਮਹਿਰਾ, ਕਾਰਤਿਕ ਰਿਖੀ, ਧੈਰਿਆ ਮਹਿਰਾ,ਯੁਵਰਾਜ ਰਾਣਾ ਆਦਿ ਨੇ ਵੀ ਇਸ ਸ਼ੋਅ ਨੂੰ ਨੇਪਰੇ ਚਾੜਣ ਲਈ ਵਿਸ਼ੇਸ਼ ਯੋਗਦਾਨ ਪਾਇਆ।




# ਮਾਤਾ ਦਵਿੰਦਰ ਕੌਰ ਮੈਂਹਟ ਦੇ ਅਕਾਲ ਚਲਾਣੇ 'ਤੇ ਮੈਂਹਟ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਮਾਤਾ ਦਵਿੰਦਰ ਕੌਰ ਮੈਂਹਟ (ਪਤਨੀ ਬਲਵਿੰਦਰ ਸਿੰਘ ਮੈਂਹਟ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 62 ਸਾਲ ਦੇ ਲੱਗਭਗ ਸੀ। ਉਹ ਐਸ ਐਮ ਬ੍ਰਦਰਜ਼ ਵੇਅਰ ਹਾਊਸ ਵਾਲੇ ਸੰਨਦੀਪ ਮੈਂਹਟ (ਸੰਨੀ) ਦੇ ਮਾਤਾ ਜੀ ਸਨ।

ਮਾਤਾ ਜੀ ਬਹੁਤ ਮਿਲਾਪੜੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਜੋ ਆਪਣੇ ਪਿੱਛੇ ਪਰਿਵਾਰ ਦੀ ਹੱਸਦੀ-ਖੇਡਦੀ ਫੁੱਲਬਾੜੀ ਛੱਡ ਗਏ ਹਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 3 ਮਾਰਚ 2022, ਦਿਨ ਵੀਰਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ।


ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਫਰਿਜ਼ਨੋ ਦੇ "ਗੁਰਦੁਆਰਾ ਸਿੰਘ ਸਭਾ" (Gurdwara iSkh Sabha) ਵਿਖੇ ਹੋਵੇਗੀ। ਗੁਰੂਘਰ ਦਾ ਪਤਾ: 4827 N. Parkway Dr, Fresno, CA 93722 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾ ਦੇ ਪਤੀ ਸ। ਬਲਵਿੰਦਰ ਸਿੰਘ ਮੈਂਹਟ ਨਾਲ (559) 416-6044, ਪੁੱਤਰਾਂ ਨਾਲ ਸੰਨਦੀਪ ਮੈਂਹਟ (ਸੰਨੀ) (559) 416-9438 ਜਾਂ ਸੁੱਖੀ ਮੈਂਹਟ (559) 223-6533 ਜਾਂ ਗੁਰਦੀਪ ਝੁਟੀ (559) 975-3077 ਜਾਂ ਸਟੀਵਨ ਸ਼ੇਰਗਿੱਲ (559) 871-4773 ਦੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।






## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)


# ਨਿਊਯਾਰਕ ਦੇ ਸਬ ਸਟੇਸ਼ਨ 'ਤੇ ਸਿਰ ਉਪਰ ਵਾਰ ਕਰਕੇ ਔਰਤ ਨੂੰ ਲੁੱਟਣ ਵਾਲਾ ਗ੍ਰਿਫਤਾਰ




**ਸੈਕਰਾਮੈਂਟੋ 1 ਮਾਰਚ–** ਲੰਘੇ ਵੀਰਵਾਰ ਨਿਊਯਾਰਕ ਦੇ ਇਕ ਸਬ ਸਟੇਸ਼ਨ 'ਤੇ ਸਿਰ ਉਪਰ ਹਥੌੜੇ ਨਾਲ ਵਾਰ ਕਰਕੇ ਇਕ ਔਰਤ ਨੂੰ ਲੁੱਟਣ ਵਾਲੇ ਸ਼ੱਕੀ ਦੋਸ਼ੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਨਿਊਯਾਰਕ ਸਿਟੀ ਪੁਲਿਸ ਵਿਭਾਗ ਨੇ ਦਿੱਤੀ ਹੈ। ਇਹ ਘਟਨਾ ਕੁਈਨਜ ਪਲਾਜ਼ਾ ਸਬਵੇਅ ਸਟੇਸ਼ਨ ਉਪਰ ਹੋਈ ਸੀ। ਔਰਤ ਦੇ ਦਿਮਾਗ 'ਤੇ ਸੱਟ ਵੱਜੀ ਹੈ ਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਗ੍ਰਿਫਤਾਰ ਸ਼ੱਕੀ ਹਮਲਾਵਰ ਦੀ ਪਛਾਣ 57 ਸਾਲਾ ਵਿਲੀਅਮ ਬਲੌਂਟ ਵਜੋਂ ਹੋਈ ਹੈ। ਸ਼ਹਿਰ ਵਿਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਉਪਰੰਤ ਸ਼ੱਕੀ ਵਿਅਕਤੀ ਦੀ ਗ੍ਰਿਫਤਾਰੀ ਸੰਭਵ ਹੋਈ ਹੈ। ਪੁਲਿਸ ਨੇ ਸ਼ੱਕੀ ਵਿਅਕਤੀ ਦੀ ਗ੍ਰਿਫਤਾਰੀ ਲਈ 3500 ਡਾਲਰ ਦਾ ਇਨਾਮ ਵੀ ਰੱਖਿਆ ਸੀ। ਸ਼ੱਕੀ ਵਿਰੁੱਧ ਕਤਲ ਦੀ ਕੋਸ਼ਿਸ ਕਰਨ ਤੇ ਲੁੱਟਖੋਹ ਕਰਨ ਦੇ ਦੋਸ਼ ਲਾਏ ਗਏ ਹਨ।

# ਬਰਫ ਦੇ ਤੋਦੇ ਹੇਠਾਂ ਆ ਕੇ ਇਕ ਵਿਅਕਤੀ ਤੇ ਦੋ ਕੁੱਤਿਆਂ ਦੀ ਮੌਤ


**ਸੈਕਰਾਮੈਂਟੋ 1 ਮਾਰਚ**–ਮਾਰਬਲ , ਕੋਲੋਰਾਡੋ ਨੇੜੇ ਸੜਕ ਉਪਰ ਜਾ ਰਹੇ ਲੋਕਾਂ ਉਪਰ ਬਰਫ ਦਾ ਤੋਦਾ ਡਿੱਗਣ ਕਾਰਨ ਇਕ ਵਿਅਕਤੀ ਮਾਰਿਆ ਗਿਆ। ਉਨਾਂ ਨਾਲ ਜਾ ਰਹੇ ਦੋ ਕੁੱਤਿਆਂ ਦੀ ਵੀ ਬਰਫ ਹੇਠਾਂ ਦੱਬਣ ਨਾਲ ਮੌਤ ਹੋ ਗਈ। ਕੋਲੋਰਾਡੋ ਅਵਲਾਂਚ ਇਨਫਰਮੇਸ਼ਨ ਸੈਂਟਰ ਅਨੁਸਾਰ ਇਕ ਖੱਡ ਦੇ ਨਾਲ ਉਘੜ ਦੁਘੜੀ ਸੜਕ ਉਪਰ 4 ਵਿਅਕਤੀ ਆਪਣੇ ਘਰ ਜਾ ਰਹੇ ਸਨ ਜਦੋਂ ਅਚਾਨਕ ਉਪਰੋਂ ਪਹਾੜੀ ਤੋਂ ਬਰਫ ਦਾ ਇਕ ਵੱਡਾ ਤੋਦਾ ਆ ਡਿੱਗਾ। ਬਰਫ



ਦਾ ਤੋਦਾ ਡਿੱਗਣ ਨਾਲ 3 ਵਿਅਕਤੀ ਹੇਠਾਂ ਖੱਡ ਵਿਚ ਜਾ ਡਿੱਗੇ । ਜਿਨਾਂ ਵਿਚੋਂ ਦੋ ਅੱਧ ਪਚੱਧੇ ਬਰਫ ਵਿਚ ਦੱਬੇ ਗਏ ਤੇ ਉਹ ਕਿਸੇ ਤਰਾਂ ਆਪਣੇ ਆਪ ਨੂੰ ਬਚਾਉਣ ਵਿਚ ਸਫਲ ਰਹੇ। ਜਦ ਕਿ ਬਰਫ ਹੇਠਾਂ ਦੱਬਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਮਾਰੇ ਗਏ ਵਿਅਕਤੀ ਦੀ ਲਾਸ਼ ਤਕਰਬੀਨ ਡੇਢ ਮੀਟਰ ਉਚੇ ਬਰਫ ਦੇ ਢੇਰ ਵਿਚੋਂ ਕੱਢੀ ਗਈ। ਮ੍ਰਿਤਕ ਦੀ ਉਮਰ ਤਕਰੀਬਨ 27 ਸਾਲ ਹੈ ਜਿਸ ਦੀ ਅਜੇ ਸ਼ਨਾਖਤ ਨਹੀਂ ਹੋ ਸਕੀ।

# ਸਾਬਕਾ ਪੁਲਿਸ ਮੁੱਖੀ ਵੱਲੋਂ ਆਤਮ ਹੱਤਿਆ ਕਰ ਜਾਣ ਦੀ ਘਟਨਾ ਝੂਠੀ ਨਿਕਲੀ, ਹੋਇਆ ਗ੍ਰਿਫਤਾਰ

**ਸੈਕਰਾਮੈਂਟੋ 2 ਮਾਰਚ** – ਡਰੱਗ ਤਸਕਰੀ ਦੇ ਮਾਮਲਿਆਂ ਨਾਲ ਗਲਤ ਤਰੀਕੇ ਨਾਲ ਨਜਿੱਠਣ ਤੇ ਗਬਨ ਕਰਨ ਵਰਗੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚਾਡਬੌਰਨ (ਉਤਰੀ ਕੈਰੋਲੀਨਾ) ਦੇ ਸਾਬਕਾ ਪੁਲਿਸ ਮੁੱਖੀ ਵਿਲੀਅਮ ਐਨਥਨੀ ਸਪੀਵ ਵੱਲੋਂ ਖੁਦਕੁਸ਼ੀ ਕਰ ਜਾਣ ਦੀ ਘਟਨਾ ਗਲਤ ਨਿਕਲੀ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਲੀਅਮ ਐਨਥਨੀ ਸਪੀਵ ਨੂੰ ਉਤਰੀ ਕੈਰੋਲੀਨਾ ਦੇ ਬਾਰਡਰ ਨੇੜੇ ਦੱਖਣੀ ਕੈਰੋਲੀਨਾ ਵਿਚ ਲੋਰਿਸ ਨੇੜੇ ਹਿਰਾਸਤ ਵਿਚ ਲੈ ਲਿਆ ਗਿਆ। ਸਪੀਵ ਨੂੰ ਪਿਛਲੇ ਸਾਲ ਦੇ ਸ਼ੁਰੂ ਵਿਚ ਦੁਰਵਿਵਹਾਰ ਦੇ ਦੋਸ਼ਾਂ ਤਹਿਤ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਹੌਰੀ ਕਾਊਂਟੀ ਦੇ ਪੁਲਿਸ ਵਿਭਾਗ ਅਨੁਸਾਰ ਉਸ ਉਪਰ ਡਰੱਗ ਤਸਕਰੀ ਦੇ ਮਾਮਲਿਆਂ ਨੂੰ ਠੀਕ ਢੰਗ ਨਾਲ ਨਾ ਨਜਿੱਠਣ ਤੇ ਗਬਨ ਕਰਨ ਸਮੇਤ 70 ਅਪਰਾਧਕ ਦੋਸ਼ ਲਾਏ ਗਏ ਸਨ। ਸਪੀਵ ਦੇ 21 ਫਰਵਰੀ ਨੂੰ ਕੋਲੰਬਸ ਕਾਊਂਟੀ (ਉਤਰੀ ਕੈਰੋਲੀਨਾ) ਵਿਚ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਲੂੰਬਰ ਦਰਿਆ ਵਿਚ ਮੱਛੀਆਂ ਫੜਨ




ਗਿਆ ਸੀ ਤੇ ਵਾਪਿਸ ਨਹੀਂ ਪਰਤਿਆ। ਕੋਲੰਬਸ ਕਾਊਂਟੀ ਦੇ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਉਪਰੰਤ ਜਾਂਚ ਕਰ ਰਹੇ ਅਧਿਕਾਰੀਆਂ ਨੇ ਦਰਿਆ ਵਿਚੋਂ ਉਸ ਦੀ ਕਿਸ਼ਤੀ ਤੇ ਦਰਿਆ ਦੇ ਕੰਢੇ 'ਤੇ ਖੜੇ ਉਸ ਦੇ ਵਾਹਣ ਨੂੰ ਬਰਾਮਦ ਕੀਤਾ। ਪੁਲਿਸ ਵੱਲੋਂ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨਾਂ ਕਿਹਾ ਕਿ ਇਹ ਸੰਭਾਵੀ ਖੁਦਕੁਸ਼ੀ ਦਾ ਮਾਮਲਾ ਹੋ ਸਕਦਾ ਹੈ। ਪੁਲਿਸ ਨੇ ਮੌਕੇ ਤੋਂ ਹੱਥ ਨਾਲ ਲਿਖਿਆ ਇਕ ਪੱਤਰ ਤੇ 22 ਕੈਲੀਬਰ ਰਾਈਫਲ ਵੀ ਬਰਾਮਦ ਕੀਤੀ ਜਿਸ ਵਿਚੋਂ ਗੋਲੀ ਚੱਲੀ ਹੋਈ ਸੀ।

ਮੌਕੇ ਤੋਂ ਮਿਲੇ ਸਬੂਤਾਂ ਤੇ ਹਾਲਾਤ ਦੇ ਮੱਦੇਨਜਰ ਜਾਂਚਕਾਰ ਇਸ ਸਿੱਟੇ 'ਤੇ ਪੁੱਜੇ ਕਿ ਇਹ ਖੁਦਕੁੱਸ਼ੀ ਦਾ ਮਾਮਲਾ ਨਹੀਂ ਹੈ। ਜੋ ਸਬੂਤ ਮਿਲੇ ਹਨ ਉਹ ਕੇਵਲ ਖੁਦਕੁੱਸ਼ੀ ਦਾ ਦ੍ਰਿਸ਼ ਪੈਦਾ ਕਰਨ ਲਈ ਹੀ ਪੈਦਾ ਕੀਤੇ ਗਏ ਹਨ। ਪ੍ਰੈਸ ਰਲੀਜ ਅਨੁਸਾਰ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਸਪੀਵ ਵਿਰੁੱਧ 23 ਫਰਵਰੀ ਨੂੰ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਸਨ। ਇਸ ਵੇਲੇ ਉਹ ਪੁਲਿਸ ਹਿਰਾਸਤ ਵਿਚ ਹੈ।








My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

# ਸਕਾਟਲੈਂਡ- ਇਨਕਲਾਬੀ ਯੋਧਾ ਦੇ ਲੋਕ ਅਰਪਣ ਹਿਤ ਸਮਾਗਮ ਹੋਇਆ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਾਇਕ, ਗੀਤਕਾਰ, ਕਵੀ, ਲੇਖਕ ਕਿਸੇ ਖਿੱਤੇ ਦੀ ਧਰੋਹਰ ਹੁੰਦੇ ਹਨ। ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਕੋਸ਼ਿਸ਼ਾਂ ਵੱਡੇ ਮਤਲਬ ਛੱਡ ਜਾਂਦੀਆਂ ਹਨ। ਸਕਾਟਲੈਂਡ ਦੀ ਧਰਤੀ 'ਤੇ ਲਗਭਗ ਦੋ ਦਹਾਕਿਆਂ ਤੋਂ ਵਸਿਆ ਹੋਇਆ ਕਰਮਜੀਤ ਮੀਨੀਆਂ ਸਿਰਫ਼ ਗਾਇਕ ਹੀ ਨਹੀਂ ਹੈ ਉਹ ਗੀਤਕਾਰ, ਰੇਡੀਓ ਪੇਸ਼ਕਾਰ, ਸਾਜਿੰਦਾ ਹੋਣ ਦੇ ਨਾਲ ਨਾਲ ਹਾਸਿਆਂ ਦਾ ਵਣਜਾਰਾ ਵੀ ਹੈ। ਕੋਈ ਸਮਾਗਮ ਹੋਵੇ ਜਾਂ ਮਹਿਫ਼ਲ ਕਰਮਜੀਤ ਮੀਨੀਆਂ ਦੀਆਂ ਗੱਲਾਂ ਅਕਸਰ ਹੀ ਠਹਾਕਿਆਂ ਦਾ ਸਬੱਬ ਬਣਦੀਆਂ ਹਨ। ਕਰ-ਮਜੀਤ ਮੀਨੀਆਂ ਵੱਲੋਂ ਸਮੇਂ ਸਮੇਂ 'ਤੇ ਸੰਗੀਤ ਜਗਤ ਦੀ ਝੋਲੀ ਗੀਤ ਪਾਏ ਜਾਂਦੇ ਹਨ।

ਉਹਨਾਂ ਵੱਲੋਂ ਹਾਲ ਹੀ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਿਮਾਂ ਵਜੋਂ ਗੀਤ "ਇਨਕਲਾਬੀ ਯੋਧਾ" ਲੋਕ ਅਰਪਣ ਕੀਤਾ ਗਿਆ ਹੈ। ਗਲਾਸਗੋ ਦੇ ਰਾਮਗੜ੍ਹੀਆ ਹਾਲ ਵਿਖੇ ਹੋਏ ਵਿਸ਼ਾਲ ਸਮਾਗਮ ਦੌਰਾਨ ਸਕਾਟਲੈਂਡ ਦੀਆਂ ਨਾਮਵਰ ਹਸਤੀਆਂ ਦੀ ਹਾਜਰੀ ਵਿੱਚ ਇਨਕਲਾਬੀ ਯੋਧਾ ਗੀਤ ਸੰਗੀਤ ਜਗਤ ਦੇ ਸਨਮੁੱਖ ਪੇਸ਼ ਕੀਤਾ ਗਿਆ।

ਤੇਜ ਰਿਕਾਰਡਜ਼ ਵੱਲੋਂ ਪੇਸ਼ ਕੀਤੇ ਇਸ ਗੀਤ ਨੂੰ ਲੋਕ ਅਰਪਣ ਕਰਨ ਸਮੇਂ ਜਸਵੀਰ ਸਿੰਘ ਬਮਰਾਹ, ਸਰਦਾਰਾ ਸਿੰਘ ਜੰਡੂ, ਸਪਾਈਸ ਆਫ ਲਾਈਫ ਦੇ ਮਾਲਕ ਪਰਮਜੀਤ ਸਿੰਘ ਸਮਰਾ, ਕਾਰੋਬਾਰੀ ਇਕਬਾਲ ਸਿੰਘ ਕਲੇਰ, ਮਹਿਕ ਪੰਜਾਬ ਦੀ ਗਿੱਧਾ ਗਰੁੱਪ ਦੀਆਂ ਮੈਂਬਰਾਨ, ਐਡਵੋਕੇਟ ਜਗਜੀਵਨ ਸਿੰਘ, ਤਰਸੇਮ ਕੁਮਾਰ, ਰਵਿੰਦਰ ਸਿੰਘ ਸਹੋਤਾ, ਦਲਜੀਤ ਸਿੰਘ ਬਿੰਜੋਂ, ਸੁਖਦੇਵ ਸਿੰਘ ਰਾਹੀ ਸਮੇਤ ਬਹੁਤ ਸਾਰੇ ਨਾਮੀ ਸੱਜਣ ਸ਼ਾਮਲ ਹੋਏ। ਹਾਜ਼ਰੀਨ ਵੱਲੋਂ ਕਰਮਜੀਤ ਮੀਨੀਆਂ ਨੂੰ ਇਸ ਧਾਰਮਿਕ ਪੇਸ਼ਕਾਰੀ ਲਈ ਸ਼ਾਬਾਸ਼ ਦਿੰਦਿਆਂ ਵਧਾਈ ਵੀ ਪੇਸ਼ ਕੀਤੀ।

----

# ਸਕਾਟਲੈਂਡ: ਸੈਕੰਡਰੀ ਸਕੂਲਾਂ 'ਚ ਕਲਾਸਰੂਮ 'ਚ ਮਾਸਕ ਤੋਂ ਰਾਹਤ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਵਿੱਚ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਹੁਣ ਕਲਾਸਰੂਮਾਂ ਵਿੱਚ ਚਿਹਰੇ ਦੇ ਮਾਸਕ ਪਹਿਨਣ ਦੀ ਲੋੜ ਨਹੀਂ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਫਸਟ ਮਨਿਸਟਰ ਨਿਕੋਲਾ ਸਟਰਜਨ ਦੁਆਰਾ ਘੋਸ਼ਣਾ ਕਰਨ ਤੋਂ ਬਾਅਦ ਸੋਮਵਾਰ ਨੂੰ ਕੋਵਿਡ ਪਾਬੰਦੀਆਂ ਵਿੱਚ ਢਿੱਲ ਦਿੱਤੀ ਗਈ। ਇਸ ਢਿੱਲ ਦੇ ਬਾਵਜੂਦ, ਵਿਦਿਆਰਥੀਆਂ ਅਤੇ ਸਟਾਫ਼ ਨੂੰ ਇਮਾਰਤ ਦੇ ਆਲੇ-ਦੁਆਲੇ ਅਤੇ ਕੋਰੀਡੋਰ ਆਦਿ ਵਿੱਚ ਘੁੰਮਦੇ ਹੋਏ ਵੀ ਮਾਸਕ ਪਹਿਨਣੇ ਪੈਣਗੇ। ਜਿਹੜੇ ਲੋਕ ਮਾਸਕ ਪਹਿਨਣਾ ਜਾਰੀ ਰੱਖਣਾ ਚਾਹੁੰਦੇ ਹਨ ਉਨ੍ਹਾਂ ਨੂੰ ਅਜਿਹਾ



ਕਰਨ ਲਈ ਪੂਰੀ ਤਰ੍ਹਾਂ ਸਮਰਥਨ ਵੀ ਕੀਤਾ ਜਾਵੇਗਾ। ਸਕਾਟਲੈਂਡ ਦੀ ਸਿੱਖਿਆ ਸਕੱਤਰ ਸ਼ਰਲੀ ਐਨ ਸੋਮਰਵਿਲ ਨੇ ਇਸ ਕਦਮ ਦੀ ਮੀਲ ਪੱਥਰ ਵਜੋਂ ਸ਼ਲਾਘਾ ਕੀਤੀ ਹੈ। ਉਸਨੇ ਕਿਹਾ ਕਿ ਅਧਿਆਪਕਾਂ ਅਤੇ ਸਹਾਇਕ ਸਟਾਫ਼ ਨੂੰ ਵੀ ਇੱਕ ਚੁਣੌਤੀਪੂਰਨ ਮਾਹੌਲ ਵਿੱਚ ਕੰਮ ਕਰਨਾ ਪਿਆ ਹੈ, ਪਰ ਸਾਰਿਆਂ ਨੇ ਵਿਦਿਆਰਥੀਆਂ ਦੀ ਬਿਹਤਰੀ ਲਈ ਬਹੁਤ ਸਖ਼ਤ ਮਿਹਨਤ ਕੀਤੀ ਹੈ। ਸਟਰਜਨ ਅਨੁਸਾਰ ਨਿਯਮਾਂ ਵਿੱਚ ਢਿੱਲ ਮਾਹਿਰਾਂ ਦੀ ਸਲਾਹ ਉਪਰੰਤ ਹੀ ਦਿੱਤੀ ਗਈ ਹੈ ਇਸ ਦੇ ਨਾਲ ਸਕੂਲ ਅਸੈਂਬਲੀਆਂ 'ਤੇ ਪਾਬੰਦੀਆਂ ਵੀ ਹਟਾ ਦਿੱਤੀਆਂ ਗਈਆਂ ਹਨ ਅਤੇ ਸਰਕਾਰ ਨੇ ਵਾਇਰਸ ਵਿਰੁੱਧ ਲੜਾਈ ਵਿੱਚ ਨਿਰੰਤਰ ਚੌਕਸੀ ਰੱਖਣ ਦੀ ਮੰਗ ਵੀ ਕੀਤੀ।

# ਸਰਕਾਰੀ ਪ੍ਰੋਗਰਾਮ ਰਾਹੀਂ 1000 ਤੋਂ ਵੱਧ ਬੇਘਰ ਲੋਕਾਂ ਨੂੰ ਮੁਹੱਈਆ ਕਰਵਾਏ ਘਰ




**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–**ਸਕਾਟਲੈਂਡ ਵਿੱਚ ਹਾਊਸਿੰਗ ਫਸਟ ਨੇ ਨਸ਼ਾਖੋਰੀ ਵਰਗੇ ਮੁੱਦਿਆਂ ਨਾਲ ਜੂਝ ਰਹੇ ਬੇਘਰੇ ਲੋਕਾਂ ਨੂੰ ਆਪਣੇ ਘਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ। ਬੇਘਰਿਆਂ ਨਾਲ ਨਜਿੱਠਣ ਲਈ ਸਰਕਾਰ ਦੁਆਰਾ ਫੰਡ ਕੀਤੇ ਇਸ ਪ੍ਰੋਗਰਾਮ ਦੁਆਰਾ 1000 ਤੋਂ ਵੱਧ ਲੋਕਾਂ ਨੂੰ ਘਰਾਂ ਵਿੱਚ ਰੱਖਿਆ ਗਿਆ ਹੈ। ਹਾਊਸਿੰਗ ਫਸਟ ਨੂੰ ਬੇਘਰੇ ਲੋਕਾਂ ਦੀ ਮਦਦ ਕਰਨ ਦੇ ਹੱਲ ਵਜੋਂ ਤਿਆਰ ਕੀਤਾ ਗਿਆ ਸੀ ਜਿਨ੍ਹਾਂ ਨੂੰ ਕਿ ਨਸ਼ਾਖੋਰੀ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਹੁੰਦੀਆਂ ਹਨ। ਇਹ ਪ੍ਰੋਗਰਾਮ ਕਿਰਾਏਦਾਰਾਂ ਨੂੰ ਸੁਤੰਤਰ ਤੌਰ 'ਤੇ ਰਹਿਣਾ ਜਾਰੀ ਰੱਖਣ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਸਹਾਇਤਾ ਵੀ ਪ੍ਰਦਾਨ ਕਰਦਾ ਹੈ। 2019 ਤੋਂ ਸਰਕਾਰ ਨੇ ਹਾਊਸਿੰਗ ਫਸਟ ਪਾਥਫਾਈਂਡਰ ਪ੍ਰੋਗਰਾਮ 'ਤੇ 5.5 ਮਿਲੀਅਨ ਪੌਂਡ ਖਰਚ ਕੀਤੇ ਹਨ।

ਸਮਾਜਿਕ ਨਿਆਂ ਸਕੱਤਰ ਸ਼ੋਨਾ ਰੌਬਿਸਨ ਅਨੁਸਾਰ ਹਾਊਸਿੰਗ ਫਸਟ ਦਾ ਉਦੇਸ਼ ਗੁੰਝਲਦਾਰ ਲੋੜਾਂ ਵਾਲੇ ਲੋਕਾਂ ਲਈ ਨਿਆਂ ਪ੍ਰਣਾਲੀ ਨਾਲ ਵਾਰ-ਵਾਰ ਗੱਲਬਾਤ ਕਰਨਾ ਹੈ ਅਤੇ ਅਸਥਾਈ ਰਿਹਾਇਸ਼ ਦੀ ਗਿਣਤੀ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ।

# ਪਰਕਸ ਵੱਲੋਂ ਗੁਰਦਾਸਪੁਰੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:–** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਹਰਮਨ ਪਿਆਰੇ ਲੋਕ ਗਾਇਕ ਸ. ਅਮਰਜੀਤ ਸਿੰਘ ਗੁਰਦਾਸਪੁਰੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ



ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ। ਉਹ ਅੱਜ ਭਾਵੇਂ ਸਾਡੇ ਵਿਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਲੋਕ ਗਾਇਕੀ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਪੰਜਾਬ ਸਾਹਿਤ ਅਕੈਡਮੀ ਵਲੋਂ ਯੂਰਪੀ ਪੰਜਾਬੀ ਕਵੀ ਦਰਬਾਰ ਦੀ ਸਫ਼ਲ ਪੇਸ਼ਕਾਰੀ



ਪੰਜਾਬ ਸਾਹਿਤ ਅਕੈਡਮੀ ਵਲੋਂ ਕਵੀ ਦਰਬਾਰਾ ਦੀ ਲੜੀ ਵਿਚ ਅੱਜ ਯੂਰਪੀ ਦੇਸ਼ਾਂ ਇਟਲੀ ਜਰਮਨੀ, ਬੈਲਜੀਅਮ , ਤੇ ਗ੍ਰੀਸ ਦੇ ਕਵੀਆਂ ਵੱਲੋ ਆਪਣੇ ਕਲਮ ਪੇਸ਼ ਕੀਤੇ ਗਏ। ਡਾਕਟਰ ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕੈਡਮੀ ਵੱਲੋ ਸਵਾਗਤੀ ਸ਼ਬਦ ਕਹੇ ਗਏ ਉਹਨਾਂ ਨੇ ਕਿਹਾ ਅਸੀਂ ਆਉਣ ਵਾਲੇ ਸਮੇ ਵਿੱਚ ਸਾਹਿਤ ਉਤਸਵ ਕਰਵਾਣ ਜਾ ਰਹੇ ਹਾਂ। ਅਸੀਂ ਸੰਸਾਰ ਭਰ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਪੰਜਾਬੀਅਤ ਨਾਲ ਜੋੜਨ ਲਈ ਕੰਮ ਕਰ ਰਹੇ ਹਾਂ ।ਪ੍ਰੋਗਰਾਮ ਦੀ ਸ਼ੁਰੂਆਤ ਅਰਵਿੰਦਰ ਢਿੱਲੋਂ ਨੇ ਕਿਹਾ ਕਿ ਪੰਜਾਬ ਸਾਹਿਤ ਅਕੈਡਮੀ ਵੱਲੋਂ ਕਵੀ ਦਰਬਾਰ ਹਰ 15 ਦਿਨ ਬਾਦ ਵੱਖ ਵੱਖ ਥਾਵਾਂ ਤੋਂ ਵਸਦੇ ਪੰਜਾਬੀ ਕਵੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਅੱਜ ਦੇ ਕਵੀ ਦਰਬਾਰ ਵਿੱਚ ਦਲਜਿੰਦਰ ਰਹਿਲ ਗੁਰਪ੍ਰੀਤ ਕੌਰ ਗੇਦੂ, ਨੀਲੂ ਜਰਮਨੀ, ਪ੍ਰੇਮਪਾਲ ਸਿੰਘ ਬਿੰਦਰ ਕੋਲੀਆਂਵਾਲਾ, ਗੁਰਮੀਤ ਸਿੰਘ, ਕੇਹਰ ਸ਼ਰੀਫ, ਸਿੱਕੀ ਝੱਜੀ ਪਿੰਡ ਵਾਲਾ, ਰਾਣਾ ਅਠੋਲਾ, ਨੇ ਆਪਣੀਆਂ ਕਵਿਤਾਵਾਂ ਰਾਹੀਂ ਮਾਹੌਲ ਨੂੰ ਭਾਵੁਕ ਕਰ ਦਿੱਤਾ ।ਪੰਜਾਬੀ ਭਾਸ਼ਾ ਪਰਵਾਸ, ਵਿਸ਼ਵ ਸ਼ਾਂਤੀ ਅਤੇ ਔਰਤ ਦੀ ਤ੍ਰਾਸਦੀ ਬਾਰੇ ਕਲਮ ਪੇਸ਼ ਕੀਤੇ ਗਏ। ਡਾਕਟਰ ਸਰਬਜੀਤ ਕੌਰ ਸੋਹਲ ਨੇ ਵਿਸ਼ਵ ਸ਼ਾਂਤੀ ਦੀ ਗੱਲ ਕੀਤੀ ਅਮਨ ਸ਼ਾਂਤੀ ਨਾਲ ਸੰਸਾਰ ਖੂਬਸੂਰਤ ਬਣ ਸਕਦਾ ਹੈ। ਅਰਵਿੰਦਰ ਢਿੱਲੋਂ ਨੇ ਕਿਹਾ ਹਰ ਮਸਲਾ ਹੱਲ ਬਾਤ ਰਾਹੀਂ ਕਰਕੇ ਸ਼ਾਂਤੀ ਬਣਾਈ ਜਾਵੇ । ਬਲਵਿੰਦਰ ਸਿੰਘ ਚਹਿਲ ਨੇ ਧੰਨਵਾਦ ਕਰਦੇ ਹੋਏ ਸਾਹਿਤ ਸੁਰ ਸੰਗਮ ਇਟਲੀ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਅਰਵਿੰਦਰ ਢਿੱਲੋਂ ਨੇ ਕਿਹਾ ਅਸੀਂ ਸਾਹਿਤ ਸੁਰ ਸੰਗਮ ਦੇ ਧੰਨਵਾਦੀ ਹਾਂ ਤੇ ਆਉਣ ਵਾਲੇ ਸਮੇ ਵਿੱਚ ਵੀ ਇਸੇ ਤਰਾ ਦੇ ਪ੍ਰੋਗਰਾਮ ਕਰਵਾਏ ਜਾਣਗੇ ।

**ਅਰਵਿੰਦਰ ਢਿੱਲੋਂ**
**ਐਗਜ਼ੈਕਟਿਵ ਮੈਂਬਰ ਤੇ ਪ੍ਰੋਗਰਾਮ ਕੋਆਰਡੀਨੇਟਰ**
**ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ**

# ਸ੍ਰੀ ਗੁਰੂ ਰਵਿਦਾਸ ਜੀ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਨੇ ਛੇਵਾਂ ਕੰਨਿਆਦਾਨ ਸਮਾਗਮ ਕਰਵਾਇਆ



ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆ ਦਾਨ ਸੰਸਥਾ (ਰਜਿ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਆਗਮਨ ਪੁਰਬ ਨੂੰ ਸਮਰਪਿਤ 5 ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਮਿਤੀ 27 ਫਰਵਰੀ 2022 ਦਿਨ ਐਤਵਾਰ ਨੂੰ ਸਨਰਾਈਜ਼ ਕਮਿਊਨਿਟੀ ਸੈਂਟਰ, ਰੰਧਾਵਾ ਮਸੰਦਾਂ ਜਲੰਧਰ ਵਿਖੇ ਕੀਤੇ ਗਏ। ਸੰਸਥਾ ਸੰਸਥਾਪਕ ਸਤਪਾਲ ਮਹੇ (ਯੂਏਈ) ਤੇ ਪੰਜਾਬ ਪ੍ਰਧਾਨ ਬੀਰ ਚੰਦ ਸੁਰੀਲਾ ਤੇ ਸਾਥੀਆਂ ਦੇ ਸਹਿਯੋਗ ਸਦਕਾ ਇਹ ਛੇਵਾਂ ਕੰਨਿਆ ਦਾਨ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਨ੍ਹਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾਂ ਦੇ ਮੈਂਬਰਾਂ ਦਾ ਉਘਾ ਯੋਗਦਾਨ ਰਿਹਾ। ਕੰਨਿਆਦਾਨ ਨੂੰ ਉੱਤਮ ਦਾਨ ਸਮਝ ਕੇ ਨਗਰ ਨਿਵਾਸੀਆਂ ਨੇ ਵੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ। ਇਸ ਮੌਕੇ ਮੁੱਖ ਮਹਿਮਾਨ ਨੇ ਸੰਸਥਾ ਵੱਲੋਂ ਕੰਨਿਆਦਾਨ ਦੇ ਨਾਲ ਨਾਲ ਸਿੱਖਿਆ, ਖੇਡਾਂ ਅਤੇ ਮੈਡੀਕਲ ਕੈਂਪ ਲਗਾ ਕੇ ਪਰਉਪਕਾਰ ਦੇ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਉਪ-ਪ੍ਰਧਾਨ ਸ ਸਰਵਣ ਸਿੰਘ ਅਤੇ ਸੰਸਥਾ ਸੰਸਥਾਪਕ ਸੁਰੇਸ਼ ਕਲੇਰ, ਪ੍ਰੈਸ ਸਕੱਤਰ ਬਲਰਾਜ ਸਿੰਘ, ਬਲਵਿੰਦਰ ਬੰਗੜ, ਅਸ਼ਵਨੀ ਵਿਰਦੀ ਨੇ ਪੰਜਵੇਂ ਕੰਨਿਆਦਾਨ ਸਮਾਗਮ 'ਚ ਸਹਿਯੋਗ ਦੇਣ ਵਾਲੇ ਹਰ ਸਹਿਯੋਗੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇ ਕੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਫ਼ਲ ਬਨਾਉਣ ਲਈ ਹੌਂਸਲਾ ਦਿੰਦੇ ਰਹਿਣ ਦੀ ਬੇਨਤੀ ਕੀਤੀ। ਕੰਨਿਆਦਾਨ ਸੰਸਥਾ ਵੱਲੋਂ ਇਸ ਸਾਲ ਕਈ ਸਕੂਲਾਂ ਦੇ ਵਿਦਿਆਰਥੀ ਜਿਨ੍ਹਾਂ ਦੇ ਨੰਬਰ 85% ਤੋਂ ਵੱਧ ਸਨ ਉਨ੍ਹਾਂ ਦਾ ਨਕਦ ਇਨਾਮ ਦੇ ਕੇ ਸਨਮਾਨ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮਾਗਮ ਵਿਚ ਸ਼ਿਰਕਤ ਕਰਕੇ ਸੰਸਥਾ ਦਾ ਮਾਣ ਵਧਾਇਆ।

ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਿਚ, ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਦਵਿੰਦਰ ਸੁਰੀਲਾ, ਡਾ ਇੰਦਰਜੀਤ ਕੰਜਲਾ, ਮਾਤਾ, ਮਲਕੀਤੋ, ਬੀਬੀ ਦਲਵੀਰ ਕੌਰ, ਸਰਬਜੀਤ ਕੌਰ ਧੁੱਗਾ, ਬੀਬੀ ਇੰਦਰਜੀਤ ਕੌਰ ਰਾਉਵਾਲੀ, ਜਗਦੀਪ ਵਾਲੀਆ, ਨਛੱਤਰ ਕਲੇਰ, ਸਰਬਜੀਤ ਵਿਰਦੀ, ਹਰਪ੍ਰੀਤ ਸਿੰਘ, ਹਰੀਸ਼ ਵਿਰਦੀ, ਸੰਜੀਵ ਸਲਾਰਪੁਰ , ਐਡ। ਜਗਜੀਵਨ ਰਾਮ, ਡਾ। ਮੱਖਣ ਲਾਲ, ਇੰਜੀ ਅਜੀਤ ਸਿੰਘ, ਤਿਲਕ ਰਾਜ, ਸੰਜੀਵ ਭੱਟੀ, ਤਰਸੇਮ ਬੱਧਣ, ਉਕਾਰ ਰੱਤੂ, ਰੂੜਾ ਰਾਮ ਮਾਹੀ, ਗਿਆਨ ਚੰਦ ਮੱਲ , ਪ੍ਰਧਾਨ ਪਰਮਜੀਤ ਸਿੰਘ, ਕੇਵਲ ਕ੍ਰਿਸ਼ਨ ਮਾਹੀ, ਪ੍ਰੇਮ ਧਨਾਲ, ਮਹਿੰਦਰ ਲਾਲ ਸਰਪੰਚ, ਵੈਦ ਸੋਮ ਪ੍ਰਕਾਸ਼, ਦੇਵਰਾਜ ਕਲੇਰ, ਰਾਜ ਕੁਮਾਰ ਸਰਪੰਚ, ਸੁਰਜੀਤ ਲਾਲ ਸਰਪੰਚ, ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

**-ਤਰਸੇਮ ਬੱਧਣ**

## ਰਵਿਦਾਸ ਮਹਾਰਾਜ ਜੀ ਦੇ ਪੁਰਬ ਦਿਹਾੜੇ 'ਤੇ ਪਿੰਡ ਬਖਲੌਰ ਵਿਖੇ ਜਗਜੀਤ ਕਲੇਰ ਦੇ ਗੀਤ ਦਾ ਪੋਸਟਰ ਰਿਲੀਜ਼



**ਚੰਡੀਗੜ (ਪ੍ਰੀਤਮ ਲੁਧਿਆਣਵੀ)** ਸਾਹਿਬ ਏ-ਕਮਾਲ ਧੰਨ-ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਪੁਰਬ ਪਿੰਡ ਬਖਲੌਰ ਜਿਲਾ ਐਸ ਬੀ ਐਸ ਨਗਰ (ਨਵਾਂ ਸ਼ਹਿਰ) ਵਿੱਚ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। 26 ਫਰਵਰੀ 2022 ਨੂੰ ਸਾਰੇ ਨਗਰ ਵਿੱਚ ਸ਼ੋਭਾ ਯਾਤਰਾ ਸਜਾਈ ਗਈ ਤੇ ਗੁਰੂ ਦੇ ਲੰਗਰ ਵੀ ਦੋ ਦਿਨ ਅਤੁੱਟ ਚਲਾਏ ਗਏ।

ਇਸ ਮੌਕੇ ਸੱਤਪਾਲ ਸੰਗੀ ਨੇ ਆਪਣੀ ਮਿੱਠੀ ਤੇ ਸੁਰੀਲੀ ਅਵਾਜ਼ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗੁਣਗਾਨ ਕੀਤਾ। ਪਾਠ ਦੇ ਭੋਗ ਪੈਣ ਤੋਂ ਬਾਅਦ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਆਪਣੇ ਸ਼ਬਦਾ ਰਾਹੀਂ ਸੱਤਪਾਲ ਸੰਗੀ, ਡਾ ਸ਼ਾਮ ਬਖਲੌਰੀ, ਮਿਸ਼ਨਰੀ ਸਿੰਗਰ ਰਾਜ ਦਦਰਾਲ ਤੇ ਸਰਬਜੀਤ ਮੱਟੂ ਨੇ ਗੁਰੂ ਜੀ ਦੀ ਪਵਿੱਤਰ ਬਾਣੀ ਨਾਲ ਜੋੜਿਆ। ਇਸ ਮੌਕੇ ਤੇ ਪ੍ਰਸਿੱਧ ਬੀ। ਆਰ ਰਿਕਾਰਡ ਤੇ ਪੰਮਾ ਬਖਲੌਰੀ ਦੀ ਪੇਸ਼ਕਸ਼ ਪ੍ਰਸਿੱਧ ਗੀਤਕਾਰ ਤੇ ਗਾਇਕ ਜਗਜੀਤ ਕਲੇਰ ਦਾ ਗੀਤ, 'ਦੱਬਦਾ ਨਹੀਂ' ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਹ ਗੀਤ ਭਾਰਤੀ ਸੰਵਿਧਾਨ ਦੇ ਸਿਰਜਣਹਾਰ ਤੇ ਕੌਮ ਦੇ ਬੱਬਰ ਸ਼ੇਰ ਡਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਕੀਤਾ ਗਿਆ।

ਗੀਤਕਾਰ ਪੰਮੇ ਬਖਲੌਰੀ ਨੇ ਫੋਨ ਤੇ ਗੱਲ ਕਰਦਿਆਂ ਦੱਸਿਆ ਕਿ ਇਹ ਧਾਰਮਿਕ ਸਮਾਗ਼ਮ ਨੇਪਰੇ ਚਾੜਨ ਵਿੱਚ ਰਾਜੂ ਬਖਲੌਰੀ, ਪ੍ਰਧਾਨ ਜੀਵਨ ਮਹਿਮੀ (ਜੀਣਾ) ਗੀਤਕਾਰ ਮਾਸਟਰ ਮੱਖਣ ਬਖਲੌਰ, ਰਾਜ ਦਦਰਾਲ, ਸਰਬਜੀਤ ਮੱਟੂ, ਪ੍ਰਧਾਨ ਹੰਸ ਰਾਜ ਸੁੰਮਨ, ਸਿੰਗਰ ਡਾ ਸ਼ਾਮ ਬਖਲੌਰੀ, ਨੌਜਵਾਨ ਪ੍ਰਭਾਤ ਫੇਰੀ ਸਭਾ ਬਖਲੌਰ, ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ, ਬਖਲੌਰ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀ ਅਤੇ ਐਨ ਆਰ ਵੀਰਾਂ ਦਾ ਬਹੁਤ ਸਹਿਯੋਗ ਰਿਹਾ।

## ਯੂਕਰੇਨ 'ਚ ਪੜ੍ਹਾਈ ਕਰ ਰਹੇ ਇੱਕ ਹੋਰ ਭਾਰਤੀ ਦੀ ਮੌਤ

**ਬਰਨਾਲਾ –** ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੇ ਯੁੱਧ ਦਾ ਖਮਿਆਜ਼ਾ ਭਾਰਤੀਆਂ ਨੂੰ ਭੁਗਤਣਾ ਪੈ ਰਿਹਾ ਹੈ ਇਸ ਜੰਗ ਕਾਰਨ ਬਣੇ ਤਣਾਅ ਪੂਰਵਕ ਮਾਹੌਲ ਚ ਫਸੇ ਵਿਦਿਆਰਥੀਆਂ ਦੀ ਹਾਲਤ ਦਿਨ ਬੇ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਬਰਨਾਲਾ ਦੇ ਜਿੰਦਲ ਪਰਿਵਾਰ 'ਤੇ ਯੂਕਰੇਨ 'ਚ ਚੱਲ ਰਹੇ ਯੁੱਧ ਨੇ ਸੱਥਰ ਵਿਛਾ ਦਿੱਤਾ ਹੈ।

ਫਾਰਮਾਸਿਸਟ ਸ਼ੀਸ਼ਨ ਜਿੰਦਲ ਦਾ ਪੁੱਤਰ ਚੰਦਲ ਜਿੰਦਲ 2018 'ਚ ਯੂਕਰੇਨ ਦੇ ਵਨੀਸ਼ੀਆ ਸ਼ਹਿਰ 'ਚ ਨੈਸ਼ਨਲ ਪਿਰੋਗਵ ਮੈਮੋਰੀਅਲ ਮੈਡੀਕਲ ਯੂਨੀਵਰਸਿਟੀ 'ਚ ਐਮਬੀਬੀਐਸ ਦੀ ਪੜ੍ਹਾਈ ਕਰਨ ਗਿਆ ਸੀ, ਤੇ ਚੌਥੇ ਸਾਲ ਦੀ ਪੜ੍ਹਾਈ ਕਰ ਰਿਹਾ ਸੀ, ਕਿ ਅਚਾਨਕ 2 ਫਰਵਰੀ ਦੀ ਰਾਤ ਨੂੰ ਉਸ ਦੇ ਦਿਮਾਗ ਤੇ ਦਿਲ ਦਾ ਦੌਰਾ ਪੈ ਗਿਆ। ਉਸ ਦੀ ਹਾਲਤ ਜ਼ਿਆਦਾ ਗੰਭੀਰ ਦੇਖਦਿਆਂ ਜਿੱਥੇ ਉਹ ਕੋਮਾ 'ਚ ਚਲਾ ਗਿਆ ਸੀ, ਤਾਂ ਡਾਕਟਰਾਂ ਨੇ 4 ਫਰਵਰੀ ਨੂੰ ਉਸ ਦਾ ਐਮਰਜੈਂਸੀ ਅਪਰੇਸ਼ਨ ਕਰ ਦਿੱਤਾ ਸੀ। ਆਪਣੇ ਬੇਟੇ ਦੀ ਦੇਖਭਾਲ ਕਰਨ ਦੇ ਲਈ ਉਸ ਦਾ ਪਿਤਾ ਸ਼ੀਸ਼ਨ ਕੁਮਾਰ ਤੇ ਤਾਇਆ ਕ੍ਰਿਸ਼ਨ ਕੁਮਾਰ ਵੀ ਯੂਕਰੇਨ ਚਲੇ ਗਏ ਸਨ ਕਿ ਅਚਾਨਕ ਹੀ ਉੱਥੇ ਯੁੱਧ ਸ਼ੁਰੂ ਹੋ ਗਿਆ ਤੇ ਉਸ ਦਾ ਪਰਿਵਾਰ ਤਿੰਨ ਹਫ਼ਤਿਆਂ ਤੋਂ ਯੁੱਧ ਵਿੱਚ ਹੀ ਫਸਿਆ ਹੋਇਆ ਸੀ। 2 ਮਾਰਚ ਨੂੰ ਚੰਦਨ ਜਿੰਦਲ ਦੀ ਯੂਕਰੇਨ ਵਿੱਚ ਮੌਤ ਹੋ ਗਈ ਹੈ। ਜਿਸ ਨਾਲ ਜ਼ਿਲ੍ਹੇ 'ਚ ਮਾਤਮ ਦਾ ਮਾਹੌਲ ਹੈ। ਇਕ ਦਿਨ ਪਹਿਲਾਂ ਹੀ ਉਸ ਦੇ ਤਾਇਆ ਜੀ ਵਾਪਸ ਆਏ ਸਨ ਤੇ ਬੁੱਧਵਾਰ ਨੂੰ ਹੀ ਉਸ ਦੇ ਮੌਤ ਦੀ ਖ਼ਬਰ ਆਈ ਹੈ। ਮ੍ਰਿਤਕ ਚੰਦਨ ਦੇ ਤਾਏ ਦੇ ਲੜਕੇ ਭਾਜਪਾ ਨੇਤਾ ਨੀਰਜ ਜਿੰਦਲ ਨੇ ਦੱਸਿਆ ਕਿ ਉਹ ਆਪਣੇ ਮਾਂ ਬਾਪ ਦਾ ਇਕਲੌਤਾ ਬੇਟਾ ਸੀ। ਸ਼ਹਿਰ ਦੀਆਂ ਸਾਰੀਆਂ ਰਾਜਨੀਤਕ ਸਮਾਜ ਸੇਵੀ ਲੋਕਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ ਅਤੇ ਸਰਕਾਰ ਤੋਂ ਜਲਦ ਤੋਂ ਜਲਦ ਪਰਿਵਾਰ ਦੀ ਹਰ ਸੰਭਵ ਮੱਦਦ ਕਰਨ ਦੀ ਅਪੀਲ ਕੀਤੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਨੰਗਲ ਹਾਫ ਮੈਰਾਥਨ ਵਿੱਚ ਰਣਜੀਤ ਸ਼ਰਮਾ ਛਾਇਆ



**ਪਟਿਆਲਾ (ਚਮਨਦੀਪ ਸ਼ਰਮਾ)** ਬੀਤੇ ਦਿਨੀ ਨੰਗਲ ਸ਼ਹਿਰ ਵਿੱਚ ਐੱਨ ਐੱਫ ਐੱਲ ਦੁਆਰਾ ਕਰਵਾਈ ਗਈ ਪੰਜਵੀ ਹਾਫ ਮੈਰਾਥਨ, 'ਨੰਗਲ ਮੇ ਦੰਗਲ' ਵਿੱਚ ਰਣਜੀਤ ਸ਼ਰਮਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ ਜੋ ਕਿ ਪਟਿਆਲਾ ਸ਼ਹਿਰ ਲਈ ਮਾਣ ਦੀ ਗੱਲ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਥਲੀਟ ਰਣਜੀਤ ਸ਼ਰਮਾ ਨੇ ਦੱਸਿਆ ਕਿ ਉਸਨੇ (ਉਮਰ ਗੁੱਟ ਤੀਹ ਤੋਂ ਪਨਤਾਲੀ) ਵਿੱਚ 10 ਕਿਲੋਮੀਟਰ ਦੀ ਦੂਰੀ 41 ਮਿੰਟ 29 ਸਕਿੰਟ ਵਿੱਚ ਪੂਰੀ ਕੀਤੀ। ਇਸ ਮੈਰਾਥਨ ਵਿੱਚ ਹਜ਼ਾਰਾਂ ਦੌੜਾਕਾਂ ਨੇ ਭਾਗ ਲਿਆ ਸੀ। ਉਸਨੇ ਦੱਸਿਆ ਕਿ ਮੈਰਾਥਨ ਵਿੱਚ ਚੰਗਾ ਪ੍ਰਦਰਸ਼ਨ ਕਰਨ ਲਈ ਰੋਜ਼ਾਨਾ 1 ਘੰਟੇ ਦਾ ਸਖ਼ਤ ਅਭਿਆਸ ਕਰਦਾ ਹੈ। ਇਸ ਤੋਂ ਇਲਾਵਾ ਖਾਣ ਪੀਣ ਅਤੇ ਰਨਿੰਗ ਦੀ ਪ੍ਰੈਕਟਿਸ ਵੱਖਰੇ ਤੌਰ ਤੇ ਕਰਨੀ ਪੈਂਦੀ ਹੈ। ਹੁਣ ਇਹ ਅਥਲੀਟ ਮਾਸਟਰ ਗੇਮਜ਼ ਦੀ ਤਿਆਰੀ ਵਿੱਚ ਰੁੱਝਿਆ ਹੋਇਆ ਹੈ। ਉਸਨੇ ਨੌਜਵਾਨ ਵਰਗ ਨੂੰ ਨਸ਼ੇ ਦਾ ਤਿਆਗ ਕਰਕੇ ਖੇਡ ਪ੍ਰਤਿਯੋਗਤਾਵਾਂ ਵਿੱਚ ਭਾਗ ਲੈਣ ਦੀ ਅਪੀਲ ਕੀਤੀ ਹੈ ਤਾਂ ਜੋ ਅਸਲੀਅਤ ਵਿੱਚ ਦੇਸ਼ ਨੂੰ ਸੋਨੇ ਦੀ ਚਿੜੀ ਬਣਾਇਆ ਜਾ ਸਕੇ। ਉਸਦੀ ਇਸ ਕਾਮਯਾਬੀ ਤੇ ਸ਼ਹਿਰ ਦੀਆਂ ਵੱਖ ਵੱਖ ਖੇਡ ਸੰਸਥਾਵਾਂ ਨੇ ਵਧਾਈ ਦਿੱਤੀ ਹੈ। ਇੱਥੇ ਜ਼ਿਕਰਯੋਗ ਹੈ ਕਿ ਇਸ ਅਥਲੀਟ ਨੇ ਟਫਮੈਨ, ਟਰਾਈ ਸਿਟੀ ਹਾਫ ਮੈਰਾਥਨ, ਪੰਜਾਬ ਹਾਫ ਮੈਰਾਥਨ, ਮਾਸਟਰ ਗੇਮਜ਼, ਮੋਰਨੀ ਹਿਲ ਆਦਿ ਅਥਲੈਟਿਕ ਈਵੈਂਟ ਵਿੱਚ ਜੇਤੂ ਪ੍ਰਦਰਸ਼ਨ ਕੀਤਾ ਹੈ।

# 25 ਹਜ਼ਾਰ ਕੈਨੇਡੀਅਨ ਡਾਲਰ ਜੇਤੂ ਕਿਤਾਬ ਅਤੇ 10-10 ਹਜ਼ਾਰ 2 ਫਾਈਨਲਿਸਟ ਕਿਤਾਬਾਂ ਨੂੰ ਇਨਾਮ ਪ੍ਰਦਾਨ ਕਰਨ ਵਾਲੇ ਢਾਹਾਂ ਸਾਹਿਤ ਇਨਾਮ - 2022 ਲਈ ਨਾਮਜ਼ਦਗੀਆਂ ਆਰੰਭ

## ਕਿਤਾਬਾਂ ਪਹੁੰਚਾਉਣ ਦੀ ਆਖਰੀ ਤਰੀਕ 31 ਮਾਰਚ 2022

**ਨਵਾਸ਼ਹਿਰ (ਸੰਤੋਖ ਸਿੰਘ ਜੱਸੀ) –** ਢਾਹਾਂ ਸਾਹਿਤ ਇਨਾਮ ਪੰਜਾਬੀ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਮੁਲਕੀ ਹੱਦਾਂ ਸਰਹੱਦਾਂ ਤੋਂ ਪਰਾਂਹ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ ਸੀ। ਵਿਸ਼ਵ ਪੱਧਰ ਉੱਤੇ, ਇਹ ਸਾਲਾਨਾ ਇਨਾਮ ਗੁਰਮੁਖੀ ਜਾਂ ਸ਼ਾਹਮੁਖੀ, ਕਿਸੇ ਵੀ ਲਿਪੀ ਵਿਚ ਛਪੀਆਂ ਪੰਜਾਬੀ ਗਲਪ ਜਿਵੇਂ ਨਾਵਲ ਅਤੇ ਕਹਾਣੀ ਸੰਗ੍ਰਿਹਿ ਦੀਆਂ ਤਿੰਨ ਸਰਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਸਾਲ 2022 ਦੇ ਢਾਹਾਂ ਇਨਾਮ ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਕਿਤਾਬਾਂ ਦੇ ਪਹੁੰਚਣ ਦੀ ਆਖਰੀ ਤਰੀਕ 31 ਮਾਰਚ 2022 ਹੈ।ਇਹ ਜਾਣਕਾਰੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਾਲ 2013 ਵਿਚ ਸ਼ੁਰੂ ਕੀਤੇ ਗਏ ਪੰਜਾਬੀ ਸਾਹਿਤ ਵਿੱਚ ਵਿਸ਼ਵ ਦੇ ਹਸਤਾਖਰ ਢਾਹਾਂ ਇਨਾਮ ਦੀ ਰਕਮ 25 ਹਜ਼ਾਰ ਕਨੇਡੀਅਨ ਡਾਲਰ ਜੇਤੂ ਕਿਤਾਬ ਅਤੇ ਦੋ ਹੋਰ ਇਨਾਮਾਂ ਦੀ ਰਕਮ ਦਸ-ਦਸ ਹਜ਼ਾਰ ਕੈਨੇਡੀਅਨ ਡਾਲਰ ਡਾਲਰ ਹੈ। ਇਹ ਤਿੰਨੇ ਇਨਾਮ ਇਸ ਢੰਗ ਨਾਲ ਦਿੱਤੇ ਜਾਂਦੇ ਹਨ ਕਿ ਹਰੇਕ ਲਿਪੀ ਦੇ ਹਿੱਸੇ ਇੱਕ ਇਨਾਮ ਜ਼ਰੂਰ ਆਵੇ। ਸ੍ਰੀ ਢਾਹਾਂ ਨੇ ਕਿਹਾ ਕਿ 2022 ਦੇ ਢਾਹਾਂ ਇਨਾਮ ਲਈ ਨਾਵਲ ਜਾਂ ਕਹਾਣੀਆਂ ਦੀਆਂ ਕਿਤਾਬਾਂ ਨਾਮਜ਼ਦ ਕਰਨ ਦੇ ਚਾਹਵਾਨ ਨਾਮਜ਼ਦਗੀ ਫਾਰਮ




subimsisons@dhahanpirze.com ਈਮੇਲ 'ਤੇ ਭਰਨ ਤੋਂ ਬਾਅਦ ਇਸੇ ਹੀ ਈਮੇਲ 'ਤੇ ਕਿਤਾਬ ਦੀ ਇਲੈੱਕਟ੍ਰਾਨਿਕ ਕਾਪੀ ਵੀ ਭੇਜ ਦੇਣ। ਸੰਬੰਧਿਤ ਕਿਤਾਬ ਦੀਆਂ ਤਿੰਨ ਕਾਪੀਆਂ ਢਾਹਾਂ ਇਨਾਮ ਦੇ ਮੁੱਖ ਦਫ਼ਤਰ Dhahan Pirze Book Subimsison, #1058/2560 Shell



Road,i Rchmond, BC Canada V6X 0B8 ਵਿਖੇ ਡਾਕ ਜਾਂ ਕੋਰੀਅਰ ਰਾਹੀਂ ਭੇਜੀਆਂ ਜਾਣ। ਇਸ ਸੰਬੰਧੀ ਹੋਰ ਜਾਣਕਾਰੀ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿੱਚ www.dhahanpirze.com ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਇਨਾਮ ਹੈ। ਜਿਸ ਦਾ ਮਕਸਦ ਪੂਰੀ ਦੁਨੀਆ ਵਿੱਚ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨਾ ਅਤੇ ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਅਤੇ ਪਸਾਰ ਕਰਨਾ ਹੈ।

ਇਹ ਪੁਰਸਕਾਰ ਪੰਜਾਬੀ ਲੇਖਕਾਂ ਨੂੰ ਵੱਡੇ ਪੱਧਰ 'ਤੇ ਪਛਾਣ ਪ੍ਰਦਾਨ ਕਰਦਾ ਹੈ ਅਤੇ ਜੇਤੂ ਲੇਖਕਾਂ ਲਈ ਵਿਸ਼ਵ ਪੱਧਰ 'ਤੇ ਅੱਗੇ ਵਧਣ ਲਈ ਰਾਹ ਖੋਲ੍ਹਦਾ ਹੈ, ਜਿਸ ਰਾਹੀਂ ਉਹ ਬਹੁ-ਭਾਸ਼ੀ ਪਾਠਕਾਂ ਤੱਕ ਵੀ ਪਹੁੰਚ ਸਕਦੇ ਹਨ। ਢਾਹਾਂ ਇਨਾਮ ਦੀ ਸਥਾਪਨਾ ਬਾਰਜ ਢਾਹਾਂ (ਬਰਜਿੰਦਰ ਸਿੰਘ ਢਾਹਾਂ) ਅਤੇ ਰੀਟਾ ਢਾਹਾਂ ਦੁਆਰਾ ਪਰਿਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਕੀਤੀ ਗਈ। ਵਰਨਣਯੋਗ ਹੈ ਕਿ ਬਰਜਿੰਦਰ ਸਿੰਘ ਢਾਹਾਂ ਪ੍ਰਸਿੱਧ ਸਮਾਜ ਸੇਵਕ ਅਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਬਾਬਾ ਬੁੱਧ ਸਿੰਘ ਢਾਹਾਂ ਦੇ ਹੋਣਹਾਰ ਸਪੁੱਤਰ ਹਨ।

# ਅਮਰੀਕਾ ਵਸਦੇ ਪ੍ਰਸਿੱਧ ਐਨ.ਆਰ.ਆਈ, ਸਮਾਜ ਸੇਵਕ ਅਤੇ ਪੰਜਾਬੀ ਲੋਕ ਗਾਇਕ ਰੇਸ਼ਮ ਸਿੰਘ ਰੇਸ਼ਮ ਵਲੋਂ ਅੱਖਾਂ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ

**ਨਵਾਸ਼ਹਿਰ (ਸੰਤੋਖ ਸਿੰਘ ਜੱਸੀ):** ਪ੍ਰਸਿੱਧ ਸਮਾਜ ਸੇਵਕ ਅਤੇ ਪੰਜਾਬੀ ਲੋਕ ਗਾਇਕ ਸਰਦਾਰ ਰੇਸ਼ਮ ਸਿੰਘ ਰੇਸ਼ਮ ਵਲੋਂ ਆਪਣੀ ਦਾਦੀ ਸਵਰਗੀ ਬਲਵੰਤ ਕੌਰ ਵੜੈਚ(ਬੰਤੀ) ਦੀ ਯਾਦ ਵਿੱਚ ਡਾ. ਅੰਬਦੇਕਰ ਚੇਤਨਾ ਸੁਸਾਇਟੀ ਬੰਗਾ ਦੇ ਸਹਿਯੋਗ ਨਾਲ ਅੱਖਾ ਦਾ ਅਪ੍ਰੇਸ਼ਨ ਅਤੇ ਜਨਰਲ ਮੈਡੀਕਲ ਕੈਂਪ ਪਿੰਡ ਖਟਕੜ ਖੁਰਦ ਦੀ ਨਿਰਮਲ ਕੁਟੀਆ ਵਿਖੇ ਲਗਾਇਆ ਗਿਆ ਜਿਸ ਦਾ ਉਦਘਾਟਨ ਪ੍ਰਸਿੱਧ ਸਮਾਜਸੇਵੀ ਸਖਸ਼ੀਅਤ ਡਾ. ਬਖਸ਼ੀਸ਼ ਸਿੰਘ ਅਤੇ ਡਾ. ਕਸ਼ਮੀਰ ਚੰਦ ਨੇ ਸਾਂਝੇ ਤੌਰ ਤੇ ਕੀਤਾ। ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਇਸ ਮੌਕੇ ਕਿਹਾ ਕਿ ਲੋਕ ਭਲਾਈ ਦੇ ਕੰਮ ਕਰਕੇ ਉਨ੍ਹਾਂ ਦੇ ਮਨ ਨੂੰ ਸਕੂਨ ਮਿਲਦਾ ਹੈ ਅਤੇ ਉਹ ਇਸ ਤਰ੍ਹਾਂ ਦੇ ਕੰਮ ਤਾਜਿੰਦਗੀ ਕਰਦੇ ਰਹਿਣਗੇ। ਡਾ. ਬਖਸ਼ੀਸ਼ ਸਿੰਘ ਅਤੇ ਡਾ. ਕਸ਼ਮੀਰ ਚੰਦ ਨੇ ਕਿਹਾ ਕਿ ਗਾਇਕ ਰੇਸ਼ਮ ਸਿੰਘ ਰੇਸ਼ਮ ਮਨੁੱਖਤਾ ਦੀ ਸਹੀ ਮਾਈਨਿਆ ਵਿੱਚ ਲਗਾਤਾਰ ਸੇਵਾ ਕਰ ਰਿਹਾ ਹੈ। ਪ੍ਰਬੰਧਕਾ ਵਿੱਚ ਪ੍ਰਸਿੱਧ



ਡਾ. ਵੈਦ ਪ੍ਰਕਾਸ਼ ਪ੍ਰਧਾਨ ਚੇਤਨਾ ਸੁਸਾਇਟੀ, ਸਤਨਾਮ ਵੜੈਚ, ਕੁਲਜੀਤ ਵੜੈਚ, ਦੀਪਾ ਪੰਚ, ਮਨਦੀਪ ਸਿੰਘ, ਲੈਕਚਰਾਰ ਸੰ ਦਾਸ, ਹਰਜਿੰਦਰ ਸਿੰਘ, ਪ੍ਰੇਮ ਸਿੰਘ ਸੂਰਾਪੁਰੀ, ਲੈਕਚਰਾਰ ਸੁਭਾਸ਼ ਸੱਲਵੀ, ਸੁਰਿੰਦਰ ਮੋਹਨ, ਹਰਜੋਤ, ਸਵਰਾਜ ਸਿੰਘ, ਡਾ. ਜਸਵਿੰਦਰ ਰੱਲੂ, ਡਾ. ਸੁਖਵਿੰਦਰ ਹੀਰਾ, ਜਸਪ੍ਰੀਤ ਸਿੰਘ, ਪ੍ਰਿੰਸੀਪਲ ਸੰਤੋਖ ਦਾਸ, ਸੁਰਿੰਦਰ ਪਾਲ ਸਿੰਘ, ਅਜੈ ਖਟਕੜ, ਦੀਦਾਰ ਸਿੰਘ, ਲੈਕਚਰਾਰ ਬਲਿਹਾਰ ਸਿੰਘ, ਅਵਤਾਰ ਵੜੈਚ ਆਦਿ ਹਾਜਰ ਸਨ।ਇਸ ਕੈਂਪ ਦੋਰਾਨ ਦੁੱਗਲ ਹਸਪਤਾਲ ਜਲੰਧਰ ਦੀ ਸਮੁੱਚੀ ਟੀਮ ਵਲੋਂ 426 ਮਰੀਜਾਂ ਦਾ ਫਰੀ ਚੈੱਕਅੱਪ ਕੀਤਾ ਗਿਆ ਜਿਨ੍ਹਾਂ ਵਿੱਚੋ 76 ਮਰੀਜ ਲੈਂਜ ਪਾਉਣ ਲਈ ਚੁਣੇ ਗਏ।

ਬਾਕੀ ਮਰੀਜਾਂ ਨੂੰ ਮੁਫਤ ਦਵਾਈਆ ਅਤੇ ਐਨਕਾਂ ਦਿੱਤੀਆਂ ਗਈਆ। ਜਨਰਲ ਮੈਡੀਕਲ ਕੈੱਪ ਵਿੱਚ ਡਾ. ਕਸ਼ਮੀਰ ਚੰਦ, ਡਾ. ਨਵਨੀਤ ਸਹਿਗਲ ਅਤੇ ਡਾ. ਸੁਖਵਿੰਦਰ ਹੀਰਾ ਵਲੋਂ 375 ਮਰੀਜਾਂ ਨੂੰ ਦਵਾਈਆ ਦਿੱਤੀਆ ਗਈਆ। ਇਸ ਕੈਂਪ ਦੋਰਾਨ ਸੰਗਤਾ ਲਈ ਅਟੁੱਟ ਲੰਗਰ ਵੀ ਵਰਤਾਇਆ ਗਿਆ। ਸਰਪੰਚ ਰਾਮ ਲੁਭਾਇਆ, ਅਮਰੀਕ ਸਿੰਘ ਮਾਨ ਕਨੈਡਾ ਤੋਂ ਵਿਸੇਸ਼ ਤੌਰ ਤੇ ਇਸ ਕੈਂਪ ਵਿੱਚ ਪਹੁੰਚੇ।

# 10 ਮਾਰਚ ਨੂੰ ਮਤਦਾਨ ਗਿਣਤੀ ਕੇਂਦਰਾਂ ’ਤੇ 300 ਦੇ ਕਰੀਬ ਕਰਮਚਾਰੀ ਤੇ ਅਧਿਕਾਰੀ ਕੀਤੇ ਜਾਣਗੇ ਤਾਇਨਾਤ

**ਨਵਾਸ਼ਹਿਰ (ਸੰਤੋਖ ਸਿੰਘ ਜੱਸੀ):** ਜ਼ਿਲ੍ਹੇ ਦੇ ਤਿੰਨਾਂ ਵਿਧਾਨ ਸਭਾ ਹਲਕਿਆਂ ’ਚ 20 ਫ਼ਰਵਰੀ ਨੂੰ ਹੋਏ ਮਤਦਾਨ ਤੋਂ ਬਾਅਦ ਆਉਂਦੀ 10 ਮਾਰਚ ਨੂੰ ਵੋਟਾਂ ਦੀ ਗਿਣਤੀ ਦੇ ਕਾਰਜ ਨੂੰ ਨਿਰਵਿਘਨ ਰੂਪ ’ਚ ਨੇਪਰੇ ਚਾੜ੍ਹਨ ਲਈ 300 ਦੇ ਕਰੀਬ ਕਰਮਚਾਰੀ/ਅਧਿਕਾਰੀ ਤਾਇਨਾਤ ਕੀਤੇ ਜਾਣਗੇ।

ਗਿਣਤੀ ਕੇਂਦਰਾਂ ਦੇ ਪ੍ਰਬੰਧਾਂ ਲਈ ਅੱਜ ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਇਨ੍ਹਾਂ ਹਲਕਿਆਂ ਦੇ ਰਿਟਰਨਿੰਗ ਅਫ਼ਸਰਾਂ ਨਾਲ ਰੱਖੀ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਕਮ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਜਸਬੀਰ ਸਿੰਘ ਨੇ ਦੱਸਿਆ ਕਿ ਬੰਗਾ ਹਲਕੇ ਦੀ ਗਿਣਤੀ ਗੁਰੂ ਨਾਨਕ ਕਾਲਜ ਫ਼ਾਰ ਵਿਮੈਨ ਬੰਗਾ, ਨਵਾਂਸ਼ਹਿਰ ਹਲਕੇ ਦੀ ਗਿਣਤੀ ਦੋਆਬਾ ਗਰੁੱਪ ਆਫ਼ ਕਾਲਜਿਜ਼, ਛੋਕਰਾਂ, ਰਾਹੋਂ, ਬਲਾਚੌਰ ਹਲਕੇ ਦੀ ਗਿਣਤੀ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਂਟ ਕਾਲਜ, ਬਲਾਚੌਰ ਵਿਖੇ ਸਬੰਧਤ



ਹਲਕੇ ਦੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਦੀ ਹਾਜ਼ਰੀ ਵਿੱਚ ਹੋਵੇਗੀ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦ-ਾਇਤਾਂ ਅਨੁਸਾਰ ਗਿਣਤੀ ਕੇਂਦਰਾਂ ’ਤੇ ਉਮੀਦਵਾਰ ਜਾਂ ਉਸ ਦੇ ਪ੍ਰਤੀਨਿਧ ਜਾਂ ਗਿਣਤੀ ਏਜੰਦਟ ਸਮੇਤ ਕਿਸੇ ਨੂੰ ਵੀ ਮੋਬਾਇਲ ਲਿਜਾਣ ਦੀ ਆਗਿਆ ਨਹੀਂ ਹੋਵੇਗੀ।

ਉਨ੍ਹਾਂ ਦੱਸਿਆ ਕਿ ਹਰੇਕ ਗਿਣਤੀ ਕੇਂਦਰ ’ਤੇ ਦੋ-ਦੋ ਹਾਲ ਬਣਾਏ ਜਾਣਗੇ, ਜਿੱਥੇ 7-7 ਗਿਣਤੀ ਮੇਜ਼ ਲਾਏ ਜਾਣਗੇ। ਇਨ੍ਹਾਂ ਗਿਣਤੀ ਕੇਂਦਰਾਂ ’ਤੇ ਇੱਕ-ਇੱਕ ਗਣਨਾ ਸਹਾਇਕ, ਇੱਕ-ਇੱਕ ਗਣਨਾ ਸੁਪਰਵਾਈਜ਼ਰ ਅਤੇ ਇੱਕ-ਇੱਕ ਮਾਈਕ੍ਰੋ ਅਬਜ਼ਰਵਰ ਤੋਂ ਇਲਾਵਾ ਇੱਕ-ਇੱਕ ਅਟੈਂਡੇਂਟ ਈ ਵੀ ਐਮਜ਼ ਲਿਆਉਣ ਲਈ ਤਾਇਨਾਤ ਹੋਵੇਗਾ। ਉਨ੍ਹਾਂ ਦੱਸਿਆ ਕਿ ਹਰੇਕ ਰਾਊਂਡ ਦੀ ਗਿਣਤੀ ਮੁਕੰਮਲ ਹੋਣ ਤੋਂ ਬਾਅਦ ਹੀ ਅਗਲੇ ਦੌਰ ਦੀ ਗਿਣਤੀ ਸ਼ੁਰੂ ਹੋਵੇਗੀ ਅਤੇ ਹਰੇਕ ਰਾਊਂਡ ਦੀ ਜਾਣਕਾਰੀ ਚੋਣ ਕਮਿਸ਼ਨ ਦੀ ਵੈਬਸਾਈਟ ’ਤੇ ਨਾਲੋ-ਨਾਲ ਅਪਲੋਡ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਗਿਣਤੀ ਕੇਂਦਰਾਂ ’ਤੇ ਲਾਏ ਜਾਣ ਵਾਲੇ ਸਟਾਫ਼ ਦੀ ਰੈਂਡੇਮਾਈਜ਼ੇਸ਼ਨ ਕਰਨ ਉਪਰੰਤ ਇਨ੍ਹਾਂ ਦੀ ਸਿਖਲਾਈ ਕਰਵਾਈ ਜਾਵੇਗੀ ਅਤੇ ਇਨ੍ਹਾਂ ਨੂੰ ਆਪੋ-ਆਪਣੇ ਗਿਣਤੀ ਮੇਜ਼ ਦਾ ਨੰਬਰ 10 ਮਾਰਚ ਦੀ ਸਵੇਰ ਨੂੰ ਸਬੰਧਤ ਗਿਣਤੀ ਕੇਂਦਰ ’ਤੇ ਹੀ ਦੱਸਿਆ ਜਾਵੇਗਾ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਮੇਜਰ ਅਮਿਤ ਸਰੀਨ, ਐਸ ਡੀ ਐਮ ਕਮ ਰਿਟਰਨਿੰਗ ਅਫ਼ਸਰ ਨਵਨੀਤ ਕੌਰ ਬੱਲ ਬੰਗਾ, ਡਾ ਬਲਜਿੰਦਰ ਸਿੰਘ ਢਿੱਲੋਂ ਨਵਾਂਸ਼ਹਿਰ ਅਤੇ ਦੀਪਕ ਰੋਹੇਲਾ ਬਲਾਚੌਰ ਮੌਜੂਦ ਸਨ।

# ਪੋਲੀਓ ਵੈਕਸੀਨ ਬੱਚੇ ਨੂੰ ਦਿੰਦੀ ਹੈ ਜੀਵਨ ਭਰ ਸੁਰੱਖਿਆ: ਡਾ ਬਲਵਿੰਦਰ ਕੁਮਾਰ

## ਪਲਸ ਪੋਲੀਓ ਮੁਹਿੰਮ ਦੇ ਦੂਜੇ ਦਿਨ 14591 ਬੱਚਿਆਂ ਨੇ ਪੀਤੀਆਂ ਪੋਲੀਓ ਰੋਕੂ ਬੂੰਦਾਂ- ਉੱਚ ਸਿਹਤ ਅਧਿਕਾਰੀਆਂ ਨੇ ਹਾਈ ਰਿਸਕ ਖੇਤਰਾਂ ਵਿਚ ਕੀਤੀ ਚੈਕਿੰਗ

**ਨਵਾਸ਼ਹਿਰ –** ਸਿਵਲ ਸਰਜਨ ਡਾ ਦਵਿੰਦਰ ਢਾਂਡਾ ਦੀ ਅਗਵਾਈ ਵਿਚ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਚੱਲ ਰਹੀ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਦੂਜੇ ਦਿਨ ਉੱਚ ਸਿਹਤ ਅਧਿਕਾਰੀਆਂ ਨੇ ਝੁੱਗੀਆਂ-ਝੌਂਪੜੀਆਂ, ਇੱਟਾਂ ਦੇ ਭੱਠਿਆਂ ਅਤੇ ਨਿਰਮਾਣ ਸਥਾਨਾਂ ਸਮੇਤ ਵੱਖ-ਵੱਖ ਉੱਚ ਜ਼ੋਖਮ ਵਾਲੇ ਖੇਤਰਾਂ ਦੀ ਚੈਕਿੰਗ ਕੀਤੀ।

ਉੱਚ ਸਿਹਤ ਅਧਿਕਾਰੀ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ। ਬਲਵਿੰਦਰ ਕੁਮਾਰ ਨੇ ਮੁਜ਼ੱਫਰਪੁਰ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਰਾਕੇਸ਼ ਚੰਦਰ ਨੇ ਗੁਣਾਚੌਰ ਦੀਆਂ ਝੁੱਗੀਆਂ-ਝੌਂਪੜੀਆ ਅਤੇ ਨਿਰਮਾਣ ਅਧੀਨ ਖੇਤਰ ਵਿਚ ਜਾ ਕੇ ਪਲਸ ਪੋਲੀਓ ਮੁਹਿੰਮ ਦਾ ਜਾਇਜ਼ਾ ਲਿਆ ਅਤੇ ਪੋਲੀਓ ਰੋਕੂ ਬੂੰਦਾਂ ਪੀ ਚੁੱਕੇ ਬੱਚਿਆਂ ਦੀਆਂ ਉਂਗਲਾਂ ਉੱਤੇ ਸਿਆਹੀ ਦੇ ਨਿਸ਼ਾਨ ਚੈੱਕ ਕੀਤੇ। ਉਨ੍ਹਾਂ ਪਲਸ ਪੋਲੀਓ ਮੁਹਿੰਮ ਵਿਚ ਤਾਇਨਾਤ ਸਿਹਤ ਵਿਭਾਗ ਦੀਆਂ ਟੀਮਾਂ ਦੇ ਕੰਮ ਉੱਤੇ ਤਸੱਲੀ ਪ੍ਰਗਟ ਕੀਤੀ। ਇਸੇ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ। ਬਲਵਿੰਦਰ ਕੁਮਾਰ ਨੇ ਦੱਸਿਆ ਕਿ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਅੱਜ ਦੂਜੇ ਦਿਨ ਜ਼ਿਲ੍ਹੇ ਵਿੱਚ ਕੁੱਲ 14591 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਕੁੱਲ 53,044 ਬੱਚਿਆਂ ਨੂੰ ਬੂੰਦਾਂ ਪਿਲਾਉਣ ਦਾ ਟੀਚਾ



ਰੱਖਿਆ ਗਿਆ ਹੈ, ਜਿਸ ਵਿਚੋਂ ਹੁਣ ਤੱਕ 44067 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿ.ਲਾ ਕੇ ਕਰੀਬ 83।07 ਫੀਸਦੀ ਟੀਚਾ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਦੋ ਬੂੰਦਾਂ ਬੱਚਿਆਂ ਦੀ ਜ਼ਿੰਦਗੀ ਲਈ ਬੇਹੱਦ ਅਹਿਮ ਅਤੇ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਸਥਾ ਨੇ ਭਾਰਤ ਨੂੰ ਪੋਲੀਓ ਮੁਕਤ ਐਲਾਨਿਆ ਹੋਇਆ ਹੈ ਅਤੇ ਭਾਰਤ ਵਿੱਚ ਸਾਲ 2011 ਤੋਂ ਬਾਅਦ ਪੋਲੀਓ ਦਾ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ। ਦੇਸ਼ ਦੇ ਪੋਲੀਓ ਮੁਕਤ ਰੁਤਬੇ ਨੂੰ ਬਰਕਰਾਰ ਰੱਖਣ ਲਈ ਜ਼ੀਰੋ ਤੋਂ ਪੰਜ ਸਾਲ ਦੇ ਹਰ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਪਿ.ਲਾਉਣੀਆਂ ਜ਼ਰੂਰੀ ਹਨ ਤਾਂ ਕਿ ਇਹ ਬਿਮਾਰੀ ਦੁਬਾਰਾ ਸਿਰ ਨਾ ਚੁੱਕ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਪੋਲੀਓ ਵੈਕਸੀਨ ਬੱਚੇ ਨੂੰ ਜੀਵਨ ਭਰ ਸੁਰੱਖਿਆ ਦਿੰਦੀ ਹੈ।

# ਲੋਕ ਨਾਇਕ ਕਵੀ ਪੀਆਰ.ਸੰਧਵਾਂ ਦੀ ਗੜ੍ਹਸ਼ੰਕਰ ਅਤੇ ਪ੍ਰੈੱਸ ਕਲੱਬ ਜਲੰਧਰ ਵਿਖੇ ਪੁਸਤਕ ਰਲੀਜ

**(ਵਿਸੇਸ਼ ਰਿਪੋਰਟ: ਸੰਤੋਖ ਸਿੰਘ ਜੱਸੀ)**

ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਅਤੇ ਨਵਜੋਤ ਸਾਹਿਤ ਸੰਸਥਾ ਔੜ ਵਲੋਂ 'ਸਵ। ਮੇਜਰ ਸਿੰਘ ਮੌਜੀ ਯਾਦਗਾਰੀ - ਲਾਇਬ੍ਰੇਰੀ ਗੜ੍ਹਸ਼ੰਕਰ ਵਿਖੇ ਪੁਸਤਕ 1 ਲੋਕ-ਅਰਪਣ ਸਮਾਗਮ ਤੇ ਕਵੀ ਦਰਬਾਰ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰੋ ਸੰਧੂ ਵਰਿਆਣਵੀ, ਡਾ। ਸੰਤੋਖ ਸਿੰਘ ਸੁੱਖੀ, ਆਰਪੀ ਹੀਰਾ, ਸਰਵਣ ਸਿੱਧੂ ਤੇ ਸਤਪਾਲ ਸਾਹਲੋਂ ਨੇ ਕੀਤੀ। ਪ੍ਰਧਾਨਗੀ ਮੰਡਲ ਵਲੋਂ ਪੀਆਰ ਹੀਰਾ ਸੰਧਵਾਂ ਦੀ ਹੈ ਪੁਸਤਕ ਸਮੁੱਚੀ ਕਾਵਿ ਰਚਨਾਵਲੀ' ਜੋ ਲੋਕ ਅਰਪਣ ਕੀਤੀ ਗਈ। ਇਸ ਮੌਕੇ ਪ੍ਰੋ ਏ ਸੰਧੂ ਵਰਿਆਣਵੀ ਨੇ ਸਵਾਗਤੀ ਭਾਸ਼ਨ ਵਿਚ ਪੀਆਰ ਹੀਰਾ ਸੰਧਵਾਂ ਦੀ ਪੁਸਤਕ (ਸਮੁੱਚੀ ਕਾਵਿ-ਰਚਨਾਵਲੀ) ਸੰਪਾਦਕ ਡਾ ਗੁਰਮੀਤ ਕੱਲਰਮਾਜਰੀ ਦੇ ਸਬੰਧ ਵਿਚ ਕਿਹਾ ਕਿ ਪੁਸਤਕ ਉਸ ਸਮੇਂ ਦੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਜੀਵਨ-ਮੁੱਲਾਂ 'ਤੇ ਕਈ ਤਰਾਂ ਦੇ ਸਵਾਲ ਖੜ੍ਹੇ ਕਰਦੀ ਹੈ। ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਨੇ ਮੱਧ ਕਾਲੀ ਚਿੰਤਕਾਂ/ਗੁਰੂਆਂ ਦੇ ਸਬੰਧ ਵਿਚ ਲਿਖੀਆਂ ਕਵਿਤਾਵਾਂ ਦੀ ਚਰਚਾ ਛੇੜਦਿਆਂ ਉਸ ਸਮੇਂ ਦੇ ਨਾ-ਬਰਾਬਰੀ ਵਾਲੀ ਵਰਣ ਵਿਵਸਥਾ 'ਤੇ ਰੌਸਨੀ ਪਾਈ ਗਈ, ਡਾ ਜਸਵੰਤ ਰਾਏ ਨੇ ਆਦਿ-ਧਰਮ ਦੇ ਬਾਨੀ ਸਵ ਮੰਗੂ ਰਾਮ ਮੁੱਗੋਵਾਲੀਆ ਦੀ ਆਦਿ-ਧਰਮ, ਇਸ ਖਿੱਤੇ ਦੀ ਪਛਾਣ ਦੇ ਸਬੰਧ ਵਿਚ, ਪੁਸਤਕ ਦੀ ਅਹਿਮੀਅਤ ਬਾਰੇ ਦੱਸਿਆ। ਆਰ।ਪੀ। ਹੀਰਾ ਨੇ ਇੰਗਲੈਂਡ ਵਿਚ ਰਹਿੰਦਿਆਂ, ਇਨ੍ਹਾਂ ਕਵਿਤਾਵਾਂ ਨੂੰ ਸੰਭਾਲਣ ਅਤੇ ਪੀਆਰ ਹੀਰਾ ਵਲੋਂ ਕੀਤੇ ਸੰਘਰਸ਼ 'ਤੇ ਚਾਨਣਾ ਪਾਇਆ।

ਪੁਸਤਕ ਦੇ ਸੰਪਾਦਕ ਡਾ। ਗੁਰਮੀਤ ਕੱਲਰਮਾਜਰੀ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਅੰਦੋਲਨ ਨਾਲ ਜੁੜੇ ਕਵੀਆਂ ਨੂੰ ਅਣਗੌਲਿਆ ਕਰਨ ਦੀ ਸਾਜਿਸ਼ੀ ਚੁੱਪ ਦਾ ਮੁੱਦਾ ਉਠਾਇਆ । ਉਨ੍ਹਾਂ ਕਿਹਾ ਕਿ ਇਸੇ ਕਰਕੇ ਹੀ ਉਹ ਇਸ ਜਟਿਲ ਸਮੱਸਿਆ ਦੇ ਹੱਲ ਲਈ ਇਸ ਖੋਜ ਸਾਧਨਾ ਵੱਲ ਜੁਟੇ ਹਨ। ਇਸ ਮੌਕੇ ਸਤਪਾਲ ਸਾਹਲੋਂ, ਮਾ ਮੁਕੇਸ਼ ਕੁਮਾਰ, ਪ੍ਰਿੰਸੀਪਲ ਬਿੱਕਰ ਸਿੰਘ, ਪ੍ਰਿੰਸੀਪਲ ਸੋਹਣ ਸਿੰਘ ਸੂੰਨੀ ਨੇ ਵਿਚਾਰ ਰੱਖੇ। ਕਵੀ ਦਰਬਾਰ ਵਿਚ ਸਰਵਣ ਸਿੱਧੂ, ਰੇਸ਼ਮ ਚਿੱਤਰਕਾਰ, ਭਜਨ ਸਿੰਘ ਵਿਰਕ, ਨਵਤੇਜ ਗੜ੍ਹਦੀਵਾਲਾ, ਸਤਪਾਲ ਸਾਹਲੋਂ, ਸਟਾਲ ਲਗਾਇਆ। ਸੁਰਜੀਤ ਮਜਾਰੀ, ਬਿੰਦਰ ਮੱਲਾ ਬੇਦੀਆਂ, ਕੁਲਵੀਰ ਕੰਵਲ, ਕਮਲਜੀਤ ਕੰਵਰ, ਅਮਰੀਕ ਹਮਰਾਜ਼, ਪਿਆਰੇ ਲਾਲ ਬੰਗੜ, ਜੋਗਿੰਦਰ ਕੁੱਲੇਵਾਲ, ਦਵਿੰਦਰ ਸਕੋਹਪੁਰੀ, ਪਰਮਜੀਤ ਕਾਹਮਾ, ਤਰਨਜੀਤ ਗੋਗੋਂ, ਅਵਤਾਰ ਪੱਖੋਵਾਲ ਨੇ ਆਪਣੀਆਂ ਰਚਨਾਵਾਂ




ਪੇਸ਼ ਕੀਤੀਆਂ। ਪ੍ਰਿੰਸੀਪਲ ਬਿੱਕਰ ਸਿੰਘ ਨੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਮਰਹੂਮ ਕਵੀ ਪੀਆਰ ਹੀਰਾ ਸੰਧਵਾਂ ਦੀ "ਸੰਪੂਰਨ ਕਾਵਿ - ਰਚਨਾਵਲੀ ਸਥਾਨਕ ਪ੍ਰੈਸ ਕਲੱਬ ਵਿਖੇ ਰਿਲੀਜ਼ ਟਹ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ਼੍ਰੀ ਹੀਰਾ ਦੇ ਸਪੁੱਤਰ ਐਨਆਰਆਈ ਪ੍ਰਕਾਸ਼ ਰਾਮ ਹੀਰਾ ਅਤੇ ਸੰਤ ਸਤਵਿੰਦਰ ਹੀਰਾ ਸਮੇਤ ਸੰਤ ਸਰਵਣ ਦਾਸ ਹੁਰਾਂ ਨੇ ਸਾਂਝੇ ਤੌਰ ਤੇ ਕੀਤੀ ਸਮਾਗਮ ਦੇ ਸ਼ੁਰੂ ਵਿੱਚ ਕਿਤਾਬ ਦੇ ਸੰਪਾਦਕ ਡਾ ਗੁਰਮੀਤ ਕੱਲਰ ਮਾਜਰੀ ਹੋਰਾਂ ਨੇ ਦੱਸਿਆ ਕਿ ਮੈਂ ਪੀਆਰ ਹੀਰਾ ਹੁਰਾਂ ਨੂੰ ਸਲੂਟ ਕਰਦਾ ਹਾਂ ਕਿਉਂਕਿ ਦਲਿਤ ਇਤਿਹਾਸ ਨੂੰ ਸੰਭਾਲਣ ਦੀ ਜੋ ਝਲਕ ਹੀਰਾ ਜੀ ਪਾਸੋਂ ਉਨ੍ਹਾਂ ਨੂੰ ਮਿਲੀ ਉਸਦੇ ਲਈ ਮੈਂ ਪ੍ਰਕਾਸ਼ ਹੀਰਾ ਜੀ ਅਤੇ ਦੂਸਰੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ । ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਉਹ ਦੂਸਰੇ ਦਲਿਤ ਲੇਖਕਾਂ ਦੀਆਂ ਕਿਤਾਬਾਂ ਦੀ ਸੰਪਾਦਨਾ ਕਰ ਕੇ ਆਮ ਲੋਕਾਂ ਤੱਕ ਪਹੁੰਚਾਉਣ ਲਈ ਖਾਹਿਸ਼ਮੰਦ ਹਨ ਸੋਹਣ ਸਹਿਜਲ ਹੋਰਾਂ ਨੇ ਹੀਰਾ ਦੀ ਇਨਾਮੀ ਕਵਿਤਾ ਤਰੰਨਮ ਵਿੱਚ ਗਾ ਕੇ ਚੰਗਾ ਰੰਗ ਬਣਿਆ ਸਹਿਗਲ ਜੀ ਨੇ ਪੀਆਰ ਹੀਰਾ ਬਾਰੇ ਅਤੇ ਉਨ੍ਹਾਂ ਰਚਨਾਵਾਂ ਬਾਰੇ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਪੱਤਰਕਾਰਾਂ ਨੂੰ ਜਾਣੂ ਕਰਵਾਇਆ ਅਤੇ ਕਿਹਾ ਕਿ ਕਿਤਾਬ ਦਾ ਲੇਖਕ ਪੀ ਆਰ ਹੀਰਾ ਵਾਕਿਆ ਹੀ ਉਹ ਹੀਰਾ ਸੀ ਜਿਸ ਨੇ ਦਲਿਤ ਵਰਗ ਨੂੰ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਰਹਿੰਦੇ ਲੋਕਾਂ ਨੂੰ ਵੀ ਆਪਣੀ ਕਵਿਤਾ ਤੋਂ ਜਾਣ ਕਰਵਾਇਆ । ਉਨ੍ਹਾਂ ਸਭ ਤੋਂ ਉੱਘੇ ਲੇਖਕ ਡੀ।ਏ।ਵੀ। ਕਾਲਜ ਜਲੰਧਰ ਤੋਂ ਰਿਟਾਇਰਡ ਪ੍ਰੋਫੈਸਰ ਅਤੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਸ੍ਰੀ ਜੀ ਸੀ ਕੌਲ ਨੇ ਆਖਿਆ ਕਿ ਸਾਨੂੰ ਪੁਰਾਣਾ ਦਲਿਤ ਇਤਿਹਾਸ ਸੰਭਾਲਣ ਦੀ ਬਹੁਤ ਲੋੜ ਹੈ ਕਿਉਂਕਿ ਇਸ ਨੂੰ ਨਾ ਤਾਂ ਅੱਜ ਤੱਕ ਕਿਸੇ ਯੂਨੀਵਰਸਿਟੀ ਨੇ ਛਾਪਿਆ ਹੈ ਅਤੇ ਨਾ ਹੀ ਕਿਸੇ ਸੰਸਥਾ ਨੇ ਅਜਿਹਾ ਇਤਿਹਾਸ ਸੰਭਾਲਣ ਦੀ ਖੇਚਲ ਹੀ ਕੀਤੀ ਹੈ। ਪ੍ਰੋ ਕੌਲ ਨੇ ਕਿਹਾ ਕਿ ਕਿਤਾਬੀ ਰੂਪ ਵਿੱਚ ਪੀਆਰ ਹੀਰਾ ਦੀ ਕਿਤਾਬ ਦਾ ਪਾਈ ਸੰਪਾਦਨ ਕਰਨ ਲਈ ਡਾ। ਗੁਰਮੀਤ ਹੁਰੀ ਵਧਾਈ ਦੇ ਪਾਤਰ ਹਨ । ਪ੍ਰੋਫੈਸਰ ਕੌਲ ਨੇ ਇਸ ਮੌਕੇ ਕਹਾਣੀਕਾਰ ਮਿਹਰ ਮਲਿਕ ਹੋਰਾਂ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਕਿਉਂਕਿ ਉਹ ਲੰਮੇ ਸਮੇਂ ਤੋਂ ਦਲਿਤ ਇਤਿਹਾਸ ਨਾਲ ਜੁੜੇ ਹੋਏ ਹੋਣ ਕਰਕੇ ਉਨ੍ਹਾਂ ਪੰਜਾਬ ਪ੍ਰੈਸ ਕਲੱਬ ਪਹਿਲਾਂ ਇੰਗਲੈਂਡ ਵਿਚ ਜਾ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਨਾਮ ਤੇ ਟੈਂਪਲ ਬਣਾਇਆ ਸੀ। ਦਲਿਤ ਲਿਖਾਰੀਆਂ ਅਤੇ ਕਵੀਆਂ ਦੀਆ ਲਿਖਤਾਂ ਵੱਡੇ ਪੱਧਰ ਤੇ ਸੰਭਾਲਣ ਕੇ ਰੱਖੀਆਂ ਹੋਈਆਂ ਹਨ । ਪ੍ਰਕਾਸ਼ ਰਾਮ ਹੀਰਾ ਨੇ ਆਪਣੇ ਪਿਤਾ ਪੋਲੋ ਰਾਮ ਹੀਰਾ ਬਾਰੇ ਬੋਲਦਿਆਂ ਇਨ੍ਹਾਂ ਤੋਂ ਇਲਾਵਾ ਲੇਖਕ ਮੋਹਰ ਆਖਿਆ ਕਿ ਅਸੀਂ ਬੜੀ ਗ਼ਰੀਬੀ ਵਿੱਚੋਂ ਨਿਕਲੇ ਹੋਏ ਹਾਂ ਅਤੇ ਸਾਨੂੰ ਸਾਡੇ ਪਿਤਾ ਪੀ।ਆਰ। ਹੀਰਾ ਜੀ ਨੇ ਸਿਖਾਇਆ ਸੀ ਅਸੀਂ ਉਸ ਉਪਰ ਬੜੀ ਸ਼ਿੱਦਤ ਨਾਲ ਪਹਿਰਾ ਵੀ ਦਿੱਤਾ ਅਤੇ ਉਨ੍ਹਾਂ ਦੇ ਖ਼ੁਆਬ ਨੂੰ ਪੂਰਾ ਵੀ ਕੀਤਾ ।

ਇਸ ਮੌਕੇ ਉੱਘੇ ਪੱਤਰਕਾਰ ਦੇਸ ਰਾਜ ਕਾਲੀ ਨੇ ਵੀ ਦਲਿਤ ਇਤਿਹਾਸ ਉੱਪਰ ਰੌਸ਼ਨੀ ਸੰਤ ਸਤਵਿੰਦਰ ਹੀਰਾ ਨੇ ਆਖਿਆ ਕਿ ਉਹ ਹੀਰਾ ਪਰਿਵਾਰ ਦੇ ਨੇੜੇ ਹੋਣ ਕਰਕੇ ਪੀਆਰ ਹੀਰਾ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹਨ ਸੰਤ ਹੀਰਾ ਜੀ ਨੇ ਆਖਿਆ ਕਿ ਸਾਨੂੰ ਆਪਣੇ ਬੱਚਿਆਂ ਨੂੰ ਪੁਰਾਣੇ ਨੂੰ ਇਤਿਹਾਸ ਤੋਂ ਜਾਣੂ ਕਰਵਾਉਣਾ ਪੀ।ਆਰ। ਹੀਰਾ ਸਮੇਤ ਹੋਰ ਵੀ ਚਾਹੀਦਾ ਹੈ ਤਦ ਹੀ ਅਸੀਂ ਦਲਿਤ ਇਤਿਹਾਸ ਬਾਰੇ ਜਾਣ ਸਕਾਂਗੇ । ਸੰਤ ਸਰਵਣ ਦਾਸ ਹੋਰਾਂ ਨੇ ਵੀ ਹੀਰਾ ਜੀ ਦੀ ਕਿਤਾਬ ਬਾਰੇ ਵਿਆਖਿਆ ਕੀਤੀ। ਮਲਿਕ ਹੋਰਾਂ ਨੇ ਆਖਿਆ ਕਿ ਸਾਨੂੰ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਆਦਿ ਧਰਮ ਦੇ ਜਨਰਲ ਸਕੱਤਰ ਚੌਧਰੀ ਹਜਾਰਾ ਰਾਮ ਪਿੱਪਲਾਂ ਵਾਲੀ ਜਿਹੇ ਜੁਝਾਰੂ ਲੋਕਾਂ ਦੀ ਜਿੰਦਗੀ ਬਾਰੇ ਠੋਸ ਕਿਤਾਬ ਵਿਚ ਲਿਖਣ ਦੀ ਜ਼ਰੂਰਤ ਹੈ । ਕਿਉਂਕਿ ਇਹ ਦੋਵੇਂ ਦਲਿਤ ਜਰਨੈਲਾਂ ਨੇ ਦਲਿਤ ਲੋਕਾਂ ਵਿੱਚ ਕਾਫੀ ਜਾਗਰੂਕਤਾ ਲਿਆਂਦੀ ਸੀ। ਮਲਿਕ ਨੇ ਕਿਹਾ ਕਿ ਸਾਨੂੰ ਨਸ਼ੇ ਤਿਆਗ ਕੇ ਸਸਤਾ ਲਿਟਰੇਚਰ ਆਮ ਲੋਕਾਂ ਚ ਵੰਡਣਾ ਚਾਹੀਦਾ ਹੈ। ਇਸ ਮੌਕੇ ਐਡਵੋਕੇਟ ਮੋਹਣ ਲਾਲ ਫਿਲੋ-ਰੀਆਂ, ਗੁਰਦਿਆਲ ਜੱਸਲ ਤੋਂ ਇਲਾਵਾ ਕਈ ਧਾਰਮਿਕ ਤੇ ਸਮਾਜਿਕ ਆਗੂ ਵੀ ਮੌਜੂਦ ਸਨ।

# ਦੇਸ਼ ਦੇ ਸੰਵਿਧਾਨ ਨੂੰ ਬਚਾਉਣਾ ਅਗਾਂਹ ਵਧੂ ਲੋਕਾਂ ਲਈ ਸਭ ਤੋਂ ਵੱਡੀ ਚੁਣੌਤੀ - ਬਾਲੀ





**ਜਲੰਧਰ (ਬਿਊਰੋ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂ ਜਾਰੀ ਇੱਕ ਬਿਆਨ ਵਿਚ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਅੰਬੇਡਕਰ ਭਵਨ, ਡਾ ਅੰਬੇਡਕਰ ਮਾਰਗ, ਜਲੰਧਰ ਵਿਖੇ ਇੱਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਉੱਘੇ ਅੰਬੇਡਕਰਵਾਦੀ, ਲੇਖਕ ਅਤੇ ਚਿੰਤਕ, ਸੰਪਾਦਕ ਭੀਮ ਪਤ੍ਰਿਕਾ ਸ਼੍ਰੀ ਲਾਹੌਰੀ ਰਾਮ ਬਾਲੀ ਨੇ 'ਸੰਵਿਧਾਨ: ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਵਾਸਤੇ ਕਿਸ ਤਰ੍ਹਾਂ ਲਾਗੂ ਕੀਤਾ ਜਾ ਰਿਹਾ ਹੈ' ਵਿਸ਼ੇ ਤੇ ਬੋਲਦਿਆਂ ਕਿਹਾ "ਅੱਜ ਦੇਸ਼ ਦਾ ਸੰਵਿਧਾਨ 1950 ਤੋਂ ਲੈਕੇ ਅੱਜ ਤਕ ਦੇ ਸਭ ਤੋਂ ਮਾੜੇ ਦੌਰ ਵਿਚੋਂ ਗੁਜਰ ਰਿਹਾ ਹੈ। ਇਥੋਂ ਤਕ ਕਿ ਸੰਵਿਧਾਨ ਵੱਲੋਂ ਬਣਾਏ ਗਏ ਅਲੱਗ ਅਲੱਗ ਕਮਿਸ਼ਨ ਪੂਰੀ ਤਰ੍ਹਾਂ ਨਿਕਾਰਾ ਕਰ ਦਿੱਤੇ ਗਏ ਹਨ। ਖਾਸ ਕਰਕੇ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ, ਜਿਸ ਦਾ ਮੁਖੀ ਕੱਲ ਤੱਕ ਵਿਜੈ ਸਾਂਪਲਾ ਸੀ ਜੋ ਅੱਜ ਬੀ।ਜੇ।ਪੀ। ਦੇ ਕਹਿਣ ਤੇ ਐਮ।ਐਲ।ਏ ਦੀ ਚੋਣ ਲੜ ਰਿਹਾ ਹੈ"। ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇਸ਼ ਦੇ ਅਗਾਂਹ ਵਧੂ ਲੋਕਾਂ ਲਈ ਦੇਸ਼ ਦੇ ਸੰਵਿਧਾਨ ਨੂੰ ਬਚ-ਾਉਣਾ ਸਭ ਤੋਂ ਵੱਡੀ ਚੁਣੌਤੀ ਹੈ। ਬਾਲੀ ਜੀ ਤੋਂ ਬਾਦ 'ਸ਼ਹੀਦ ਊਧਮ ਸਿੰਘ ਦਾ ਜੀਵਨ ਅਤੇ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦਾ ਯੋਗਦਾਨ' ਵਿਸ਼ੇ ਤੇ ਬੋਲਦਿਆਂ ਚਰਨ ਦਾਸ ਸੰਧੂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਨਾਲ ਸਬੰਧਤ ਬਹੁਤ ਸਾਰੇ ਅਣਛੂਹੇ ਪਹਿਲੂਆਂ ਤੇ ਬਾਖੂਬੀ ਚਾਨਣਾ ਪਾਇਆ। ਉਨ੍ਹਾਂ ਭਾਰਤ ਦੇ ਇਤਿਹਾਸਕਾਰਾਂ ਤੇ ਇਤਰਾਜ਼ ਕਰਦਿਆਂ ਕਿਹਾ ਕਿ



ਉਨ੍ਹਾਂ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸੀਮਤ ਕਰਕੇ ਪੇਸ਼ ਕੀਤਾ ਅਤੇ ਕਦੇ ਵੀ ਉਸਦੇ ਪਿਛੋਕੜ ਦੀ ਚਰਚਾ ਨਹੀਂ ਕੀਤੀ ਕਿਓਂਕਿ ਊਧਮ ਸਿੰਘ ਦਾ ਪਿਛੋਕੜ ਹੀ ਉਸਨੂੰ ਦਲਿਤ ਸਮਾਜ ਨਾਲ ਜੋੜਦਾ ਹੈ। ਸੰਧੂ ਜੀ ਨੇ ਕਿਹਾ ਕਿ ਅੱਸੀਂ ਅੰਬੇਡਕਰੀ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨੂੰ ਪੂਰੇ ਭਾਰਤ ਦੀ ਸ਼ਹੀਦੀ ਮੰਨਦੇ ਹਾਂ, ਪਰ ਇਹ ਉਸ ਮਹਾਨ ਸ਼ਖਸ਼ੀਅਤ ਨਾਲ ਬੇਇਨਸ-ਾਫ਼ੀ ਹੋਵੇਗੀ ਕਿ ਉਸਦੇ ਪੁਰਖਿਆਂ ਨੂੰ ਲੈਕੇ ਵਿਦਵਾਨਾਂ ਵੱਲੋਂ ਝੂਠ ਬੋਲਿਆ ਜਾਵੇ। ਦੇਸ਼ ਦੀ ਆਜ਼ਾਦੀ ਵਿਚ ਪੰਜਾਬੀਆਂ ਦੇ ਯੋਗਦਾਨ ਬਾਬਤ ਬੋਲਦਿਆਂ ਸੰਧੂ ਜੀ ਨੇ ਕਿਹਾ ਕਿ ਦੇਸ਼ ਦੇ ਕੁਲ ਬਲੀਦਾਨ ਦਾ 90 ਫੀਸਦੀ ਬਲੀਦਾਨ ਪੰਜਾਬੀਆਂ ਦੇ ਹਿੱਸੇ ਆਉਂਦਾ ਹੈ। ਪੰਜਾਬੀਆਂ ਤੋਂ ਬਿਨਾ ਦੇਸ਼ ਦੀ ਆਜ਼ਾਦੀ ਕਦੇ ਕਲਪਨਾ ਵੀ ਨਹੀ ਕੀਤੀ ਜਾ ਸਕਦੀ।

ਸਰੋਤਿਆਂ ਦੇ ਸਵਾਲਾਂ ਦੇ ਜਬਾਬ ਬੁਲਾਰਿਆਂ ਨੇ ਬੜੀ ਵਿਦਵਤਾ ਨਾਲ ਦਿੱਤੇ। ਵਿਚਾਰ ਗੋਸ਼ਟੀ ਤੋਂ ਬਾਦ ਦੋਨਾਂ ਬੁਲਾਰਿਆਂ ਨੂੰ ਸੋਸਾਇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ ਜੀਸੀ ਕੌਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਵਿਚਾਰ ਗੋਸ਼ਟੀ ਦੇ ਸਮਾਗਮ ਦੀ ਸ਼ੁਰੂਆਤ ਸ਼੍ਰੀ ਹਰਮੇਸ਼ ਜੱਸਲ ਦੁਆਰਾ ਤ੍ਰਿਸ਼ਰਨ - ਪੰਚਸ਼ੀਲ ਦਾ ਪਾਠ ਗ੍ਰਹਿਣ ਕਰਾਉਣ ਉਪਰੰਤ ਕੀਤੀ ਗਈ। ਸੋਸਾਇਟੀ ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

ਸੋਸਾਇਟੀ ਦੀ ਮੁਖ ਸਲਾਹਕਾਰ ਮੈਡਮ ਸੁਦੇਸ਼ ਕਲਿਆਣ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਹਰਭਜਨ ਸਾਂਪਲਾ, ਹਰਭਜਨ ਨਿਮਤਾ, ਜਸਵਿੰਦਰ ਵਰਿਆਣਾ, ਕੁਲਦੀਪ ਭੱਟੀ ਐਡਵੋਕੇਟ, ਮੋਹਿੰਦਰ ਸੰਧੂ, ਤਿਲਕ ਰਾਜ, ਰਾਜ ਕੁਮਾਰ ਵਰਿਆਣਾ, ਪਰਮਜੀਤ, ਰਾਮ ਲਾਲ ਦਾਸ, ਰਮੇਸ਼ ਕਾਲਾ, ਚਮਨ ਸਾਂਪਲਾ, ਲਛਮਣ ਕਲਿਆਣ, ਅਜੈ ਯਾਦਵ, ਬਿਸ਼ਨ ਦਾਸ ਸਹੋਤਾ, ਸੰਤ ਰਾਮ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ

**ਸੇਲਮਾ (ਡੀਡੀਬੀ)** ਧੰਨ ਧੰਨ ਸਤਿਗੁਰੂ ਰਵਿਦਾਸ ਪਿਤਾ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਨੇ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਪੂਰਨ ਸਹਿਯੋਗ ਨਾਲ ਬਹੁਤ ਹੀ ਸਤਿਕਾਰ ਤੇ ਸ਼ਰਧਾ ਪੂਰਵਕ 27 ਫਰਵਰੀ 2022 ਨੂੰ ਮਨਾਇਆ। ਇਸ ਮੌਕੇ ਵੱਖ-ਵੱਖ ਰਾਗੀ ਜਥਿਆਂ ਨੇ, ਜਿਹਨਾਂ ਵਿਚ ਭਾਈ ਮਨਦੀਪ ਸਿੰਘ ਤੇ ਉਹਨਾਂ ਦਾ ਜਥਾ, ਭਾਈ ਜੋਗਿੰਦਰ ਸਿੰਘ ਚੰਦਨ ਤੇ ਉਹਨਾਂ ਦਾ ਜਥਾ, ਭਾਈ ਲਖਵੀਰ ਸਿੰਘ ਰਸੀਆ ਤੇ ਭਾਈ ਹਰਵਿੰਦਰ ਸਿੰਘ ਰਸੀਆ ਤੋਂ ਇਲਾਵਾ ਭਾਈ ਭੁਪਿੰਦਰ ਸਿੰਘ, ਭਾਈ ਰਾਮ ਆਸਰਾ ਅਤੇ ਭਾਈ ਰਾਜ ਬਰਾੜ ਜੀ ਆਦਿ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਦੇ ਜਨਰਲ ਸਕੱਤਰ ਸ. ਦੇਵਰਾਜ ਸਿੰਘ ਜੀ ਨੇ ਸਮੂਹ ਗੁਰੂ ਪਿਆਰੀ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਸਭ ਦਾ ਧੰਨਵਾਦ ਕੀਤਾ ਤੇ ਉਹਨਾਂ ਵੱਖ-ਵੱਖ ਗੁਰੂ ਘਰਾਂ ਤੇ ਦੂਰ-ਦੁਰਾਡਿਉਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਬੁਲਾਰਿਆਂ ਵਜੋਂ ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਪਾਮਸ ਭੱਟੀ ਅਤੇ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਆਪੋ-ਆਪਣੇ ਵਿਚਾਰਾਂ ਦੀ ਸਾਂਝ ਪਾਈ ਤੇ ਸਮੂਹ ਪ੍ਰਬੰਧਕ ਕਮੇਟੀ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂਘਰ ਦੇ ਸੇਵਕ ਪਰਿਵਾਰ ਸ੍ਰੀ ਰਾਹੁਲ ਗਾਦਰਾ ਤੇ ਗਾਦਰਾ ਪਰਿਵਾਰ ਨੂੰ ਸਿਰੋਪਾਓ ਨਾਲ ਨਿਵਾਜਿਆ ਅਤੇ ਇਸ ਤਰ੍ਹਾਂ ਮੀਡੀਏ ਦੀ ਸੇਵਾ ਨਿਭਾਅ ਰਹੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀ ਪਾਮਸ ਭੱਟੀ ਜੀ ਨੂੰ ਸਿਰੋਪਾਓ ਨਾਲ ਨਿਵਾਜਿਆ।

ਗੁਰਪੁਰਬ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਬੂਟਾ ਰਾਮ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ। ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸੰਗਤ ਵੱਲੋਂ ਕੀਤੀ ਗਈ ਅਤੇ ਗੁਰੂ ਦੇ ਲੰਗਰ ਦੀ ਸੇਵਾ ਸਮੂਹ ਗਾਦਰਾ ਪਰਿਵਾਰਾਂ ਵੱਲੋਂ ਕੀਤੀ ਗਈ ਅਤੇ ਰਸੋਈ ਸੇਵਾ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਗਈ।

ਗੁਰੂ ਘਰ ਦੇ ਸੇਵਾਦਾਰਾਂ ਪ੍ਰਧਾਨ ਸ੍ਰੀ ਰਾਮ ਲੋਕ, ਜਨਰਲ ਸਕੱਤਰ ਸ੍ਰੀ ਦੇਵਰਾਜ ਸਿੰਘ, ਖਜਾਨਚੀ ਸ੍ਰੀ ਮਨੋਹਰ ਗਾਦਰਾ ਜੀ ਨੇ ਬਾਖੂਬੀ ਸੇਵਾ ਨਿਭਾਉਂਦਿਆਂ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਸਰਵਸ੍ਰੀ ਮੱਖਣ ਰਾਮ, ਰਾਜਿੰਦਰ ਗੰਗੜ, ਮਾਸਟਰ ਗੁਰਬਚਨ ਸਿੰਘ, ਜੋਗਿੰਦਰ ਸਿੰਘ, ਸੁਲੱਖਣ ਸਿੰਘ, ਰਘਬੀਰ ਚੰਦ, ਬਲਵੰਤ ਸਿੰਘ, ਚੰਚਲ ਸਿੰਘ, ਜਸਵੀਰ ਸਿੰਘ, ਰਾਮ ਲਾਲ (ਲਾਲੀ) ਮਹਿਮੀ, ਨਿਰਮਲ ਨਰ, ਸਲਿੰਦਰ ਨਰ ਅਤੇ ਹਰਦੇਵ ਸਿੰਘ ਆਦਿ ਦਾ ਭਰਪੂਰ ਸਾਥ ਮਿਲਿਆ।

ਅਖੀਰ 'ਚਂ ਜਨਰਲ ਸਕੱਤਰ ਸ੍ਰੀ ਦੇਵਰਾਜ ਸਿੰਘ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ, ਸਾਰੇ ਰਾਗੀ ਜਥਿਆਂ, ਬੁਲਾਰਿਆਂ, ਸੇਵਕ ਪਰਿਵਾਰਾਂ ਅਤੇ ਮੀਡੀਏ ਦੀ ਸੇਵਾ ਨਿਭਾਅ ਰਹੇ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦਾ ਧੰਨਵਾਦ ਕੀਤਾ।


***

















# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ

























# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸ਼ਰਧਾਪੂਰਵਕ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ
















# ਲੇਖਕ ਪ੍ਰਹਲਾਦ ਅਟਵਾਲ ਦੇ ਵਿਹੜੇ ਜੁੜਿਆ ਸਾਹਿਤਕ ਸਮਾਗਮ

## ਨਵਜੋਤ ਸਾਹਿਤ ਸੰਸਥਾ (ਰਜਿ) ਔੜ ਦਾ ਪੰਦਰਵਾੜਾ ਉਪਰਾਲਾ

**ਬੰਗਾ (ਰੇਸ਼ਮ ਕਰਨਾਣਵੀ)–** ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਵਲੋਂ 'ਲੇਖਕ ਦੇ ਵਿਹੜੇ' ਪੰਦਰਾਰੋਜ਼ਾ ਪ੍ਰੋਗਰਾਮਾਂ ਦੀ ਲੜੀ ਤਹਿਤ ਲੇਖਕ ਪ੍ਰਹਲਾਦ ਅਟਵਾਲ ਦੇ ਵਿਹੜੇ ਸਾਹਿਤਕ ਸਮਾਗਮ ਕਰਵਾਇਆ ਗਿਆ। ਉਹਨਾਂ ਦੇ ਜੱਦੀ ਪਿੰਡ ਕਰਿਆਮ ਵਿਖੇ ਜੁੜੇ ਇਸ ਸਮਾਗਮ 'ਚ ਉਹਨਾਂ ਦੀਆਂ ਦੋ ਕਾਵਿ ਸੰਗ੍ਰਹਿ 'ਚੰਨ ਦੀ ਪਹਿਲੀ ਰਿਸ਼ਮ' ਅਤੇ 'ਹਨ੍ਹੇਰਾ ਜਰਦੀਆਂ ਲਾਲਟੈਣਾਂ' ਬਾਰੇ ਵਿਚਾਰ ਰੱਖੇ ਗਏ। ਇਸ ਦੇ ਨਾਲ ਉਹਨਾਂ ਦੇ ਸਮਾਜਿਕ ਜੀਵਨ ਸਫ਼ਰ ਅਤੇ ਪੁਲੀਸ ਵਿਭਾਗ 'ਚ ਸੇਵਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰਹਲਾਦ ਅਟਵਾਲ ਦੇ ਉਕਤ ਪੱਖਾਂ ਬਾਰੇ ਲੈਕਚਰਾਰ ਦਵਿੰਦਰ ਸਕੋਹਪੁਰੀ, ਰੋਟੇਰੀਅਨ ਦਿਲਬਾਗ ਸਿੰਘ ਬਾਗੀ, ਸਾਬਕਾ ਸਿੱਖਿਆ ਅਧਿਕਾਰੀ ਧਰਮ ਪਾਲ ਨੇ ਵਿਚਾਰ ਸਾਂਝੇ ਕੀਤੇ। ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਸੰਸਥਾ ਦੇ ਸੰਸਥਾਪਕ ਗੁਰਦਿਆਲ ਰੌਸ਼ਨ, ਪ੍ਰਧਾਨ ਸਤਪਾਲ ਸਾਹਲੋਂ, ਸਮਾਜ ਸੇਵੀ ਗੁਰਨੇਕ ਸ਼ੇਰ ਅਤੇ ਸਰਪੰਚ ਦਿਲਬਾਗ ਸਿੰਘ ਸ਼ਾਮਲ ਹੋਏ। ਉਹਨਾ ਪ੍ਰਹਲਾਦ ਅਟਵਾਲ ਦੀਆਂ ਸਮੁੱਚੀਆਂ ਸੇਵਾਵਾਂ ਨੂੰ ਸਮਾਜ ਲਈ ਪ੍ਰੇਰਕ ਦੱਸਿਆ ਅਤੇ ਸੰਸਥਾ ਵਲੋਂ ਸਾਹਿਤ ਖੇਤਰ 'ਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖ਼ੂਬੀ ਨਿਭਾਇਆ।

ਸਮਾਗਮ ਦੌਰਾਨ ਪ੍ਰਹਲਾਦ ਅਟਵਾਲ ਦਾ ਸੰਸਥਾ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ 'ਚ ਤਰਸੇਮ ਸਾਕੀ, ਪਿਆਰ ਲਾਲ ਬੰਗੜ, ਰਜਨੀ ਸ਼ਰਮਾ, ਅਮਰਜੀਤ ਕੌਰ, ਚਮਨ ਮੱਲਪੁਰੀ, ਹਰੀ ਕ੍ਰਿਸ਼ਨ ਪਟਵਾਰੀ, ਸੁੱਖਾ ਇੰਡੀਅਨ, ਰੇਸ਼ਮ ਕਰਨਾਣਵੀ, ਗੁਰਦੀਪ ਲਸਾੜਾ, ਹਰਮਿੰਦਰ ਸਿੰਘ ਤਲਵੰਡੀ, ਅਨੂਪ ਸਿੰਘ ਅਟਵਾਲ, ਨੇ ਰਚਨਾਵਾਂ ਨਾਲ ਸਾਂਝ ਪਾਈ। ਦੱਸਣਯੋਗ ਹੈ ਸੰਸਥਾ ਵਲੋਂ ਅਗਲਾ ਸਮਾਗਮ ਸ਼ਾਇਰਾ ਅਮਰਜੀਤ ਕੌਰ ਦੇ ਗ੍ਰਹਿ ਵਿਖੇ 12 ਮਾਰਚ ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ। ਇਹ ਸਮਾਗਮ ਮਹਿਲਾ ਦਿਵਸ ਨੂੰ ਸਮਰਪਿਤ ਹੋਵੇਗਾ ਜਿਸ ਵਿੱਚ ਮਹਿਲਾਂ ਲੇਖਕਾਂ ਆਪਣੀਆਂ ਰਚਨਾਵਾਂ ਦੀ ਸਾਂਝ ਪਾਉਣਗੇ।















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street, Union City, California 94587**




## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵੇਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਨੂੰ ਮਨਾਇਆ ਜਾਵੇਗਾ

*ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਬਣਾਉਣ ਲਈ ਕਾਉਂਟੀ ਵਲੋਂ ਮਨਜ਼ੂਰੀ ਮਿਲ ਗਈ ਹੈ*

*ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।*

ਨੋਟ– ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ–19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੇਫੋਰਨੀਆ) ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

| ਵਿਨੋਦ ਕੁਮਾਰ ਚੁੰਬਰ (ਚੇਅਰਮੈਨ) | ਰਾਮ ਲੁਭਾਇਆ (ਪ੍ਰਧਾਨ) | ਨਰੇਸ਼ ਕੁਮਾਰ (ਜਨਰਲ ਸਕੱਤਰ) | ਸੋਹਨ ਲਾਲ (ਖਜਾਨਚੀ) |
|---|---|---|---|

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ

Vinod Kumar Chumber (Chairman)

Harmesh Modhara (Vice Chairman)

Ram Lubhaya (President)

Rakesh Kumar (Vice President)

Naresh Kumar (General Secretary)

Sarbjit Singh (Assistant Secretary)

Sohan Lal (Treasurer)

Roop Lal Paul (Assistant Treasurer)

Sucha Ram Bharta (Auditor)

# Shri Guru Ravidass Sabha Bay Area, California

## ਅੰਤਰਰਾਸ਼ਟਰੀ ਮਹਿਲਾ ਦਿਵਸ 08 ਮਾਰਚ, 2022 ਲਈ ਵਿਸ਼ੇਸ਼

# ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਵਾਉਣ ਦਾ ਦਿਨ




ਕੁਲਦੀਪ ਚੰਦ
91-9417563054

ਅੱਜ 08 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਾਲ 2022 ਲਈ ਸੰਯੁਕਤ ਰਾਸ਼ਟਰ ਦਾ ਉਦੇਸ਼ ਹੈ" "ਟਿਕਾਊ ਕੱਲ੍ਹ ਲਈ ਅੱਜ ਲਿੰਗ ਸਮਾਨਤਾ"" ਵਿਸ਼ਵ ਭਰ ਦੀਆਂ ਔਰਤਾਂ ਅਤੇ ਲੜਕੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਜੋ ਕਿ ਜਲਵਾਯੂ ਪਰਿਵਰਤਨ ਦੇ ਅਨੁਕੂਲਨ, ਘਟਾਉਣ, ਅਤੇ ਜਵਾਬ, ਸਾਰਿਆਂ ਲਈ ਵਧੇਰੇ ਟਿਕਾਊ ਭਵਿੱਖ ਬਣਾਉਣ ਲਈ ਹੈ। ਜਲਵਾਯੂ ਸੰਕਟ ਅਤੇ ਤਬਾਹੀ ਦੇ ਜੋਖਮ ਵਿੱਚ ਲਿੰਗ ਸਮਾਨਤਾ ਨੂੰ ਅੱਗੇ ਵਧਾਉਣਾ 21ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਵਿਸ਼ਵ ਚੁਣੌਤੀਆਂ ਵਿੱਚੋਂ ਇੱਕ ਹੈ। ਜਲਵਾਯੂ ਪਰਿਵਰਤਨ ਅਤੇ ਸਥਿਰਤਾ ਦੇ ਮੁੱਦਿਆਂ ਨੇ ਸਾਡੇ ਵਾਤਾਵਰਣ, ਆਰਥਿਕ ਅਤੇ ਸਮਾਜਿਕ ਵਿਕਾਸ 'ਤੇ ਗੰਭੀਰ ਅਤੇ ਸਥਾਈ ਪ੍ਰਭਾਵ ਪਾਏ ਹਨ ਅਤੇ ਹੁੰਦੇ ਰਹਿਣਗੇ। ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਲਈ ਵਧੇਰੇ ਕਮਜ਼ੋਰ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ, ਕਿਉਂਕਿ ਉਹ ਵਿਸ਼ਵ ਦੇ ਗਰੀਬਾਂ ਦੀ ਬਹੁਗਿਣਤੀ ਬਣਾਉਂਦੀਆਂ ਹਨ ਅਤੇ ਕੁਦਰਤੀ ਸਰੋਤਾਂ ਤੇ ਵਧੇਰੇ ਨਿਰਭਰ ਹਨ ਜਿਨ੍ਹਾਂ ਨੂੰ ਜਲਵਾਯੂ ਤਬਦੀਲੀ ਤੋਂ ਵੱਧ ਖ਼ਤਰਾ ਹੈ। ਇਸ ਦੇ ਨਾਲ ਹੀ, ਔਰਤਾਂ ਅਤੇ ਕੁੜੀਆਂ ਜਲਵਾਯੂ ਅਨੁਕੂਲਨ ਅਤੇ ਘੱਟ ਕਰਨ ਲਈ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਨੇਤਾ ਅਤੇ ਬਦਲਾਅ ਨਿਰਮਾਤਾ ਹਨ। ਅੱਜ ਲਿੰਗ ਸਮਾਨਤਾ ਤੋਂ ਬਿਨਾਂ, ਇੱਕ ਟਿਕਾਊ ਭਵਿੱਖ, ਅਤੇ ਇੱਕ ਸਮਾਨ ਭਵਿੱਖ, ਸਾਡੀ ਪਹੁੰਚ ਤੋਂ ਬਾਹਰ ਹੈ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨ ਦੀ ਜਰੂਰਤ। ਸੰਯੁਕਤ ਰਾਸ਼ਟਰ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਲਈ 8 ਮਾਰਚ 2022 ਨੂੰ ਸਵੇਰੇ 10 ਵਜੇ ਤੋਂ 11.30 ਵਜੇ ਇੱਕ ਉੱਚ-ਪੱਧਰੀ ਵਰਚੁਅਲ ਇਵੈਂਟ ਦੁਆਰਾ ਕੀਤਾ ਜਾਵੇਗਾ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਜਨਰਲ ਅਸੈਂਬਲੀ ਦੇ ਪ੍ਰਧਾਨ, ਔਰਤਾਂ ਦੀ ਸਥਿਤੀ ਬਾਰੇ ਕਮਿਸ਼ਨ ਦੀ ਚੇਅਰਪਰਸਨ, ਸੰਯੁਕਤ ਰਾਸ਼ਟਰ ਮਹਿਲਾ ਦੇ ਕਾਰਜਕਾਰੀ ਨਿਰਦੇਸ਼ਕ ਦੇ ਨਾਲ-ਨਾਲ ਲਿੰਗ ਸਮਾਨਤਾ ਅਤੇ ਜਲਵਾਯੂ ਤਬਦੀਲੀ ਕਾਰਕੁਨ ਅਤੇ ਮਸ਼ਹੂਰ ਹਸਤੀਆਂ ਹਿੱਸਾ ਲੈਣਗੀਆਂ। ਸਮਾਗਮ ਤੋਂ ਬਾਅਦ ਇੱਕ ਉੱਚ-ਪੱਧਰੀ ਪੈਨਲ ਚਰਚਾ ਅਤੇ ਸੰਗੀਤਕ ਪ੍ਰਦਰਸ਼ਨ ਹੋਣਗੇ। ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਉਦੇਸ਼ ਔਰਤਾਂ ਦੀ ਸਥਿਤੀ ਤੇ ਆਉਣ ਵਾਲੇ 66ਵੇਂ ਕਮਿਸ਼ਨ ਲਈ ਤਰਜੀਹੀ ਥੀਮ ਨਾਲ ਮੇਲ ਖਾਂਦੀ ਹੈ: "ਜਲਵਾਯੂ ਤਬਦੀਲੀ, ਵਾਤਾਵਰਣ ਅਤੇ ਆਫ਼ਤ ਦੇ ਜੋਖਮ ਘਟਾਉਣ ਦੇ ਸੰਦਰਭ ਵਿੱਚ ਲਿੰਗ ਸਮਾਨਤਾ ਅਤੇ ਸਾਰੀਆਂ ਔਰਤਾਂ ਅਤੇ ਲੜਕੀਆਂ ਦਾ ਸਸ਼ਕਤੀਕਰਨ ਪ੍ਰਾਪਤ ਕਰਨਾ। ਜਲਵਾਯੂ ਸੰਕਟ ਅਤੇ ਤਬਾਹੀ ਦੇ ਜੋਖਮ ਵਿੱਚ ਕਮੀ ਦੇ ਸੰਦਰਭ ਵਿੱਚ ਲਿੰਗ ਸਮਾਨਤਾ ਨੂੰ ਅੱਗੇ ਵਧਾਉਣਾ 21ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਵਿਸ਼ਵ ਚੁਣੌਤੀਆਂ ਵਿੱਚੋਂ ਇੱਕ ਹੈ। ਜੇਕਰ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਵੇਖੀਏ ਤਾਂ ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਸਮਾਨਤਾ ਦੇ ਅਧਿਕਾਰਾਂ ਦੇ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ ਜਿਸਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸੰਨ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਨੌਕਰੀ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਯੂਰਪ ਵਿੱਚ ਵੀ ਜੰਗ ਦੇ ਖਿਲਾਫ ਪ੍ਰਦਰਸ਼ਨ ਹੋਏ। 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ, ਰੂਸੀ ਮਹਿਲਾਵਾਂ ਨੇ ਫਿਰ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ, ਫਿਰ ਵੀ ਮਹਿਲਾਵਾਂ ਨੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇੱਕਜੁੱਟ ਹੋ ਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਹਨ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅਤਿੱਆਚਾਰ ਵਧਦੇ ਜਾ ਰਹੇ ਹਨ। ਭਾਰਤ ਦੇਸ਼ ਜਿਸਦੀ ਕਮਾਂਡ ਲੰਬਾ ਸਮਾਂ ਇੱਕ ਮਹਿਲਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੇ ਹੱਥ ਵਿੱਚ ਰਹੀ ਨੇ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ, ਪ੍ਰਧਾਨ ਮੰਤਰੀ , ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀਆਂ ਹਨ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਮੁੱਖ ਸਕੱਤਰ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ ਜਿਸਨੂੰ ਵੇਖਕੇ ਲਗਦਾ ਹੈ ਕਿ ਸਾਡੇ ਦੇਸ਼ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ, ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਪਿਛਲੇ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 31 ਹਜ਼ਾਰ ਸ਼ਿਕਾਇਤਾਂ ਹੋਈਆਂ ਹਨ ਜਿਨ੍ਹਾਂ ਵਿੱਚ ਅੱਧੀਆਂ ਤੋਂ ਵੱਧ ਉੱਤਰ ਪ੍ਰਦੇਸ਼ ਤੋਂ ਆਈਆਂ ਹਨ। ਰਾਸ਼ਟਰੀ ਮਹਿਲਾ ਆਯੋਗ ਦੇ ਅੰਕੜਿਆਂ ਅਨੁਸਾਰ, 30,864 ਸ਼ਿਕਾਇਤਾਂ ਵਿੱਚੋਂ, ਸਭ ਤੋਂ ਵੱਧ 11,013 ਇੱਜ਼ਤ ਨਾਲ ਜਿਉਣ ਦੇ ਅਧਿਕਾਰ ਨਾਲ ਸਬੰਧਤ ਸਨ ਜੋ ਔਰਤਾਂ ਦੇ ਭਾਵਨਾਤਮਕ ਸ਼ੋਸ਼ਣ ਨੂੰ ਬਿਆਨ ਕਰਦੀਆਂ ਹਨ, 6633 ਘਰੇਲੂ ਹਿੰਸਾ ਅਤੇ 4589 ਦਾਜ ਉਤਪੀੜਨ ਨਾਲ ਸਬੰਧਤ ਸਨ। ਪਿਛਲੇ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਪ੍ਰਾਪਤ ਹੋਈਆਂ ਸ਼ਿਕਾਇਤਾਂ 2014 ਤੋਂ ਬਾਅਦ ਸਭ ਤੋਂ ਵੱਧ ਹਨ, ਜਿਨ੍ਹਾਂ ਵਿੱਚੋਂ ਅੱਧੀਆਂ ਉੱਤਰ ਪ੍ਰਦੇਸ਼ ਤੋਂ ਹੀ ਹਨ। ਸਾਲ 2020 ਦੇ ਮੁਕਾਬਲੇ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸ਼ਿਕਾਇਤਾਂ ਵਿੱਚ ਲੱਗਭੱਗ 30 ਫੀਸਦੀ ਵਾਧਾ ਹੋਇਆ ਹੈ ਜਦੋਂ ਸਾਲ 2020 ਵਿੱਚ 23,722 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉੱਤਰ ਪ੍ਰਦੇਸ਼ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸਭ ਤੋਂ ਵੱਧ 15,828 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਦਿੱਲੀ ਵਿੱਚ 3,336, ਮਹਾਰਾਸ਼ਟਰ ਵਿੱਚ 1,504, ਹਰਿਆਣਾ ਵਿੱਚ 1,460 ਅਤੇ ਬਿਹਾਰ ਵਿੱਚ 1,456 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਅੰਕੜਿਆਂ ਮੁਤਾਬਕ ਸਨਮਾਨ ਨਾਲ ਜੀਣ ਦੇ ਅਧਿਕਾਰ ਅਤੇ ਘਰੇਲੂ ਹਿੰਸਾ ਨਾਲ ਸਬੰਧਤ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਹੀ ਪ੍ਰਾਪਤ ਹੋਈਆਂ ਹਨ। 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸ਼ਿਕਾਇਤਾਂ ਵਿੱਚ ਹੁਣ ਤੱਕ 46ग ਵਾਧਾ ਹੈ। ਜੁਲਾਈ ਤੋਂ ਸਤੰਬਰ 2021 ਤੱਕ, ਹਰ ਮਹੀਨੇ 3,100 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ, ਆਖਰੀ ਵਾਰ ਜਦੋਂ 3,000 ਤੋਂ ਵੱਧ ਸ਼ਿਕਾਇਤਾਂ ਨਵੰਬਰ, 2018 ਵਿੱਚ ਪ੍ਰਾਪਤ ਹੋਈਆਂ ਸਨ, ਜਦੋਂ ਭਾਰਤ ਵਿੱਚ ਮੀ ਟੂ ਅੰਦੋਲਨ ਆਪਣੇ ਸਿਖਰ ਤੇ ਸੀ। ਪ੍ਰਾਪਤ ਅੰਕੜਿਆਂ ਅਨੁਸਾਰ, ਔਰਤਾਂ ਦੀ ਅਸ਼ਲੀਲਤਾ ਜਾਂ ਛੇੜਛਾੜ ਦੇ ਅਪਰਾਧ ਦੇ ਸਬੰਧ ਵਿੱਚ 1,819 ਸ਼ਿਕਾਇਤਾਂ, ਬਲਾਤਕਾਰ ਅਤੇ ਬਲਾਤਕਾਰ ਦੀ ਕੋਸ਼ਿਸ਼ ਦੀਆਂ 1,675 ਸ਼ਿਕਾਇਤਾਂ, ਔਰਤਾਂ ਪ੍ਰਤੀ ਪੁਲਿਸ ਦੀ ਬੇਰੁਖ਼ੀ ਦੀਆਂ 1,537 ਅਤੇ ਸਾਈਬਰ ਅਪਰਾਧਾਂ ਦੀਆਂ 858 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਮੈਰਿਜ ਸਬੰਧੀ ਸ਼ਕਾਇਤਾਂ ਮੁੱਖ ਤੋਰ ਤੇ ਸ਼ਾਮਿਲ ਹਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਹੋਈ ਮੀ ਟੂ ਅਧੀਨ ਸ਼ਿਕਾਇਤ ਚਰਚਾ ਵਿੱਚ ਰਹੀ ਹੈ। ਸ਼ਿਕਾਇਤਾਂ ਦੀ ਗਿਣਤੀ ਵਧਣਾ ਚੰਗੀ ਗੱਲ ਹੋ ਸਕਦੀ ਹੈ ਕਿਉਂਕਿ ਇਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਔਰਤਾਂ ਵਿੱਚ ਬੋਲਣ ਦੀ ਹਿੰਮਤ ਹੈ ਅਤੇ ਹੁਣ ਸੁਣਵਾਈ ਲਈ ਪਲੇਟਫਾਰਮ ਮੌਜੂਦ ਹਨ। ਪਹਿਲਾਂ ਔਰਤਾਂ ਸ਼ਾਇਦ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਨਹੀਂ ਆ ਰਹੀਆਂ ਸਨੜ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਅਤਿੱਆਚਾਰ ਸਹਿ ਰਹੀਆਂ ਸਨ। ਅਜਾਦੀ ਦੇ 7 ਦਹਾਕੇ ਬੀਤਣ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲ ਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਲੋਕ ਸਭਾ ਵਿੱਚ ਮੌਜੂਦਾ ਕੁੱਲ 545 ਮੈਂਬਰਾਂ ਵਿਚੋਂ ਸਿਰਫ 81 ਮਹਿਲਾ ਮੈਂਬਰ ਹਨ, ਰਾਜ ਸਭਾ ਦੇ ਕੁੱਲ 237 ਮੈਂਬਰਾਂ ਵਿੱਚੋਂ ਸਿਰਫ 29 ਮਹਿਲਾਵਾਂ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 78 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 11 ਹੀ ਮਹਿਲਾਵਾਂ ਹਨ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੂਣੀ ਹਿੱਸੇਦਾਰੀ ਰਹੀ ਹੈ 2012 ਵਿੱਚ ਜਿੱਥੇ ਵਿਧਾਨ ਸਭਾ ਵਿੱਚ 14 ਮਹਿਲਾਵਾਂ ਵਿਧਾਇਕ ਸਨ 2017 ਵਿੱਚ ਇਹ ਗਿਣਤੀ ਘੱਟਕੇ ਸਿਰਫ 06 ਹੀ ਰਹਿ ਗਈ ਸੀ। ਜੇਕਰ ਪੰਜਾਬ ਦੇ ਕੈਬਿਨਟ ਨੂੰ ਵੇਖੀਏ ਤਾਂ ਸਰਕਾਰ ਵਿੱਚ 17 ਕੈਬਿਨਟ ਮੰਤਰੀਆਂ ਵਿੱਚੋਂ ਸਿਰਫ 02 ਮਹਿਲਾਵਾਂ ਨੂੰ ਹੀ ਮੰਤਰੀ ਬਣਾਇਆ ਗਿਆ ਸੀ। ਪੰਜਾਬ ਵਿੱਚ 20 ਫਰਵਰੀ 2022 ਨੂੰ 117 ਵਿਧਾਨ ਸਭਾ ਹਲਕਿਆਂ ਲਈ ਹੋਈਆਂ ਚੋਣਾਂ ਲਈ ਵੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੇ ਸਿਰਫ 04 ਤੋਂ 10 ਫਿਸਦੀ ਮਹਿਲਾਵਾਂ ਨੂੰ ਹੀ ਟਿਕਟਾਂ ਦਿਤੀਆਂ ਹਨ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 02 ਮਹਿਲਾ ਹੀ ਲੋਕ ਸਭਾ ਮੈਂਬਰ ਹਨ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਵੀ ਸਿਰਫ 01 ਮਹਿਲਾ ਹੀ ਰਾਜ ਸਭਾ ਮੈਂਬਰ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਅਤੇ ਸਹਿਰੀ ਸ਼ਾਸਨ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ।

ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਸਾਡੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ, ਅਤੇ ਮਹਿਲਾਵਾਂ ਨੂੰ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਹੋ ਸਕੇ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਮਨਾਉਣ ਦਾ ਮੰਤਬ ਤਾਂ ਹੀ ਪੂਰਾ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ।





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




**We** congratulate Dr. Ronki Ram for conducting a detailed study of the Samyukt Kisan Morcha at the borders of Delhi and grounding it in the golden Pre and Post-Partition Farmers' Struggle in Punjab.

We also sincerely congratulate all Kisan and Mazdoor organizations for leading this longest, largest and the most invigorating as well as deeply peaceful struggle in the history of farmers' movement so far.

**Prem K. Chumber**
**Editor-in-Chief: Ambedkar Times**

# ਰਸਭਿੰਨਾ ਕੀਰਤਨ ਕਰਨ ਵਾਲੇ ਮਾਸਟਰ ਲਛਮਣ ਸਿੰਘ ਭਵਾਨੀਗੜ੍ਹ



-ਮੇਜਰ ਸਿੰਘ ਨਾਭਾ
ਮੋਬ.-9463553962

ਅਧਿਆਪਕ ਕੌਮ ਦਾ ਨਿਰਮਾਤਾ ਹੈ।ਅੱਜ ਦੇ ਬੱਚੇ ਰਾਸਟਰ ਦੇ ਕੱਲ੍ਹ ਦੇ ਨੇਤਾ ਬਣਨਗੇ।ਬੱਚਿਆਂ ਨੂੰ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਅਨੇਕਾਂ ਗੁਣਾਂ ਦੇ ਮਾਲਕ ਮਾਸਟਰ ਲਛਮਣ ਸਿੰਘ ਸ.ਸ. ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਸੰਗਰੂਰ) ਤੋਂ 31 ਮਾਰਚ 2020 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿਤਾ ਨੰਬਰਦਾਰ ਮਹਿੰਦਰ ਸਿੰਘ ਦੇ ਘਰ







ਮਾਤਾ ਮੁਖਤਿਆਰ ਕੌਰ ਦੀ ਕੁੱਖੋਂ 12 ਅਕਤੂਬਰ 1960 ਨੂੰ ਪਿੰਡ ਫੁੰਮਣਵਾਲ ਜਿਲ੍ਹਾ ਸੰਗਰੂਰ ਵਿਖੇ ਹੋਇਆ।ਉਨ੍ਹਾਂ ਦੇ ਪਿਤਾ ਇੱਕ ਕਿਰਤੀ ਅਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ ,ਉਨ੍ਹਾਂ ਨੇ ਸਖਤ ਮਿਹਨਤ ਕਰਕੇ ਆਪਣੇ ਬੱਚਿਆਂ ਲਈ ਵਾਹੀਯੋਗ ਜ਼ਮੀਨ ਖਰੀਦ ਕੇ ਉਨ੍ਹਾਂ ਲਈ ਰੋਜ਼ੀ ਰੋਟੀ ਦਾ ਵਸੀਲਾ ਬਣਾ ਦਿੱਤਾ ।

ਲਛਮਣ ਸਿੰਘ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂ.ਲ ਤੋਂ ਕਰਨ ਉਪਰੰਤ ਸਰਕਾਰੀ ਮਿਡਲ ਸਕੂਲ ਨਦਾਮਪੁਰ ਤੋਂ ਅੱਠਵੀਂ ਤੱਕ ਦੀ ਪੜ੍ਹਾਈ ਪ੍ਰਾਪਤ ਕੀਤੀ । ਉਨ੍ਹਾਂ ਨੇ ਮੈਟ੍ਰਿਕ ਦੀ ਪ੍ਰੀਖਿਆ ਸ.ਹ.ਸ. ਬਾਲਦ ਕਲਾਂ ਤੋਂ 1979 ਵਿੱਚ ਪਾਸ ਕੀਤੀ।ਬੀ.ਏ. ਦੀ ਪੜ੍ਹਾਈ ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਭਵਾਨੀਗੜ੍ਹ ਤੋਂ 1984 'ਚ ਪ੍ਰਾਪਤ ਕੀਤੀ । ਉਨ੍ਹਾਂ ਨੇ 1987 ਵਿੱਚ ਐਮ.ਏ. ਹਿਸਟਰੀ ਪੰਜਾਬੀ ਯੂਨੀਵਰਸਿਟੀ ਪੰਜਾਬੀ ਕੈਂਪਸ ਤੋਂ ਪਾਸ ਕਰ ਲਈ ।

ਉਨ੍ਹਾਂ ਨੇ 1989 ਵਿੱਚ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੁਕੇਸ਼ਨ , ਗੁਰੂ ਸਰ ਸਧਾਰ ( ਲੁਧਿਆਣਾ ) ਤੋਂ ਬੀ.ਐਡ ਕਰ ਲਈ।ਦ੍ਰਿੜ ਇਰਾਦੇ ਅਤੇ ਲਗਨ ਦੀ ਭਾਵਨਾ ਨੇ ਸਿੱਖਿਆ ਨਾਲ ਗੂੜ ਸਾਂਝ ਪਾਉਣ ਸਦਕਾ ਉਨ੍ਹਾਂ ਨੇ 1991 ਵਿੱਚ ਸਰਕਾਰੀ ਐਜੁਕੇਸ਼ਨ ਕਾਲਜ ਪਟਿਆਲਾ ਤੋਂ ਐਮ.ਐਡ. ਕਰਨ ਉਪਰੰਤ ਨਿਰੰਤਰ ਉਚੇਰੀ ਪੜ੍ਹਾਈ ਜਾਰੀ ਰੱਖਦੇ ਹੋਏ 1990 ਵਿੱਚ ਬੀ.ਲਿਬ. ਇਨਫਰਮੇਸ਼ਨ ਸਾਇੰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਤੋਂ ਪਾਸ ਕਰਕੇ ਆਪਣੀ ਵਿਦਿਅਕ ਯੋਗਤਾ 'ਚ ਵਾਧਾ ਕੀਤਾ ਜੋ ਕਿ ਇੱਕ ਪੇਂਡੂ ਪਿਛੋਕੜ ਵਾਲੇ ਵਿਦਿਆਰਥੀ ਲਈ ਮਾਣ ਵਾਲੀ ਗੱਲ ਹੈ ।



ਮਾਸਟਰ ਲਛਮਣ ਸਿੰਘ ਭਵਾਨੀਗੜ੍ਹ

ਸ੍ਰ. ਲਛਮਣ ਸਿੰਘ ਨੇ ਜਿਲ੍ਹਾ ਭਲਾਈ ਅਫਸਰ ਪਟਿਆਲਾ ਦੇ ਅਧੀਨ ਬਤੌਰ ਹੋਸਟਲ ਵਾਰਡਨ 1990 ਤੋਂ ਲੈ ਕੇ 1996 ਤੱਕ ਸੇਵਾ ਨਿਭਾਈ ।ਸਿੱਖਿਆ ਵਿਭਾਗ ਵਿੱਚ ਬਤੌਰ ਸ.ਸ. ਮਾਸਟਰ ਨਿਯੁਕਤੀ ਹੋਣ ਉਪਰੰਤ 17 ਜੁਲਾਈ 1997 ਨੂੰ ਸਰਕਾਰੀ ਮਿਡਲ ਸਕੂਲ ਆਲੋਅਰਖ ( ਸੰਗਰੂਰ ) ਵਿਖੇ ਸੇਵਾ ਆਰੰਭ ਕੀਤੀ ।ਇਥੇ ਉਨ੍ਹਾਂ ਨੇ ਬਤੌਰ ਸਕੂਲ ਇੰਚਾਰਜ਼ ਇਮਾਨਦਾਰੀ ਨਾਲ ਲੰਬਾ ਸਮਾਂ ਸੇਵਾ ਨਿਭਾਈ ।ਉਹ ਸਰਕਾਰੀ ਹਾਈ ਸਕੂਲ ਮਾਝੀ ਵਿਖੇ 30 ਸਤੰਬਰ 2010 ਨੂੰ ਹਾਜ਼ਰ ਹੋ ਗਏ ਅਤੇ ਲੰਬਾ ਸਮਾਂ ਸਕੂਲ ਇੰਚਾਰਜ ਰਹਿ ਕੇ ਸਕੂਲ ਦੀ ਬਿਹਤਰੀ ਲਈ ਕੰਮ ਕੀਤਾ । ਉਨ੍ਹਾਂ ਸਕੂਲ ਦੇ ਬੱਚਿਆਂ ਦੀ ਖਾਸ ਕਰਕੇ ਲੜਕੀਆਂ ਦੀ ਦੂਰ ਬਾਲਦ ਕਲਾਂ ਪ੍ਰੀਖਿਆ ਕੇਂਦਰ ਜਾ ਕੇ ਪ੍ਰੀਖਿਆ ਦੇਣ ਦੀ ਔਖਿਆਈ ਨੂੰ ਦੇਖਦਿਆਂ ਸਟਾਫ ਦੇ ਸਹਿਯੋਗ ਨਾਲ ਬੋਰਡ ਦੀਆਂ ਪ੍ਰੀਖਿਆਵਾਂ ਲਈ ਪ੍ਰੀਖਿਆ ਕੇਂਦਰ ਸਥਾਪਤ ਕਰਵਾਇਆ , ਜਿਸ ਲਈ ਮੇਜਰ ਸਿੰਘ ਸ.ਸ. ਮਾਸਟਰ ਨੇ ਬੋਰਡ ਦੇ ਦਫਤਰ ਦੀ ਸਾਰੀ ਕਾਰਵਾਈ ਮੁਕੰਮਲ ਕਰਨ ਲਈ ਅਹਿਮ ਰੋਲ ਨਿਭਾਇਆ ।ਉਨ੍ਹਾਂ ਨੇ ਸਕੂਲ ਦੇ ਅਪਗਰੇਡ ਕਰਾਉਣ ਲਈ ਪੰਚਾਇਤ ਨੂੰ ਪੂਰਨ ਸਹਿਯੋਗ ਕਿਸੇ ਵੀ ਲੋੜੀਂਦੀ ਕਾਗਜ਼ੀ ਕਾਰਵਾਈ ਨੂੰ ਸਮੇਂ ਸਿਰ ਕਰਕੇ ਸਕੂਲ ਨੂੰ ਸੀਨੀਅਰ ਸੈਕੰਡਰੀ ਬਣਵਾਉਣ 'ਚ ਅਹਿਮ ਰੋਲ ਅਦਾ ਕੀਤਾ ।ਸ. ਲਛਮਣ ਸਿੰਘ ਨੇ ਆਪਣੇ ਕੰਮ ਪ੍ਰਤੀ ਕਦੇ ਵੀ ਕੁਤਾਹੀ ਨਹੀਂ ਕੀਤੀ, ਸਮੂਹ ਸਟਾਫ ਦੇ ਕੰਮਾਂ ਨੂੰ ਸਕੂਲ ਇੰਚਾਰਜ਼ ਸਮੇਂ ਪਹਿਲ ਦੇ ਆਧਾਰ ਤੇ ਹੱਲ ਕਰਵਾਉਂਦੇ ਰਹੇ ।ਉਹ ਲੋੜਵੰਦਾਂ ਦੀ ਹਮੇਸ਼ਾ ਮਦਦ ਕਰਦੇ ਰਹਿੰਦੇ ਹਨ ।

ਸਕੂਲ ਦੀ ਚਾਰ ਦਿਵਾਰੀ,ਕਮਰੇ ਅਤੇ ਦਫਤਰ ਦੀ ਉਸਾਰੀ ਉਨ੍ਹਾਂ ਦੀ ਨਿਗਰਾਨੀ ਹੇਠ ਵਧੀਆ ਢੰਗ ਨਾਲ ਬਣਵਾਏ ।ਉਨ੍ਹਾਂ ਨੇ ਸਕੂਲ ਮੈਗਜ਼ੀਨ ਪ੍ਰਕਾਸ਼ਿਤ ਕਰਾਉਣ 'ਚ ਅਹਿਮ ਭੂਮਿਕਾ ਨਿਭਾਈ ।ਉਨ੍ਹਾਂ ਨੇ ਜੇਬ 'ਚੋਂ ਪੈਸੇ ਖਰਚਣ ਲਈ ਕਦੇ ਹੱਥ ਨਹੀਂ ਘੁਟਿਆ ।ਸਕੂਲ ਇੰਚਾਰਜ ਹੋਣ ਕਰਕੇ ਸਕੂਲ ਦੀ ਸਾਰੀ ਬਿਲਡਿੰਗ ਦਾ ਨਿਰਮਾਣ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਵਾਇਆ ।ਉਨ੍ਹਾਂ ਨੇ ਆਪਣੇ ਅਧਿਆਪਨ ਸਫਰ ਦੌਰਾਣ ਸਕੂਲ ਦੀਆਂ ਹੋਰ ਵਾਧੂ ਡਿਊਟੀਆਂ ਨੂੰ ਹਮੇਸ਼ਾਂ ਇਮਾਨਦਾਰੀ ਨਾਲ ਖਿੜੇ ਮੱਥੇ ਨਿਭਾਇਆ ਹੈ।ਸਕੂਲ ਦੇ ਕਲੈਰੀਕਲ ਕੰਮਾਂ ਦੀ ਜੋ ਉਨ੍ਹਾਂ ਡਿਊਟੀ ਸਾਂਭੀ ਉਹ ਸਮੇਂ ਸਿਰ ਕੰਮ ਕਰਦੇ ਰਹੇ ਹਨ ।ਉਹ ਮਿੱਠ ਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ ।

ਉਨ੍ਹਾਂ ਦਾ ਵਿਆਹ ਮਈ 1993 ਨੂੰ ਪਿੰਡ ਰਾਮਗੜ੍ਹ ਦੇ ਧਾਰਮਿਕ ਬਿਰਤੀ ਵਾਲੇ ਮਾਸਟਰ ਸੁਖਦੇਵ ਸਿੰਘ ਦੀ ਬੇਟੀ ਹਰਜੀਤ ਕੌਰ ਨਾਲ ਹੋ ਗਿਆ।ਉਨ੍ਹਾਂ ਦੇ ਘਰ ਬੇਟੇ ਸੰਦੀਪ ਸਿੰਘ ਅਤੇ ਬੇਟੀ ਜਸਪ੍ਰੀਤ ਕੌਰ ਨੇ ਜਨਮ ਲਿਆ । ਬੇਟੇ ਨੇ ਬੀ.ਫਾਰਮੇਸੀ ਦੀ ਡਿਗਰੀ ਕੀਤੀ ਹੈ ।ਬੇਟੀ ਬੀ.ਕਾਮ. ਪਾਸ ਕਰਕੇ ਬੀ.ਐਡ. ਕਰ ਰਹੀ ਹੈ । ਉਨ੍ਹਾਂ ਦੀ ਨੂੰਹ ਮਨਪ੍ਰੀਤ ਕੌਰ ਬਿਜਲੀ ਬੋਰਡ ਵਿੱਚ ਬਤੌਰ ਐਲ.ਡੀ.ਸੀ. ਕਲਰਕ ਡਿਊਟੀ ਨਾਭਾ ਵਿਖੇ ਨਿਭਾ ਰਹੀ ਹੈ ।ਪੋਤੇ ਅਕਾਲਵੀਰ ਸਿੰਘ ਨੇ ਉਨ੍ਹਾਂ ਦੇ ਘਰ ਦੀ ਰੌਣਕ 'ਚ ਵਾਧਾ ਕੀਤਾ ਹੈ।ਉਹ ਬਚਪਨ ਤੋਂ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ।ਲੰਬੇ ਸਮੇਂ ਤੋਂ ਉਹ ਰਾੜਾ ਸਾਹਿਬ ਸੰਪ੍ਰਦਾਇ ਵਾਲਿਆਂ ਦੇ ਮਹਾਂ ਪੁਰਸ਼ਾਂ ਦੇ ਧਾਰਮਿਕ ਸਮਾਗਮਾਂ 'ਚ ਕੀਰਤਨ ਦੀ ਹਾਜ਼ਰੀ ਲੁਆਂਦੇ ਆ ਰਹੇ ਹਨ ।ਅਨੇਕਾਂ ਮਹਾਂ-ਪੁਰਸ ਉਨ੍ਹਾਂ ਨੂੰ ਧਾਰਮਿਕ ਸਮਾਗਮਾਂ ਵਿੱਚ ਸਨਮਾਨਿਤ ਕਰ ਚੁੱਕੇ ਹਨ ।ਆਪਣੇ ਮੁਹੱਲੇ ਦੇ ਗੁਰੂ ਘਰ ਉਹ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ । ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।

## (50 ਵੀਂ ਵਿਆਹ ਵਰ੍ਹੇਗੰਢ 'ਤੇ ਵਿਸ਼ੇਸ਼)

# ਅੱਧੀ ਸਦੀ ਇੱਕਠੇ ਜ਼ਿੰਦਗੀ ਦਾ ਸਫਰ ਸਫਲਤਾਪੂਰਵਕ ਨਿਭਾਉਣ ਵਾਲੇ ਸ੍ਰ. ਰਾਮ ਸਿੰਘ ਜੱਸਲ ਅਤੇ ਸ੍ਰੀਮਤੀ ਰਾਜ ਦੁਲਾਰੀ

ਮੇਜਰ ਸਿੰਘ ਨਾਭਾ

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਇਰਾਦਿਆਂ ਨੂੰ ਕੋਈ ਮੁਸ਼ਕਿਲ ਰੋਕ ਨਹੀਂ ਸਕਦੀ। ਇਹੋ ਜਿਹਾ ਹੀ ਦ੍ਰਿੜ ਇਰਾਦੇ ਵਾਲਾ ਇਨਸਾਨ ਹਨ ਸ. ਰਾਮ ਸਿੰਘ ਜੱਸਲ ਜਿੰਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਵਿਖੇ ਕਿਰਾਏ ਦੇ ਮਕਾਨ ਤੋਂ ਸਫਰ ਸੁਰੂ ਕਰਕੇ ਆਪਣੀ ਜੀਵਨ ਸਾਥਣ ਸ੍ਰੀਮਤੀ ਰਾਜ ਦੁਲਾਰੀ ਦੇ ਵੱਡੇ ਸਹਿਯੋਗ ਨਾਲ ਚੰਡੀਗੜ੍ਹ ਦੇ ਮੱਧ ਵਿਚ ਕੋਠੀ ਖਰੀਦ ਕੇ ਆਪਣਾ ਰੈਣ ਬਸੇਰਾ ਬਣਾ ਲਿਆ, ਸੱਚਮੁੱਚ ਇੱਕ ਨਾ ਮਾਤਰ ਪੜ੍ਹੇ ਪੇਂਡੂ ਪਿਛੋਕੜ ਵਾਲੇ ਇਨਸਾਨ ਦੀ ਸੋਚ ਲਈ ਦਾਦ ਦੇਣੀ ਬਣਦੀ ਹੈ। ਉਨ੍ਹਾਂ ਦਾ ਜਨਮ ਧਾਰਮਿਕ ਬਿਰਤੀ ਵਾਲੇ ਇਮਾਨਦਾਰ ਕਿਰਤੀ ਪਿਤਾ ਸ੍ਰ. ਬਾਬੂ ਸਿੰਘ ਜੱਸਲ ਦੇ ਘਰ ਮਾਤਾ ਸਰਦਾਰਨੀ ਨਸੀਬ ਕੌਰ ਦੀ ਕੁੱਖੋਂ ਪਿੰਡ ਮੰਨਵੀ (ਸੰਗਰੂਰ) ਵਿਖੇ 15 ਅਗਸਤ 1950 ਨੂੰ ਹੋਇਆ । ਆਰਥਿਕ ਮਜਬੂਰੀ ਕਾਰਨ ਛੋਟੀ ਉਮਰੇ ਉਹ ਆਪਣੇ ਵੱਡੇ ਭਰਾ ਸ. ਸੰਤੋਖ ਸਿੰਘ ਕੋਲ ਦਿੱਲੀ ਵਿਖੇ ਵੀ ਕੁਝ ਸਮਾਂ ਰਹੇ, ਜੋ ਉਥੇ ਆਪਣਾ ਸਿਲਾਈ ਦਾ ਕੰਮ ਕਰਨ ਲਈ ਚਲੇ ਗਏ ਸਨ ।ਕਦੇ ਪਿੰਡ, ਕਦੇ ਦਿੱਲੀ , ਕਦੇ ਚੰਡੀਗੜ੍ਹ ਜਾਣ ਕਾਰਨ ਉਹ ਪੜ੍ਹਾਈ ਸਿਰਫ ਪ੍ਰਾਇਮਰੀ ਤੱਕ ਹੀ ਕਰ ਸਕੇ ।

ਸ. ਸੰਤੋਖ ਸਿੰਘ ਜੱਸਲ ਨੇ 1964 'ਚ ਚੰਡੀਗੜ੍ਹ ਆ ਗਏ ਅਤੇ ਥੋੜੇ ਸਮੇਂ ਬਾਅਦ ਆਪਣੀ ਸਿਲਾਈ ਦੀ ਦੁਕਾਨ 'ਜੱਸਲ ਟੇਲਰਜ਼' ਦੇ ਨਾਂ ਕਰ ਲਈ ।ਪਿੰਡੋ ਆ ਕੇ ਰਾਮ ਸਿੰਘ ਜੱਸਲ ਨੇ ਵੀ ਇਥੇ ਵੱਡੇ ਭਰਾ ਕੋਲ ਸਿਲਾਈ ਦਾ ਕੰਮ ਸਿੱਖ ਲਿਆ ।ਇਥੇ ਰਹਿੰਦੇ ਹੀ ਰਾਮ ਸਿੰਘ ਜੱਸਲ ਦਾ ਵਿਆਹ ਪਿੰਡ ਪਵਾਤ (ਰੋਪੜ ) ਦੇ ਸ਼੍ਰੀ ਲਾਲ ਜੀ ਦਾਸ ਦੀ ਬੇਟੀ ਰਾਜ ਦੁਲਾਰੀ ਨਾਲ 29 ਫਰਵਰੀ 1972 ਨੂੰ ਹੋ ਗਿਆ।ਇਨ੍ਹਾਂ ਦੇ ਘਰ ਦੋ ਬੇਟੇ ਰਜਿੰਦਰ ਸਿੰਘ (ਭੋਲਾ) ਅਤੇ ਜਸਵੀਰ ਸਿੰਘ (ਸੋਨੂੰ ) ਨੇ ਜਨਮ ਲਿਆ। ਵਿਆਹ ਹੋਣ ਕਾਰਨ ਉਨ੍ਹਾਂ ਲਈ ਵੱਖਰੀ ਕਿਰਾਏ ਦੀ ਰਿਹਾਇਸ ਕਰਨ ਦੀ ਮਜਬੂਰੀ ਬਣ ਗਈ । ਉਨ੍ਹਾਂ ਨੇ ਕਈ ਸਾਲ ਚੰਡੀਗੜ੍ਹ ਹੋਰ ਸਿਲਾਈ ਦੀਆਂ ਦੁਕਾਨਾਂ ਤੇ ਕਾਰੀਗਰੀ ਵੀ ਕੀਤੀ । ਉਨ੍ਹਾਂ ਦੀ ਜੀਵਨ ਸਾਥਣ ਸ਼੍ਰੀਮਤੀ ਰਾਜ ਦੁਲਾਰੀ ਨੇ ਘਰ ਹੀ ਲੇਡੀਜ਼ ਸਿਲਾਈ ਦਾ ਕੰਮ ਦਿਨ ਰਾਤ ਕਰਕੇ ਆਰਥਿਕ ਮਦਦ ਕਰਨ 'ਚ ਬਰਾਬਰ ਦਾ ਅਹਿਮ ਯੋਗਦਾਨ ਪਾਇਆ ਜਿਸ ਸਦਕਾ ਸ. ਰਾਮ ਸਿੰਘ ਜੱਸਲ ਨੇ ਮੁਹਾਲੀ ਵਿਖੇ 1985 ਵਿੱਚ



ਆਪਣੀ ਕੋਠੀ ਬਣਾ ਲਈ ਪਰ ਕੰਮਕਾਜ ਚੰਡੀਗੜ੍ਹ ਹੋਣ ਕਾਰਨ ਉਥੇ ਦੂਰ ਹੋਣ ਕਾਰਨ ਰਿਹਾਇਸ ਨਹੀਂ ਕੀਤੀ ।ਉਨ੍ਹਾਂ ਨੇ ਆਪਣੇ ਛੋਟੇ ਭਰਾ ਅਮਰਜੀਤ ਸਿੰਘ ਜੱਸਲ ਨਾਲ ਰਲ ਕੇ ਸੈਕਟਰ 7-ਸੀ ਵਿਖੇ 1981 ਵਿੱਚ ਕਿਰਾਏ ਦੀ ਦੁਕਾਨ ਲੈ ਕੇ 'ਰਾਮਸੰਨਜ਼ ਟੇਲਰਜ਼' ਨਾਂ ਦੀ ਦੁਕਾਨ ਕਰ ਲਈ ।ਥੋੜੇ ਸਾਲਾਂ 'ਚ ਸਖਤ ਮਿਹਨਤ ਕਰਕੇ ਉਹ ਇਸੇ ਦੁਕਾਨ ਦੇ ਮਾਲਕ ਬਣ ਗਏ ।ਸੰਨ 1994 ਵਿੱਚ ਸੈਕਟਰ-18 ਸੀ ਵਿੱਚ ਉਨ੍ਹਾਂ ਨੇ ਆਪਣੀ ਕੋਠੀ ਖਰੀਦ ਕੇ ਆਪਣੇ ਮਨ ਦੀ ਮੁਰੀਦ ਪੂਰੀ ਕਰ ਲਈ। ਇਹ ਉਨ੍ਹਾਂ ਦੇ ਜੀਵਨ ਦੀ ਵੱਡੀ ਪ੍ਰਾਪਤੀ ਹੈ ।ਉਨ੍ਹਾਂ ਦਾ ਸੁਭਾਅ ਦਰਵੇਸ਼ ਕਿਸਮ ਦਾ ਹੈ । ਉਨ੍ਹਾਂ ਅੰਦਰ ਨਿਮਰਤਾ, ਹਲੀਮੀ, ਇਮਾਨਦਾਰੀ ਦੇ ਗੁਣ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਅਹਿਮ ਰਹੇ ਹਨ ।ਉਹ ਭਾਵੇਂ ਸਾਦਗੀ ਨਾਲ ਰਹਿੰਦੇ ਹਨ ਅਤੇ ਘੱਟ ਪੜ੍ਹੇ ਲਿਖੇ ਹਨ ਪਰ ਉਨ੍ਹਾਂ ਦੀ ਸ਼ਖਸ਼ੀਅਤ ਕਿਸੇ ਪੜ੍ਹੇ ਲਿਖੇ ਵਿਅਕਤੀ ਤੋਂ ਘੱਟ ਨਹੀਂ ਲਗਦੀ । ਉਹ ਆਪਣੀ ਸਿਹਤ ਪ੍ਰਤੀ ਜਾਗਰੂਕ ਹਨ।

ਉਨ੍ਹਾਂ ਦੀ ਹਾਰਟ ਬਾਈਪਾਸ ਸਰਜਰੀ ਅਤੇ ਸਟੰਟ ਪੈਣ ਦੇ ਬਾਵਜੂਦ ਹਮੇਸ਼ਾ ਚੜ੍ਹਦੀਕਲਾ 'ਚ ਰਹਿੰਦੇ ਹਨ। ਉਹ ਆਪਣੀ ਸੁਪਤਨੀ ਸ਼੍ਰੀਮਤੀ ਰਾਜ ਦੁਲਾਰੀ ਨਾਲ ਬੜੇ ਹੀ ਵਧੀਆ ਸਲੀਕੇ ਨਾਲ ਅੱਧੀ ਸਦੀ ਪਾਰ ਕਰਕੇ 50 ਵੀਂ ਵਿਆਹ ਵਰ੍ਹੇਗੰਢ ਮਨਾ ਰਹੇ ਹਨ । ਉਨ੍ਹਾਂ ਦਾ ਵੱਡਾ ਬੇਟਾ ਰਜਿੰਦਰ ਸਿੰਘ ਜੱਸਲ ਆਪਣੀ ਪਤਨੀ ਕੁਲਮੀਤ ਕੌਰ ਬੇਟੀ ਈਸ਼ਕਾ ਜੱਸਲ ਅਤੇ ਬੇਟੇ ਦੇਵ ਜੱਸਲ ਨਾਲ ਯੂ.ਕੇ.ਵਿੱਚ ਰਹਿ ਰਿਹਾ ਹੈ । ਉਨ੍ਹਾਂ ਕੋਲ ਉਹ ਆਪਣੀ ਸੁਪਤਨੀ ਸ੍ਰੀਮਤੀ ਰਾਜ ਦੁਲਾਰੀ ਨਾਲ ਕਈ ਵਾਰ ਜਾ ਕੇ ਘੁੰਮ ਆਏ ਹਨ । ਛੋਟਾ ਬੇਟਾ ਜਸਵੀਰ ਸਿੰਘ ਜੱਸਲ , ਨੂੰਹ ਹਰਪ੍ਰੀਤ ਕੌਰ ਅਤੇ ਬੇਟਾ ਅਸ਼ਵਿਨ ਜੱਸਲ ਉਨ੍ਹਾਂ ਨਾਲ ਚੰਡੀਗੜ੍ਹ ਵਿਖੇ ਰਹਿ ਰਹੇ ਹਨ ।ਇਸ ਸਮੇਂ ਸਮੇਂ ਰਿਸਤੇਦਾਰਾਂ, ਮਿੱਤਰਾਂ ਆਦਿ ਨੇ ਇਸ ਸ਼ੁਭਾਗੀ ਜੋੜੀ ਨੂੰ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ। ਪ੍ਰਮਾਤਮਾ ਇਸ ਸੁਭਾਗੀ ਜੌੜੀ ਨੂੰ ਲੰਮੀ ਉਮਰ ਅਤੇ



# ਸੂਰਜ ਮੁੱਖੀ ਦੇ ਫੁੱਲ

ਤੂਫਾਨਾਂ ਦਹਾੜ, ਹੋਰ ਦਹਾੜ
ਸਾਡੀ ਲੋਅ ਦੇ ਗਿਰਦ ਤਾਂ
ਲੋਕਾਂ ਨੇ ਕਰ ਲਈ ਹੈ
ਆਪਣੇ ਹੱਥਾਂ ਨਾਲ ਵਾੜ।

ਹੋਰ ਲਾ ਲੈ ਜੋਰ ਤਬਾਹੀ ਦਾ
ਸਾਡੀਆਂ ਸੜਕਾਂ, ਸਾਡੇ ਘਰਵਾਰ ਉਜਾੜਨ ਦਾ
ਪਰ ਸਾਡੇ ਵੱਲ ਆਉਂਦੀਆਂ
ਪਗਡੰਡੀਆਂ ਨੂੰ ਕਿਵੇਂ ਰੋਕੇਂਗਾ?

ਸਾਡੀ ਜਿੱਤ ਦੀ ਪਗਡੰਡੀ ਤਾਂ
ਓਦੋਂ ਹੀ ਬਣ ਗਈ ਸੀ
ਜਦੋਂ ਇੱਕ ਬੱਚੀ ਨੇ
ਟੈਂਕ ਤੇ ਚੜ੍ਹੇ ਤੇਰੇ ਇੱਕ ਫੌਜੀ ਨੂੰ
ਦਿੱਤੇ ਸਨ ਸੂਰਜਮੁਖੀ ਦੇ ਬੀਜ
ਤਾਂਕਿ ਤੂੰ ਵੀ ਖਿੜਨਾ ਸਿੱਖ ਲਵੇਂ।

ਉਹ ਦੇਖ ਤੈਨੂੰ ਪਾੜ ਕੇ
ਸੂਰਜ ਦੀਆਂ ਸੁਨਹਿਰੀ ਕਿਰਨਾ
ਪੈ ਰਹੀਆਂ ਨੇ ਸਾਡੇ ਫੁੱਲਾਂ ਤੇ
ਹੁਣ ਤਾਂ ਖਿੜਾਂਗੇ, ਹੋਰ ਖੁੱਲ ਕੇ ਖਿੜਾਂਗੇ
ਲੈ ਬਣ ਗਈ ਹੈ,
ਇੱਕ ਹੋਰ ਪਗਡੰਡੀ
ਹੁਣ ਨਹੀਂ ਅਸੀਂ ਹਾਰਦੇ
ਸੁਣ ! ਸਾਡੀ ਇੱਕ ਫੌਜਣ ਕੁੜੀ
ਸੂਰਜਮੁਖੀ ਦੇ ਫੁੱਲਾਂ ਵਾਂਗ ਖਿੜੀ
ਕਹਿ ਰਹੀ ਹੈ,
ਸੂਰਜ ਦੀਆਂ ਲਾਲ ਕਿਰਨਾਂ
ਪੈ ਰਹੀਆਂ ਨੇ ਸਾਡੇ ਫੁੱਲਾਂ ਤੇ,
ਮੈਂ ਤਾਂ ਪੰਛੀਆਂ ਦੇ ਸੰਗ
ਗਾ ਰਹੀ ਹਾਂ, ਪ੍ਰਭਾਤ ਵੇਲੇ ਦੇ ਗੀਤ ।

ਸਾਡਾ ਨਾਇਕ ਸਾਡਾ ਚੈਪਲਿਨ
ਸ਼ੇਰ ਦੇ ਪਿੰਜਰੇ ਚੋਂ ਨਿੱਕਲ ਬਾਹਰ
ਚੜ੍ਹ ਬੈਠਾ ਹੈ ਲੋਕਾਂ ਦੇ ਦਿਲਾਂ ਤੇ
ਵੰਡ ਰਿਹਾ ਹੈ, ਇੱਕ ਇੱਕ ਦਾਣਾ,
ਸੂਰਜ ਮੁਖੀ ਦੇ ਬੀਜਾਂ ਦਾ
ਤਾਂਕਿ ਇਸ ਧਰਤੀ ਤੇ
ਹਰ ਪਾਸੇ ਤੈਨੂੰ ਦਿਖਣ
ਖਿੜੇ ਹੋਏ ਸੂਰਜ ਮੁਖੀ ਦੇ ਫੁੱਲ,
ਫੇਰ ਤੂੰ ਬੰਕਰ ਵਿੱਚ ਬੈਠ ਇੱਕਲਾ,
ਹਿਟਲਰ ਵਾਂਗ ਅਪਣੀ ਹੋਣੀ ਨੂੰ
ਰਿਹਾ ਹੋਵੇਂਗਾ ਲਿਖ ।




**– ਅਮਰ ਗਰਗ ਕਲਮਦਾਨ**
**ਧੂਰੀ, ਪੰਜਾਬ – ਭਾਰਤ**

# ਰਾਸ਼ਟਰੀ ਵਿਗਿਆਨ ਦਿਵਸ ਦਾ ਮੁੱਖ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨ ਨੂੰ ਹਰ ਸੰਭਵ ਤਰੀਕੇ ਨਾਲ ਉਤਸ਼ਾਹਿਤ ਕਰਨਾ



ਕੁਲਦੀਪ ਚੰਦ
91-9417563054

ਭਾਰਤ ਵਿੱਚ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਰਾਸ਼ਟਰੀ ਵਿਗਿਆਨ ਦਿਵਸ ਦਾ ਮੁੱਖ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨ ਨੂੰ ਹਰ ਸੰਭਵ ਤਰੀਕੇ ਨਾਲ ਉਤਸ਼ਾਹਿਤ ਕਰਨਾ ਹੈ। ਜੇਕਰ ਰਾਸ਼ਟਰੀ ਵਿਗਿਆਨ ਦਿਵਸ ਦਾ ਇਤਿਹਾਸ ਵੇਖੀਏ ਤਾਂ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਪ੍ਰਭਾਵ 'ਰਮਨ ਪ੍ਰਭਾਵ' ਵਜੋਂ ਜਾਣਿਆ ਜਾਂਦਾ ਹੈ। ਇਹ ਖੋਜ ਡਾਕਟਰ ਸੀ.ਵੀ. ਰਮਨ ਅਤੇ ਉਸਦੇ ਇੱਕ ਵਿਦਿਆਰਥੀ ਕੇ.ਐਸ. ਕ੍ਰਿਸ਼ਨਨ ਨੇ 28 ਫਰਵਰੀ 1928 ਨੂੰ ਰਮਨ ਪ੍ਰਭਾਵ ਰੋਸ਼ਨੀ ਦੇ ਖਿਲਾਰਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਖੋਜ ਸੀ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਡਾਕਟਰ ਸੀ.ਵੀ. ਰਮਨ ਦਾ ਜਨਮ 07 ਨਵੰਬਰ 1888 ਨੂੰ ਹੋਇਆ ਸੀ। ਉਸਦੇ ਪਿਤਾ ਗਣਿਤ ਅਤੇ ਭੌਤਿਕ ਵਿਗਿਆਨ ਦੇ ਲੈਕਚਰਾਰ ਸਨ। ਉਸਨੇ 1902 ਵਿੱਚ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿੱਚ ਦਾਖਲਾ ਲਿਆ ਅਤੇ 1904 ਵਿੱਚ ਭੌਤਿਕ ਵਿਗਿਆਨ ਵਿੱਚ ਬੀ.ਏ. ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਅਤੇ ਸੋਨ ਤਗਮਾ ਪ੍ਰਾਪਤ ਕੀਤਾ। ਸਾਲ 1907 ਵਿੱਚ ਉਸਨੇ ਆਪਣੀ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉੱਚਤਮ ਸਨਮਾਨ ਪ੍ਰਾਪਤ ਕੀਤਾ। ਆਪ 1907 ਵਿੱਚ ਭਾਰਤੀ ਵਿੱਤ ਵਿਭਾਗ ਵਿੱਚ ਸ਼ਾਮਲ ਹੋ ਗਏ ਸਨ। ਉਸਨੂੰ ਕਲਕੱਤਾ ਵਿਖੇ ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ਼ ਸਾਇੰਸ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗਾਤਮਕ ਖੋਜ ਕਰਨ ਦੇ ਮੌਕੇ ਮਿਲੇ। ਸਾਲ 1917 ਵਿੱਚ ਉਸਨੂੰ ਕਲਕੱਤਾ ਯੂਨੀਵਰਸਿਟੀ ਵਿੱਚ ਭੌਤਿਕ ਵਿਗਿਆਨ ਦੀ ਨਵੀਂ ਸਥਾਪਿਤ ਚੇਅਰ ਦੀ ਜ਼ਿੰਮੇਬਾਰੀ ਦਿਤੀ ਗਈ। ਇੱਥੇ ਕੰਮ ਕਰਨ ਤੋਂ ਬਾਅਦ ਉਹ ਬੰਗਲੌਰ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਪ੍ਰੋਫ਼ੈਸਰ ਬਣੇ ਅਤੇ 1948 ਵਿੱਚ ਉਹ ਬੰਗਲੌਰ ਵਿਖੇ ਰਮਨ ਇੰਸਟੀਚਿਊਟ ਆਫ਼ ਰਿਸਰਚ ਦੇ ਡਾਇਰੈਕਟਰ ਬਣ ਗਏ। ਉਸਨੇ 1926 ਵਿੱਚ ਇੰਡੀਅਨ ਜਰਨਲ ਆਫ਼ ਫਿਜ਼ਿਕਸ ਦੀ ਸਥਾਪਨਾ ਕੀਤੀ ਜਿਸਦੇ ਉਹ ਆਪ ਸੰਪਾਦਕ ਰਹੇ। ਆਪ ਨੇ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਦੀ ਸਥਾਪਨਾ ਨੂੰ ਸਪਾਂਸਰ ਕੀਤਾ ਅਤੇ ਇਸਦੇ ਪ੍ਰਧਾਨ ਵਜੋਂ ਕੰਮ ਕੀਤਾ ਸੀ। ਆਪ ਨੂੰ ਵੱਡੀ ਗਿਣਤੀ ਵਿੱਚ ਆਨਰੇਰੀ ਡਾਕਟਰੇਟ ਅਤੇ ਵਿਗਿਆਨਕ ਸੁਸਾਇਟੀਆਂ ਦੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਆਪਣੇ ਕੈਰੀਅਰ ਦੇ ਸ਼ੁਰੂ ਵਿੱਚ ਰਾਇਲ ਸੋਸਾਇਟੀ ਦਾ ਇੱਕ ਫੈਲੋ ਚੁਣਿਆ ਗਿਆ ਸੀ। ਇਹ ਮਹਾਨ ਵਿਗਿਆਨੀ ਡਾਕਟਰ ਸੀ.ਵੀ. ਰਮਨ 21 ਨਵੰਬਰ 1970 ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਮਹਾਨ ਵਿਗਿਆਨੀ ਦੀ ਯਾਦ ਵਿੱਚ ਹੀ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਦੇ ਵੱਖ-ਵੱਖ ਵਿਦਿਅੱਕ ਅਦਾਰਿਆਂ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਸਾਲ 1986 ਵਿੱਚ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਨੇ ਬੇਨਤੀ ਕੀਤੀ ਸੀ ਕਿ ਭਾਰਤ ਸਰਕਾਰ ਦੁਆਰਾ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਵੇ। ਹੁਣ 28 ਫਰਵਰੀ ਨੂੰ ਪੂਰੇ ਭਾਰਤ ਵਿੱਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿਗਿਆਨ, ਇੰਜਨੀਅਰਿੰਗ, ਮੈਡੀਕਲ ਅਤੇ ਖੋਜ ਸੰਸਥਾਵਾਂ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਆਯੋਜਿਤ ਕੀਤਾ ਜਾਂਦਾ ਹੈ। ਇਸ ਲਈ ਹਰ ਸਾਲ ਇੱਕ ਵਿਸ਼ੇਸ਼ ਉਦੇਸ਼ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਉਸ ਵਿਸ਼ੇਸ਼ ਉਦੇਸ਼ ਤੇ ਹੀ ਕੇਂਦ੍ਰਿਤ ਹੁੰਦੇ ਹਨ। ਭਾਰਤ ਵਿੱਚ ਵਿਗਿਆਨ ਨੂੰ ਪ੍ਰਸਿੱਧ ਬਣਾਉਣ ਲਈ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਵਿਗਿਆਨ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨ ਮੇਲੇ ਅਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਵਿਗਿਆਨ ਅਤੇ ਤਕਨਾਲੋਜੀ ਰਾਜ ਮੰਤਰੀ (ਸੁਤੰਤਰ ਚਾਰਜ) ਧਰਤੀ ਵਿਗਿਆਨ ਪੀ ਐਮ ਓ ਪਰਸੋਨਲ, ਜਨਤਕ ਸ਼ਿਕਾਇਤਾਂ,




ਪੈਨਸ਼ਨ, ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ, ਡਾਕਟਰ ਜਤਿੰਦਰ ਸਿੰਘ ਨੇ ਰਾਸ਼ਟਰੀ ਵਿਗਿਆਨ ਦਿਵਸ 2022 ਦੇ ਉਦੇਸ਼ "ਟਿਕਾਊ ਭਵਿੱਖ ਲਈ ਵਿਗਿਆਨ ਅਤੇ ਤਕਨਾਲੋਜੀ ਵਿੱਚ ਏਕੀਕ੍ਰਿਤ ਪਹੁੰਚ'' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਟਿਕਾਊ ਭਵਿੱਖ ਲਈ ਵਿਗਿਆਨ ਅਤੇ ਤਕਨਾਲੋਜੀ ਵਿੱਚ ਚਾਰ-ਗੁਣਾ ਏਕੀਕ੍ਰਿਤ ਪਹੁੰਚ ਸਾਨੂੰ ਸਾਈਲੋ ਵਿੱਚ ਕੰਮ ਕਰਨ ਦੇ ਸੱਭਿਆਚਾਰ ਤੋਂ ਬਾਹਰ ਆਉਣ ਵਿੱਚ ਮੱਦਦ ਕਰੇਗੀ ਜਿਵੇਂ ਕਿ ਪ੍ਰਧਾਨ ਮੰਤਰੀ ਦੁਆਰਾ ਗਲੋਬਲ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਸੁਝਾਅ ਦਿੱਤਾ ਗਿਆ ਸੀ। ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਕਿਹਾ ਕਿ ਚਾਰ ਗੁਣਾ ਪਹੁੰਚ ਵਿੱਚ ਸਾਰੇ ਵਿਗਿਆਨਕ ਵਿਭਾਗਾਂ ਦਾ ਏਕੀਕਰਣ ਸ਼ਾਮਲ ਹੋਵੇਗਾ ਜੋ ਉਦੇਸ਼ ਅਧਾਰਤ ਪਹੁੰਚ ਤੇ ਕੰਮ ਕਰ ਸਕਦੇ ਹਨ। ਉਨ੍ਹਾਂ ਕਿਹਾ ਇਸ ਏਕੀਕ੍ਰਿਤ ਪਹੁੰਚ ਨੂੰ ਅੱਗੇ ਵਧਾਉਣ ਦਾ ਇਹ ਸਭ ਤੋਂ ਵਧੀਆ ਸਮਾਂ ਹੈ ਕਿਉਂਕਿ ਸਾਰੇ ਮੰਤਰਾਲੇ ਅਤੇ ਵਿਭਾਗ ਕੋਰੋਨਾ ਮਹਾਂਮਾਰੀ ਦੇ ਸੰਕਟ ਦੇ ਸਮੇਂ ਮਨੁੱਖਤਾ ਦੇ ਬਚਾਅ ਲਈ ਕੰਮ ਕਰਨ ਲਈ ਇਕੱਠੇ ਹੋਏ ਹਨ। ਇਸ ਲਈ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਵਿਗਿਆਨ ਨੂੰ ਸਮੁੱਚੇ ਤੌਰ ਤੇ ਜਨਤਾ ਅਤੇ ਮਨੁੱਖਤਾ ਦੇ ਵਿਕਾਸ ਅਤੇ ਕਲਿਆਣ ਦੇ ਸਾਧਨ ਵਜੋਂ ਪੇਸ਼ ਕਰਨਾ ਹੈ।

ਅਸੀਂ ਇੱਕ ਅਜਿਹੇ ਸੱਭਿਆਚਾਰ ਵਿੱਚ ਰਹਿੰਦੇ ਹਾਂ ਜਿੱਥੇ ਅਸੀਂ ਦੋ ਤਰ੍ਹਾਂ ਦੇ ਵਿਅਕਤੀ ਦੇਖ ਸਕਦੇ ਹਾਂ ਜਿਨ੍ਹਾਂ ਵਿੱਚ ਇੱਕ ਪਾਸੇ ਲੋਕਾਂ ਦਾ ਇੱਕ ਸਮੂਹ ਜੋ ਵਿਗਿਆਨ ਤੋਂ ਪਰੇ ਚੀਜ਼ਾਂ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਅਧਿਆਤਮਿਕ ਮਾਰਗ ਦੀ ਪਾਲਣਾ ਕਰਦੇ ਹਨ ਅਤੇ ਦੂਜੇ ਪਾਸੇ ਲੋਕਾਂ ਦਾ ਇੱਕ ਸਮੂਹ ਵਿਗਿਆਨ ਅਤੇ ਤਕਨਾਲੋਜੀ ਵਿੱਚ ਨਿਰੰਤਰ ਤਰੱਕੀ ਕਰਨ ਤੇ ਪ੍ਰਫੁੱਲਤ ਹੁੰਦੇ ਹਨ। ਤਕਨੀਕੀ ਚਮਤਕਾਰਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕ ਰਾਸ਼ਟਰੀ ਵਿਗਿਆਨ ਦਿਵਸ ਨੂੰ ਉਸੇ ਤਰੀਕੇ ਨਾਲ ਮਨਾਉਣ ਦਾ ਆਨੰਦ ਲੈਂਦੇ ਹਨ ਜਿਵੇਂ ਕਿ ਉਹ ਆਪਣੇ ਪਹਿਰਾਵੇ ਅਤੇ ਤਿਉਹਾਰ ਮਨਾਉਣਾ ਪਸੰਦ ਕਰਦੇ ਹਨ। ਅਸੀਂ ਕੁਝ ਅਦਭੁਤ ਵਿਗਿਆਨਕ ਅਧਿਐਨਾਂ, ਸਫਲਤਾਵਾਂ ਅਤੇ ਤਕਨਾਲੋਜੀਆਂ ਨੂੰ ਦੇਖਣ ਲਈ ਕਾਫ਼ੀ ਭਾਗਸ਼ਾਲੀ ਰਹੇ ਹਾਂ। ਇਹ ਜਸ਼ਨ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜ ਅਤੇ ਖੋਜ ਵਿੱਚ ਸਰ ਸੀ.ਵੀ. ਰਮਨ ਦੇ ਬੇਮਿਸਾਲ ਯੋਗਦਾਨ ਦਾ ਸਨਮਾਨ ਕਰਦਾ ਹੈ। ਕਿਸੇ ਵੀ ਖੇਤਰ ਵਿੱਚ ਸਿਰਫ਼ ਇੱਕ ਖੋਜ ਨਾਲ ਹੀ ਨਹੀਂ ਰੁਕਣਾ ਸਗੋਂ ਹਰ ਤਰ੍ਹਾਂ ਨਾਲ ਦੇਸ਼ ਦੀ ਸਿਖ਼ਰਾਂ ਤੱਕ ਤਰੱਕੀ ਕਰਨਾ ਜਾਰੀ ਰੱਖਣਾ ਹੈ। ਰਾਸ਼ਟਰੀ ਵਿਗਿਆਨ ਦਿਵਸ ਉਹਨਾਂ ਲੋਕਾਂ ਲਈ ਹੈ ਜੋ ਵਿਗਿਆਨ ਵਿੱਚ ਵਿਸ਼ਵਾਸ ਕਰਦੇ ਹਨ, ਵਿਗਿਆਨੀਆਂ, ਉਹਨਾਂ ਨੌਜਵਾਨਾਂ ਲਈ ਜੋ ਵਿਗਿਆਨ ਅਤੇ ਤਕਨਾਲੋਜੀ ਬਾਰੇ ਸਿੱਖਣ ਲਈ ਸੱਖ਼ਤ ਮਿਹਨਤ ਕਰਦੇ ਹਨ, ਅਤੇ ਉਹਨਾਂ ਲਈ ਜੋ ਵਿਗਿਆਨਕ ਖੋਜਾਂ ਦਾ ਆਨੰਦ ਲੈਂਦੇ ਹਨ।

ਵਿਗਿਆਨ ਨੇ ਮਨੁੱਖ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਮਨੁੱਖ, ਇੱਕ ਤਰਕਸ਼ੀਲ ਜੀਵ, ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਖੋਜਣ ਲਈ ਅਜੀਬ ਰਿਹਾ ਹੈ ਅਤੇ ਇਸ ਕਾਰਨ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੀਆਂ ਖੋਜਾਂ ਕੀਤੀਆਂ ਗਈਆਂ ਹਨ। ਇਸ ਵਿੱਚ ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ ਅਧੀਨ ਜਾਨਵਰਾਂ, ਰਸਾਇਣਾਂ, ਬਲ, ਧਰਤੀ, ਪੌਦਿਆਂ ਆਦਿ ਦਾ ਅਧਿਐਨ ਸ਼ਾਮਲ ਹੈ। ਵਿਗਿਆਨ ਪ੍ਰਮਾਣਾਂ ਦੇ ਅਧਾਰ ਤੇ ਇੱਕ ਯੋਜਨਾਬੱਧ ਕਾਰਜਪ੍ਰਣਾਲੀ ਦੀ ਪਾਲਣਾ ਕਰਦੇ ਹੋਏ ਕੁਦਰਤੀ ਅਤੇ ਸਮਾਜਿਕ ਸੰਸਾਰ ਦੇ ਗਿਆਨ ਦੇ ਨਤੀਜਿਆਂ, ਨਿਰੀਖਣਾਂ ਅਤੇ ਸਮਝ ਦੀ ਖੋਜ ਅਤੇ ਵਰਤੋਂ ਹੈ। ਵਿਗਿਆਨ ਆਧਾਰਿਤ ਤਕਨੀਕਾਂ ਨੇ ਆਧੁਨਿਕ ਜੀਵਨ ਨੂੰ ਬਦਲ ਦਿੱਤਾ ਹੈ। ਉਨ੍ਹਾਂ ਨੇ ਜੀਵਨ ਪੱਧਰ, ਸਿਹਤ, ਲੋਕ ਭਲਾਈ ਅਤੇ ਸੁਰੱਖਿਆ ਵਿੱਚ ਪ੍ਰਭਾਵਸ਼ਾਲੀ ਸੁਧਾਰ ਕੀਤੇ ਹਨ। ਉਨ੍ਹਾਂ ਨੇ ਬਦਲ ਦਿੱਤਾ ਹੈ ਕਿ ਅਸੀਂ ਆਪਣੇ ਬਾਰੇ ਕਿਵੇਂ ਸੋਚਦੇ ਹਾਂ ਅਤੇ ਅਸੀਂ ਆਪਣੇ ਆਲੇ ਦੁਆਲੇ ਦੇ ਸੰਸਾਰ ਦੇ ਸਬੰਧ ਵਿੱਚ ਬ੍ਰਹਿਮੰਡ ਨੂੰ ਕਿਵੇਂ ਦੇਖਦੇ ਹਾਂ। ਵਿਗਿਆਨਕ ਜਾਂਚ ਦੇ ਵੱਖ-ਵੱਖ ਖੇਤਰਾਂ ਤੋਂ ਲੋੜੀਂਦੇ ਸਬੂਤਾਂ ਦੁਆਰਾ ਵਿਕਾਸਵਾਦ ਨੂੰ ਕਾਇਮ ਰੱਖਿਆ ਜਾਂਦਾ ਹੈ। ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ ਸਿੱਖਿਆ ਦੀ ਲੋੜ ਹੁੰਦੀ ਹੈ। ਵਿਗਿਆਨ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰਕ ਨਾਲ ਕੰਮ ਕਰਦੀਆਂ ਹਨ। ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਸੈੱਲ ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ। ਵਿਗਿਆਨ ਦੀ ਬਦੌਲਤ ਹੀ ਅੱਜ ਅਸੀਂ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਇਸ ਨਾਲ ਸਾਡੀ ਜ਼ਿੰਦਗੀ ਆਸਾਨ ਹੋ ਗਈ ਹੈ ਅਤੇ ਸਾਡੀ ਉਮਰ ਵੱਧ ਗਈ ਹੈ। ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ, ਆਵਾਜਾਈ ਦੇ ਕਈ ਸਾਧਨਾਂ ਜਿਵੇਂ ਕਿ ਕਾਰਾਂ, ਬੱਸਾਂ, ਟਰੱਕਾਂ ਆਦਿ ਦੀ ਵਰਤੋਂ ਕਰਦੇ ਹਾਂ ਜੋਕਿ ਵਿਗਿਆਨਕ ਖੋਜਾਂ ਤੇ ਆਧਾਰਿਤ ਹਨ। ਜੀਵਨ ਦਾ ਕੋਈ ਖੇਤਰ ਅਜਿਹਾ ਨਹੀਂ ਹੈ ਜਿੱਥੇ ਵਿਗਿਆਨ ਨੇ ਸਾਡੀ ਮੱਦਦ ਨਾ ਕੀਤੀ ਹੋਵੇ। ਲਗਭਗ ਹਰ ਦਿਨ ਜਾਂ ਤਾਂ ਨਵੀਆਂ ਕਾਢਾਂ ਦੀ ਰਿਪੋਰਟ ਕੀਤੀ ਜਾ ਰਹੀ ਹੈ, ਜਾਂ ਮੌਜੂਦਾ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ।

ਵਿਗਿਆਨ ਨੇ ਕੰਮ ਨੂੰ ਤੇਜ਼, ਸੁਰੱਖਿਅਤ ਅਤੇ ਹੋਰ ਵੀ ਪ੍ਰਭਾਵਸ਼ਾਲੀ ਅਤੇ ਕੁਸ਼ਲ ਬਣਾਇਆ ਹੈ। ਬੇਸ਼ੱਕ ਵਿਗਿਆਨ ਦੀਆਂ ਕਾਢਾਂ ਅਤੇ ਤਰੱਕੀ ਨੇ ਧਰਮ ਅਧਾਰ ਤੇ ਫੈਲਾਏ ਜਾ ਰਹੇ ਪਾਖੰਡਵਾਦ ਨੂੰ ਰੋਕਣ ਲਈ ਅਹਿਮ ਭੂਮਿਕਾ ਨਿਭਾਈ ਹੈ ਪਰ ਸਮੇਂ-ਸਮੇਂ ਤੇ ਅਜੇ ਵੀ ਕਈ ਵਾਰ ਅਜਿਹੀਆਂ ਪਾਖੰਡਵਾਦੀ ਘਟਨਾਵਾਂ ਵੇਖਣ ਨੂੰ ਨਜਰ ਆਂਦੀਆਂ ਹਨ। ਹਰ ਸਾਲ ਭਾਰਤ ਦੇ ਲੱਗਭੱਗ ਸਾਰੇ ਰਾਜ ਵੱਖ-ਵੱਖ ਤਰੀਕਿਆਂ ਨਾਲ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਗਿਆਨ ਦੇ ਵੱਖ-ਵੱਖ ਮੁਕਾਬਲੇ ਅਤੇ ਕੁਇਜ਼ ਕਰਵਾਏ ਜਾਂਦੇ ਹਨ। ਪੰਜਾਬ ਵਿੱਚ ਵੀ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਹਰ ਸਾਲ 28 ਫਰਵਰੀ ਜਾਂ ਇਸ ਦੇ ਆਸ-ਪਾਸ ਰਾਸ਼ਟਰੀ ਵਿਗਿਆਨ ਦਿਵਸ ਮਨਾਇਆਂ ਜਾਂਦਾ ਹੈ ਅਤੇ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਵੈ-ਸੇਵੀ ਸੰਸਥਾਵਾਂ ਦੁਆਰਾ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣਾ ਇਸਦਾ ਮੁੱਖ ਉਦੇਸ਼ ਹੈ। ਹਰ ਸਾਲ ਰਾਜ ਭਰ ਵਿੱਚ ਲੈਕਚਰ, ਵਿਦਿਆਰਥੀ ਮੁਕਾਬਲੇ, ਮਾਡਲ ਬਣਾਉਣ, ਪ੍ਰਦਰਸ਼ਨੀਆਂ, ਕੁਇਜ਼ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਾਨੂੰ ਵਿਗਿਆਨ ਦੀ ਮਹੱਤਤਾ ਅਤੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਸਬੰਧੀ ਫੈਲੇ ਪਾਖੰਡਾਂ ਨੂੰ ਰੋਕਿਆ ਜਾ ਸਕੇ।

# 1951-52 ਤੋਂ ਬਾਅਦ ਭਾਰਤ ਵਿੱਚ ਇੰਨੀ ਜਿਆਦਾ ਠੰਢ ਕਿਉਂ ਪਈ?

**ਨਵੀਂ ਦਿੱਲੀ –** ਇਸ ਸਾਲ ਸਰਦੀਆਂ ਦਾ ਮੌਸਮ ਆਖਰਕਾਰ 28 ਫਰਵਰੀ ਨੂੰ ਖਤਮ ਹੋ ਗਿਆ। ਮੌਸਮ ਵਿਭਾਗ ਮੁਤਾਬਕ ਇਸ ਸਾਲ ਰਿਕਾਰਡ ਸਰਦੀ ਪਈ ਹੈ। ਵੱਧ ਤੋਂ ਵੱਧ ਤਾਪਮਾਨ ਵਿੱਚ ਕਮੀ ਦੇ ਮਾਮਲੇ ਵਿੱਚ 1951-52 ਤੋਂ ਬਾਅਦ ਇਹ ਸਭ ਤੋਂ ਠੰਢਾ ਸਾਲ ਸੀ। ਇਸ ਦੇ ਨਾਲ ਹੀ ਇਸ ਸਾਲ ਮੌਸਮ 'ਚ ਕਈ ਬਦਲਾਅ ਹੋਏ ਹਨ, ਜੋ ਮੌਸਮ 'ਚ ਬਦਲਾਅ ਦੇ ਮਾੜੇ ਨਤੀਜਿਆਂ ਦਾ ਸੰਕੇਤ ਦੇ ਰਹੇ ਹਨ।

28 ਫਰਵਰੀ ਨੂੰ, ਅੰਤਰ-ਸਰਕਾਰੀ ਪੈਨਲ ਆਨ ਕਲਾਈਮੇਟ ਚੇਂਜ ਨੇ ਮੌਸਮ ਦੇ ਇਸ ਪੂਰੇ ਮਾਮਲੇ 'ਤੇ ਆਪਣੀ ਛੇਵੀਂ ਮੁਲਾਂਕਣ ਰਿਪੋਰਟ ਦਾ ਦੂਜਾ ਹਿੱਸਾ ਜਾਰੀ ਕੀਤਾ ਹੈ। ਇਹ ਰਿਪੋਰਟ ਜਲਵਾਯੂ ਸੰਕਟ ਦੇ ਵਿਆਪਕ ਅਤੇ ਗੁੰਝਲਦਾਰ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ। ਰਿਪੋਰਟ ਮੁਤਾਬਕ ਇਸ ਸਾਲ ਸਰਦੀਆਂ ਦੇ ਪੈਟਰਨ 'ਚ ਕੁਝ ਅਜਿਹੇ ਬਦਲਾਅ ਦੇਖਣ ਨੂੰ ਮਿਲੇ ਹਨ, ਜੋ 1951-52 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ। ਭਾਰਤੀ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਵੱਧ ਤੋਂ ਵੱਧ ਤਾਪਮਾਨ ਦੇ ਲਿਹਾਜ਼ ਨਾਲ ਇਹ ਸਾਲ 1951-52 ਤੋਂ ਬਾਅਦ ਸਭ ਤੋਂ ਠੰਡਾ ਸਾਲ ਰਿਹਾ। ਆਈਐਮਡੀ ਨੇ ਕਿਹਾ ਕਿ ਠੰਡ ਵਿੱਚ ਇਹ ਰਿਕਾਰਡ ਤੋੜ ਬਦਲਾਅ ਮੁੱਖ ਤੌਰ 'ਤੇ ਬੇਮੌਸਮੀ ਬਾਰਸ਼ ਦਾ ਨਤੀਜਾ ਹੈ।

ਇਸ ਸੀਜ਼ਨ ਵਿੱਚ 27 ਫਰਵਰੀ ਤੱਕ ਭਾਰਤ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 24।29 ਡਿਗਰੀ ਸੈਲਸੀਅਸ



ਸੀ। 1981-2010 ਦੀ ਮਿਆਦ ਵਿੱਚ, ਦਸੰਬਰ-ਫਰਵਰੀ ਸੀਜ਼ਨ ਵਿੱਚ ਇਹ ਔਸਤ ਤਾਪਮਾਨ ਤੋਂ 1।51 ਡਿਗਰੀ ਘੱਟ ਸੀ। ਇਸ ਨਜ਼ਰੀਏ ਤੋਂ 1951-52 ਤੋਂ ਬਾਅਦ ਇਹ ਸਭ ਤੋਂ ਠੰਢਾ ਸਾਲ ਸੀ। ਇਸ ਤੋਂ ਪਹਿਲਾਂ 1983-84 ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 1।15 ਡਿਗਰੀ ਘੱਟ ਸੀ। ਇਸ ਸਰਦੀਆਂ ਵਿੱਚ ਕੋਈ ਵੀ ਦਿਨ ਅਜਿਹਾ ਨਹੀਂ ਸੀ ਜਿਸ ਦਿਨ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਵੱਧ ਰਿਹਾ ਹੋਵੇ। ਦਸੰਬਰ ਵਿੱਚ ਔਸਤ ਤਾਪਮਾਨ 1।2 ਡਿਗਰੀ ਸੀ, ਜੋ ਆਮ ਨਾਲੋਂ 4।7 ਡਿਗਰੀ ਘੱਟ ਸੀ। ਤਾਪਮਾਨ 'ਚ ਇਹ ਬਦਲਾਅ ਬੇਹੱਦ ਅਸਾਧਾਰਨ ਸੀ ਕਿਉਂਕਿ ਭਾਰਤ 'ਚ ਸਰਦੀਆਂ ਦਾ ਤਾਪਮਾਨ ਪਿਛਲੇ ਕੁਝ ਸਾਲਾਂ ਤੋਂ ਇਤਿਹਾਸਕ ਤੌਰ 'ਤੇ ਵੱਧ ਰਿਹਾ ਹੈ। ਹਾਲਾਂਕਿ ਘੱਟੋ-ਘੱਟ ਤਾਪਮਾਨ 'ਚ ਕੋਈ ਖਾਸ ਬਦਲਾਅ ਨਹੀਂ ਦੇਖਿਆ ਗਿਆ। ਇਸ ਵਾਰ ਘੱਟੋ-ਘੱਟ ਤਾਪਮਾਨ ਔਸਤਨ 11।95 ਡਿਗਰੀ ਸੈਲਸੀਅਸ ਰਿਹਾ, ਜੋ ਆਮ ਨਾਲੋਂ ਸਿਰਫ਼ 0।01 ਡਿਗਰੀ ਘੱਟ ਸੀ। ਇਸ ਤਰ੍ਹਾਂ, ਇਹ 71 ਸਾਲਾਂ ਵਿੱਚ ਸਿਰਫ 30ਵਾਂ ਸਭ ਤੋਂ ਠੰਡਾ ਤਾਪਮਾਨ ਸੀ।

ਆਈਪੀਸੀਸੀ ਦੇ ਅਨੁਸਾਰ, ਵੱਧ ਤੋਂ ਵੱਧ ਤਾਪਮਾਨ ਵਿੱਚ ਇਹ ਗਿਰਾਵਟ ਆਮ ਤੌਰ 'ਤੇ ਬੇਮੌਸਮੀ ਮੀਂਹ ਕਾਰਨ ਦਰਜ ਕੀਤੀ ਗਈ ਸੀ। ਮੀਂਹ ਦੇ ਕਾਰਨ, ਬੱਦਲ ਅਸਮਾਨ ਵਿੱਚ ਸੂਰਜ ਦੀ ਰੌਸ਼ਨੀ ਨੂੰ ਰੋਕਦੇ ਹਨ ਅਤੇ ਦਿਨ ਨੂੰ ਗਰਮ ਹੋਣ ਤੋਂ ਰੋਕਦੇ ਹਨ। ਇਹੀ ਕਾਰਨ ਹੈ ਕਿ ਇਸ ਸਾਲ ਵੱਧ ਤੋਂ ਵੱਧ ਤਾਪਮਾਨ ਰਿਕਾਰਡ ਪੱਧਰ 'ਤੇ ਔਸਤ ਤੋਂ ਹੇਠਾਂ ਰਿਹਾ। ਅਜਿਹਾ ਨਹੀਂ ਹੈ ਕਿ ਸਰਦੀਆਂ ਵਿੱਚ ਮੀਂਹ ਨਹੀਂ ਪੈਂਦਾ। ਪਰ 2021-22 ਦੀਆਂ ਸਰਦੀਆਂ ਵਿੱਚ ਇੰਨੀ ਜ਼ਿਆਦਾ ਬਾਰਿਸ਼ ਹੋਈ ਕਿ ਆਸਮਾਨ ਬੱਦਲਾਂ ਨਾਲ ਘਿਰਿਆ ਰਿਹਾ। ਇਸ ਸਾਲ ਸਰਦੀਆਂ ਵਿੱਚ ਹੋਈ ਔਸਤ ਬਾਰਿਸ਼ ਨੇ ਕਈ ਰਿਕਾਰਡ ਤੋੜ ਦਿੱਤੇ ਹਨ। 30 ਵਿੱਚੋਂ 11 ਰਾਜਾਂ ਵਿੱਚ ਔਸਤ ਤੋਂ ਭਾਰੀ ਮੀਂਹ ਨੇ ਵੱਧ ਤੋਂ ਵੱਧ ਤਾਪਮਾਨ ਨੂੰ ਔਸਤ ਤੋਂ ਹੇਠਾਂ ਲਿਆਉਣ ਵਿੱਚ ਮਦਦ ਕੀਤੀ।

# ਜੰਗਲੀ ਅੱਗਾਂ ਦੇ ਕਹਿਰ ਤੋਂ ਕਿਵੇਂ ਬਚਿਆ ਜਾਵੇ?

23 ਫਰਵਰੀ 2022 ਨੂੰ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਦੀ ਇਕ ਸਲਾਨਾ ਰਿਪੋਰਟ ਅਨੁਸਾਰ, ਧਰਤੀ ਉੱਤੇ ਗਰੀਨਹਾਊਸ ਗੈਸਾਂ ਦੇ ਵਧ ਰਹੇ ਨਿਕਾਸ ਕਾਰਨ ਦੁਨੀਆ ਭਰ ਵਿਚ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਰਿਪੋਰਟ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਵਿਸ਼ਵਵਿਆਪੀ ਪੱਧਰ ਉੱਤੇ ਭਿਆਨਕ ਜੰਗਲੀ ਅੱਗਾਂ ਵਿਚ 2030 ਤੱਕ 14 ਫ਼ੀਸਦ, 2050 ਤੱਕ 30 ਫ਼ੀਸਦ ਅਤੇ ਸਦੀ ਦੇ ਅੰਤ ਤੱਕ 50 ਫ਼ੀਸਦ ਤੱਕ ਵਾਧਾ ਹੋ ਸਕਦਾ ਹੈ। ਜੇਕਰ ਗਰੀਨਹਾਊਸ ਗੈਸਾਂ ਦੀ ਨਿਕਾਸੀ ਮੌਜੂਦਾ ਦਰ ਉੱਤੇ ਹੁੰਦੀ ਰਹੀ ਤਾਂ ਆਰਕਟਿਕ ਅਤੇ ਹੋਰ ਠੰਡੇ ਖੇਤਰ ਜੋ ਹਾਲੇ ਤੱਕ ਜੰਗਲੀ ਅੱਗਾਂ ਨਾਲ ਪ੍ਰਭਾਵਿਤ ਨਹੀਂ ਹੋਏ ਸਨ ਸਦੀ ਦੇ ਅੰਤ ਤੱਕ ਜੰਗਲੀ ਅੱਗਾਂ ਦੀ ਲਪੇਟ ਵਿਚ ਆ ਸਕਦੇ ਹਨ। ਇਸ ਦੇ ਨਾਲ ਨਾਲ ਇੰਡੋਨੇਸ਼ੀਆ ਅਤੇ ਦੱਖਣੀ ਐਮੇਜ਼ੋਨ ਵਿਚ ਵੀ ਜੰਗਲੀ ਅੱਗਾਂ ਲੱਗਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਸਕਦਾ ਹੈ। ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਜੰਗਲੀ ਅੱਗਾਂ ਵਿਚ ਵਾਧਾ ਮੌਸਮੀ ਤਬਦੀਲੀ ਅਤੇ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ ਕਾਰਨ ਹੋ ਰਿਹਾ ਹੈ। ਇਹ ਦੋਵੇਂ ਕਾਰਨ ਮਨੁੱਖੀ ਗਤੀਵਿਧੀਆਂ ਨਾਲ ਜੁੜੇ ਹਨ। ਮੌਸਮ ਵਿਚ ਤਬਦੀਲੀਆਂ ਧਰਤੀ ਦੇ ਵਧ ਰਹੇ ਔਸਤ ਤਾਪਮਾਨ ਕਰਕੇ ਆ ਰਹੀਆਂ ਹਨ। ਅਗਸਤ 2021 ਵਿਚ ਆਈ.ਪੀ.ਸੀ.ਸੀ. (ਇੰਟਰਗਵਰਨਮੈਂਟ ਪੈਨਲ ਔਨ ਕਲਾਈਮੇਟ ਚੇਂਜ) ਦੀ ਛੇਵੀਂ ਰਿਪੋਰਟ ਵਿਚ ਵਿਗਿਆਨੀਆਂ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ ਜਦੋਂ ਕਿ ਪਹਿਲੀਆਂ ਰਿਪੋਰਟਾਂ ਵਿਚ ਮਨੁੱਖੀ ਗਤੀਵਿਧੀਆਂ ਦੀ ਸੰਭਾਵਨਾ ਕਹੀ ਜਾਂਦੀ ਸੀ। ਪਿਛਲੀ ਸਦੀ ਵਿਚ ਗਰੀਨਹਾਊਸ ਗੈਸਾਂ ਦੀ ਜ਼ਿਆਦਾ ਨਿਕਾਸੀ ਕਾਰਨ ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਨਾਲੋਂ 1.1 ਡਿਗਰੀ ਸੈਲਸੀਅਸ ਦਾ ਵਾਧਾ ਹੋ ਚੁੱਕਿਆ ਹੈ। ਤਾਪਮਾਨ ਵਿਚ ਵਾਧੇ ਦੀ ਇਕ ਡਿਗਰੀ ਦਾ ਹਰ ਹਿੱਸਾ ਬਹੁਤ ਮਹੱਤਵਪੂਰਨ ਹੈ। ਤਾਪਮਾਨ ਵਿਚ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਬਹੁਤ ਜ਼ਿਆਦਾ ਮੀਂਹ ਪੈਣ ਦੀਆਂ ਘਟਨਾਵਾਂ ਵਿਚ 7 ਗੁਣਾ ਅਤੇ ਗਰਮ ਲਹਿਰਾਂ ਦੀ ਆਮਦ ਵਿਚ 5 ਗੁਣਾ ਵਾਧਾ ਹੋ ਸਕਦਾ ਹੈ ਅਤੇ 2 ਡਿਗਰੀ ਸੈਲਸੀਅਸ ਵਾਧੇ ਨਾਲ 14 ਗੁਣਾ ਵਾਧਾ ਹੋਣ ਦੀ ਸੰਭਾਵਨਾ ਹੈ। ਤਾਪਮਾਨ ਵਿਚ ਥੋੜ੍ਹੇ ਜਿਹੇ ਵਾਧੇ ਨਾਲ ਸੋਕੇ ਅਤੇ ਜੰਗਲੀ ਅੱਗ ਵਰਗੀਆਂ ਕੁਦਰਤੀ ਆਫ਼ਤਾਂ ਦੀਆਂ ਘਟਨਾਵਾਂ ਵਿਚ ਵੀ ਕਈ ਗੁਣਾ ਵਾਧਾ ਹੋ ਜਾਂਦਾ ਹੈ। ਜੂਨ 2021 ਵਿਚ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਦਾ ਛੋਟਾ ਜਿਹਾ ਲੈਟਿਨ ਨਾਮ ਦਾ ਸ਼ਹਿਰ ਗਰਮ ਲਹਿਰਾਂ ਦੀ ਆਮਦ ਤੋਂ ਬਾਅਦ ਜੰਗਲੀ ਅੱਗਾਂ ਨਾਲ ਤਬਾਹ ਹੋ ਗਿਆ। ਇਸੇ ਤਰ੍ਹਾਂ ਦਾ ਵਰਤਾਰਾ ਯੂਨਾਨ ਦੇ ਐਲੀਨੀਕਾ ਪਿੰਡ ਵਿਚ ਵਾਪਰਿਆ ਹੈ। ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਹਵਾ ਵਿਚ ਸਾਪੇਖਿਕ ਨਮੀ ਘਟਣ ਕਾਰਨ ਸੋਕੇ ਦੇ ਹਾਲਤ ਪੈਦਾ ਹੋ ਜਾਂਦੇ ਹਨ ਜਿਸ ਨਾਲ ਜੰਗਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਜਾਂਦਾ ਹੈ।

ਰਿਕਾਰਡ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਜੰਗਲੀ ਅੱਗ ਦੀਆਂ ਬਹੁਤ ਜ਼ਿਆਦਾ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਦੀ ਲਪੇਟ ਵਿਚ ਕੈਨੇਡਾ, ਸੰਯੁਕਤ ਰਾਜ ਅਮਰੀਕਾ, ਚੀਨ, ਆਸਟਰੇਲੀਆ, ਅਤੇ ਯੂਰਪ ਦੇ ਕਈ ਦੇਸ ਆਏ ਰਹੇ ਹਨ। ਜੰਗਲੀ ਅੱਗਾਂ ਨੇ 2017 ਅਤੇ 2018 ਗਰੀਸ, ਪੁਰਤਗਾਲ ਰਾਜ ਬਹੁਤ ਜ਼ਿਆਦਾ ਤਬਾਹੀ ਕੀਤੀ ਹੈ। ਜੰਗਲੀ ਅੱਗਾਂ ਦਾ ਕਹਿਰ ਕੈਲੇਫੋਰਨੀਆ ਵਿਚ 2019, 2020 ਅਤੇ 2021 ਵਿਚ ਵੀ ਜਾਰੀ ਰਿਹਾ ਹੈ। ਕੈਲੇਫੋਰਨੀਆ ਵਿਚ 2019 ਤੋਂ 2021 ਤੱਕ ਹਰ ਸਾਲ ਜੰਗਲੀ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਰਿਹਾ ਹੈ। 2019 ਵਿਚ ਇਨ੍ਹਾਂ ਘਟਨਾਵਾਂ ਦੀ ਗਿਣਤੀ 50477 ਸੀ ਜਿਹੜੀ 2021 ਵਿਚ ਵਧ ਕੇ 58985 ਹੋ ਗਈ ਹੈ, ਇੱਥੇ ਦਾ 7.1 ਮਿਲੀਅਨ ਏਕੜ ਰਕਬਾ 2021 ਜੰਗਲੀ ਅੱਗਾਂ ਦੀ ਭੇਂਟ ਚੜ੍ਹ ਗਿਆ। ਸੰਯੁਕਤ ਰਾਜ ਅਮਰੀਕਾ ਦੇ ਨੈਸ਼ਨਲ ਇੰਟਰਏਜੰਸੀ ਫਾਇਰ ਸੈਂਟਰ ਦੇ ਰਿਕਾਰਡ ਅਨੁਸਾਰ ਕੈਲੇਫੋਰਨੀਆ ਵਿਚ ਸਭ ਤੋਂ ਵੱਡੀ ਵਿੱਤੀ ਮਾਰ ਕਰਨ ਵਾਲੀਆਂ ਅਤੇ ਵੱਡੀਆਂ 10 ਵਿਚੋਂ 8 ਜੰਗਲੀ ਅੱਗਾਂ ਪਿਛਲੇ ਪੰਜ ਸਾਲਾਂ ਵਿਚ ਹੀ ਲੱਗੀਆਂ ਹਨ। ਕੈਲੇਫੋਰਨੀਆ ਵਿਚ ਭਿਆਨਕ ਅੱਗਾਂ ਲੱਗਣ ਦਾ ਮੁੱਖ ਕਾਰਨ ਇੱਥੋਂ ਦਾ ਵਧਦਾ ਹੋਇਆ ਤਾਪਮਾਨ ਅਤੇ ਜ਼ਮੀਨ ਦੀ ਵਰਤੋਂ ਵਿਚ ਤਬਦੀਲੀ ਹੀ ਹੈ। ਸੰਯੁਕਤ ਰਾਜ ਅਮਰੀਕਾ ਦੇ ਪੱਛਮੀ ਖੇਤਰ ਦਾ ਤਾਪਮਾਨ 20ਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ 1.5 ਤੋਂ 2.0 ਡਿਗਰੀ ਫਾਰਨਹੀਟ ਵਧ ਗਿਆ ਹੈ। ਉੱਤਰ-ਪੱਛਮੀ ਖੇਤਰ ਵਿਚ ਸਥਿਤ ਵਾਸ਼ਿੰਗਟਨ ਅਤੇ ਔਰੇਗਨ ਰਾਜਾਂ ਦੇ ਤਾਪਮਾਨ ਵਿਚ 1.5 ਡਿਗਰੀ ਫਾਰਨਹੀਟ ਜਦੋਂ ਕਿ ਕੈਲੇਫੋਰਨੀਆ ਦੇ ਤਾਪਮਾਨ ਵਿਚ 2 ਡਿਗਰੀ ਫਾਰਨਹੀਟ ਦਾ ਵਾਧਾ ਹੋਇਆ ਹੈ। ਤਾਪਮਾਨ ਦੇ ਵਾਧੇ ਨਾਲ 1970 ਤੋਂ ਬਾਅਦ ਜੰਗਲੀ ਅੱਗਾਂ ਦੇ ਲੱਗਣ ਦੇ ਸਮੇਂ ਵਿਚ ਹਰ ਸਾਲ 3 ਦਿਨ ਦਾ ਵਾਧਾ ਹੋ ਰਿਹਾ ਹੈ। ਅਨੁਮਾਨਿਤ ਅੰਕੜਿਆਂ ਅਨੁਸਾਰ ਜੇਕਰ ਤਾਪਮਾਨ ਮੌਜੂਦਾ ਦਰ ਨਾਲ ਵਧਦਾ ਹੈ ਤਾਂ 2050 ਤੱਕ ਸੰਯੁਕਤ ਰਾਜ ਅਮਰੀਕਾ ਦੇ ਪੱਛਮੀ ਹਿੱਸੇ ਵਿਚ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਹੁਣ ਨਾਲੋਂ 2 ਤੋਂ 6 ਗੁਣਾ ਵਾਧਾ ਹੋ ਸਕਦਾ ਹੈ। ਇਸ ਖੇਤਰ ਵਿਚ ਜੰਗਲੀ ਅੱਗ ਦੀਆਂ ਘਟਨਾਵਾਂ ਵਿਚ ਵਾਧਾ ਸਫ਼ੈਦੇ ਦੇ ਦਰਖ਼ਤਾਂ ਦੀ ਬਹੁਤਾਤ ਕਾਰਨ ਵੀ ਹੋ ਰਿਹਾ। ਸਫ਼ੈਦਾ ਇੱਥੋਂ ਦਾ ਸਥਾਨਕ ਦਰਖ਼ਤ ਨਹੀਂ ਹੈ, ਇਹ 1850 ਵਿਚ ਇੱਥੇ ਲੱਕੜ ਅਤੇ ਬਾਲਣ ਦੀ ਘਾਟ ਨੂੰ ਪੂਰਾ ਕਰਨ ਲਈ ਲਗਾਇਆ ਗਿਆ ਸੀ। ਇਸ ਵਿਚ ਤੇਲ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਕੈਲੇਫੋਰਨੀਆ ਵਿਚ ਪਾਣੀ ਦੀ ਘਾਟ ਅਤੇ ਤਾਪਮਾਨ ਦੇ ਵਾਧੇ ਨਾਲ ਸਫ਼ੈਦੇ ਦੇ ਸੁੱਕੇ ਪੱਤਿਆਂ ਅਤੇ ਲੱਕੜ ਨੂੰ ਬਹੁਤ ਛੇਤੀ ਅੱਗ ਲੱਗ ਜਾਂਦੀ ਹੈ ਜੋ ਭਿਆਨਕ ਜੰਗਲੀ ਅੱਗਾਂ ਦਾ ਕਾਰਨ ਬਣਦਾ ਹੈ।

2019-2020 ਵਿਚ ਆਸਟਰੇਲੀਆ ਦੇ ਜੰਗਲੀ ਖੇਤਰ ਵਿਚ ਭਿਆਨਕ ਅੱਗ ਲੱਗੀ ਸੀ ਜਿਸ ਨਾਲ ਲੱਖਾਂ ਦੀ ਗਿਣਤੀ ਵਿਚ ਜੰਗਲੀ ਜਾਨਵਰਾਂ ਅਤੇ 30 ਵਿਅਕਤੀਆਂ ਦੀ ਅੱਗ ਵਿਚ ਸੜਣ ਨਾਲ ਮੌਤ ਹੋ ਗਈ ਸੀ। ਜੰਗਲੀ ਅੱਗ ਦੇ ਧੂੰਏਂ ਦੇ ਮਨੁੱਖੀ ਸਿਹਤ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਕਾਰਨ ਲਗਭਗ 500 ਵਿਅਕਤੀ ਬਾਅਦ ਵਿਚ ਮਰ ਗਏ ਸਨ। ਇਹ ਜੰਗਲੀ ਅੱਗ ਗਰਮੀਆਂ ਦੇ ਕਈ ਮਹੀਨੇ ਲੱਗੀ ਰਹੀ ਸੀ ਜਿਸ ਕਰਕੇ 2019-2020 ਦੀ ਜੰਗਲੀ ਅੱਗ ਦੀ ਘਟਨਾ ਨੂੰ ਆਸਟਰੇਲੀਆ ਵਿਚ ਬਲੈਕ-ਸਮਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

2020 ਵਿਚ ਪੈਂਟਾਨਲ ਨਾਮਕ ਜਲਗਾਹ (ਜੋ ਦੁਨੀਆ ਦੀ ਟਰੋਪੀਕਲ ਖੇਤਰ ਦੀ ਸਭ ਤੋਂ ਵੱਡੀ ਜਲਗਾਹ ਹੈ) ਨੂੰ ਤਾਪਮਾਨ ਦੇ ਵਾਧੇ ਨਾਲ ਪਏ ਸੋਕੇ ਕਾਰਨ ਅੱਗ ਲੱਗ ਗਈ ਸੀ ਜਿਸ ਨਾਲ ਪੈਂਟਾਨਲ ਜਲਗਾਹ ਦਾ ਇਕ-ਤਿਹਾਈ ਹਿੱਸਾ ਸੜ ਗਿਆ ਸੀ। ਇਸ ਅੱਗ ਨਾਲ ਬਹੁਤ ਸਾਰੇ ਦੁਰਲੱਭ ਜੰਗਲੀ ਜੀਵ-ਜੰਤੂ ਵੀ ਸੜ ਗਏ ਸਨ। ਇਹ ਜਲਗਾਹ ਦੱਖਣੀ ਅਮਰੀਕਾ ਦੇ ਤਿੰਨ ਦੇਸਾਂ ਬਰਾਜ਼ੀਲ, ਪੈਰਾਗੁਏ ਅਤੇ ਬੋਲੀਵੀਆ ਵਿਚ ਫੈਲੀ ਹੋਈ ਹੈ।

2020 ਵਿਚ ਰਸ਼ੀਅਨ ਫੈਡਰੇਸ਼ਨ ਦੇ ਠੰਡੇ ਜਾਣੇ ਜਾਂਦੇ ਖੇਤਰ ਸਾਇਬੇਰੀਆ ਦੇ ਉੱਤਰੀ ਭਾਗ ਵਿਚ ਔਸਤ ਤਾਪਮਾਨ ਵਿਚ 4 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋ ਜਾਣ ਨਾਲ ਇੱਥੋਂ ਦੇ ਜੰਗਲਾਂ ਨੂੰ ਅੱਗ ਲੱਗ ਗਈ ਜਿਸ ਨਾਲ ਲੱਖਾਂ ਜੰਗਲੀ ਜਾਨਵਰ ਅਤੇ ਵੱਡੀ ਗਿਣਤੀ ਵਿਚ ਦਰਖ਼ਤ ਜਲ ਕੇ ਰਾਖ ਹੋ ਗਏ ਸਨ।

ਜੰਗਲਾਂ ਨੂੰ ਅੱਗ ਲੱਗਣ ਨਾਲ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਅਤੇ ਹੋਰ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਵਾਧਾ ਹੋ ਜਾਂਦਾ ਹੈ। ਇਹ ਗੈਸਾਂ ਵਾਯੂਮੰਡਲ ਵਿਚ ਜਾ ਕੇ ਤਾਪਮਾਨ ਵਿਚ ਵਾਧਾ ਕਰਦੀਆਂ ਹਨ। ਤਾਪਮਾਨ ਵਿਚਲਾ ਵਾਧਾ ਗਰਮ ਹਵਾਵਾਂ ਦੀ ਆਮਦ ਅਤੇ ਸੋਕੇ ਦੀਆਂ ਘਟਨਾਵਾਂ ਵਿਚ ਵਾਧਾ ਕਰਦਾ ਹੈ। ਫਿਰ ਇਸ ਤਰ੍ਹਾਂ ਦੇ ਘਟਨਾਕਰਮ ਨਾਲ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿਚ ਅਥਾਹ ਵਾਧਾ ਹੋ ਜਾਂਦਾ ਹੈ ਅਤੇ ਇਹ ਵਰਤਾਰਾ ਇਕ ਖ਼ਤਰਨਾਕ ਚੱਕਰ ਦਾ ਰੂਪ ਅਖਤਿਆਰ ਕਰ ਲੈਂਦਾ ਹੈ।

ਮਨੁੱਖੀ ਗਤੀਵਿਧੀਆਂ ਕਾਰਨ ਇਕ ਪਾਸੇ ਤਾਂ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਦੂਜੇ ਪਾਸੇ, ਆਰਥਿਕ ਵਿਕਾਸ ਦੇ ਨਾਮ ਉੱਤੇ ਸੜਕਾਂ, ਪੁਲ, ਰਿਹਾਇਸ਼ੀ ਉਸਾਰੀਆਂ, ਖਣਿਜਾਂ ਦੀ ਖੁਦਾਈ ਅਤੇ ਵਪਾਰਕ ਖੇਤੀ ਲਈ ਵੱਡੀ ਮਾਤਰਾ ਵਿਚ ਸੰਘਣੇ ਜੰਗਲਾਂ ਦੀ ਕਟਾਈ ਕੀਤੀ ਜਾ ਰਹੀ ਹੈ। ਦੁਨੀਆ ਦੇ ਜ਼ਿਆਦਾਤਰ ਦੇਸਾਂ ਨੇ ਆਰਥਿਕ ਵਿਕਾਸ ਦੀ ਅੰਨ੍ਹੀ ਦੌੜ ਵਿਚ ਕੁਦਰਤੀ ਸਰੋਤਾਂ ਦਾ ਬਹੁਤ ਜ਼ਿਆਦਾ ਉਜਾੜਾ ਕੀਤਾ ਹੈ। ਆਈ.ਪੀ.ਸੀ.ਸੀ. ਦੀ 2019 ਵਿਚ ਆਈ 'ਕਲਾਈਮੇਟ ਚੇਂਜ ਐਂਡ ਲੈਂਡ' ਨਾਮ ਦੀ ਇਕ ਸਪੈਸ਼ਲ ਰਿਪੋਰਟ ਅਨੁਸਾਰ ਮਨੁੱਖੀ ਗਤੀਵਿਧੀਆਂ ਨੇ ਧਰਤੀ ਦਾ (ਬਰਫ਼-ਰਹਿਤ) 70 ਫ਼ੀਸਦ ਖੇਤਰ ਬਦਲ ਦਿੱਤਾ ਹੈ। ਕੁਦਰਤੀ ਬਨਸਪਤੀ ਦੀ ਥਾਂ ਕੰਕਰੀਟ ਦੇ ਜੰਗਲ ਉਸਾਰ ਦਿੱਤੇ ਗਏ ਹਨ ਜੋ ਗਰੀਨਹਾਊਸ ਗੈਸਾਂ ਨੂੰ ਸੋਖਣ ਦੀ ਥਾਂ ਉੱਤੇ ਵੱਡੀ ਮਾਤਰਾ ਵਿਚ ਤਾਪਮਾਨ ਨੂੰ ਵਧਾਉਣ ਵਾਲੀਆਂ ਗੈਸਾਂ ਛੱਡਦੇ ਹਨ। ਮਨੁੱਖੀ ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਣ ਨਾਲ ਵੀ ਜੰਗਲਾਂ ਥੱਲੇ ਰਕਬਾ ਤੇਜ਼ੀ ਨਾਲ ਘਟ ਰਿਹਾ ਹੈ। ਮਨੁੱਖ ਆਪਣੇ ਆਰਥਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੁਦਰਤੀ ਬਨਸਪਤੀ ਦੀ ਥਾਂ ਉੱਤੇ ਵਪਾਰਕ ਫ਼ਸਲਾਂ ਬੀਜ ਰਿਹਾ ਹੈ ਜਿਸ ਲਈ ਉਹ ਜੰਗਲਾਂ ਨੂੰ ਅੱਗ ਲਗਾ ਕੇ ਵੀ ਖ਼ਤਮ ਕਰ ਰਿਹਾ ਹੈ। ਬਰਾਜ਼ੀਲ ਦੇ ਰਾਸ਼ਟਰਪਤੀ ਜੈਅਰ ਬੈਲਸਨਾਰੋ ਨੇ 2019 ਵਿਚ ਸਤਾ ਸੰਭਾਲਣ ਤੋਂ ਬਾਅਦ ਐਮੇਜ਼ੋਨ ਜੰਗਲਾਂ ਦੀ ਕਾਨੂੰਨੀ ਸੁਰੱਖਿਆ ਅਤੇ ਇਨ੍ਹਾਂ ਜੰਗਲਾਂ ਵਿਚ ਰਹਿੰਦੇ ਕਬੀਲਿਆਂ ਦੇ ਹੱਕਾਂ ਨੂੰ ਕਾਫ਼ੀ ਕੰਮਜ਼ੋਰ ਕਰ ਦਿੱਤਾ ਸੀ। ਦੇਸ ਦੇ ਆਰਥਿਕ ਵਿਕਾਸ ਦੇ ਨਾਮ ਉੱਤੇ ਸੰਘਣੇ ਜੰਗਲਾਂ ਨੂੰ ਅੱਗ ਲਗਾ ਕੇ ਉਨ੍ਹਾਂ ਦੀ ਥਾਂ ਉੱਤੇ ਸੋਇਆਬੀਨ ਅਤੇ ਪਾਮ ਵਰਗੀਆਂ ਫ਼ਸਲਾਂ ਲਗਾਈਆਂ ਜਾ ਰਹੀਆਂ ਹਨ ਅਤੇ ਦੂਜੇ ਦੇਸਾਂ ਨੂੰ ਮੀਟ ਭੇਜਣ ਲਈ ਪਸ਼ੂਆਂ ਲਈ ਚਾਰਗਾਹਾਂ ਅਤੇ ਰਹਿਣ ਲਈ ਥਾਵਾਂ ਬਣਾਈਆਂ ਜਾ ਰਹੀਆਂ ਹਨ। ਪਸ਼ੂਆਂ ਦੀ ਵਧਦੀ ਗਿਣਤੀ ਅਤੇ ਵਪਾਰਕ ਫ਼ਸਲਾਂ ਦੀ ਅੰਧਾਧੁੰਦ ਖੇਤੀ ਵੀ ਜੰਗਲੀ ਅੱਗਾਂ ਦੀਆਂ ਵਧਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਹਨ।

ਸਥਾਨਕ ਦਰਖ਼ਤਾਂ ਦੀ ਥਾਂ ਉੱਤੇ ਦੂਜੀਆਂ ਥਾਵਾਂ ਤੋਂ ਲਿਆ ਕੇ, ਸਜਾਵਟ ਅਤੇ ਵਪਾਰਕ ਨਜ਼ਰੀਏ ਤੋਂ ਲਗਾਈ ਬਨਸਪਤੀ ਵੀ ਜੰਗਲੀ ਅੱਗਾਂ ਦੀਆਂ ਵਧਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਭਾਰਤ ਦੇ ਹਿਮਾਲਿਆ ਖੇਤਰ ਵਿਚ ਸਥਿਤ ਰਾਜਾਂ (ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ) ਵਿਚ 19ਵੀਂ ਸਦੀ ਵਿਚ ਬ੍ਰਿਟਿਸ਼ ਸਰਕਾਰ ਨੇ ਸਥਾਨਕ ਦਰਖ਼ਤਾਂ ਓਕ, ਸਾਲ, ਅਤੇ ਦਿਓਦਾਰ ਦੀ ਵੱਡੀ ਪੱਧਰ ਉੱਤੇ ਵਰਤੋਂ ਕੀਤੀ ਸੀ ਅਤੇ ਉਨ੍ਹਾਂ ਦੀ ਭਰਪਾਈ ਕਰਨ ਲਈ ਇਸ ਖੇਤਰ ਵਿਚ ਵੱਡੀ ਪੱਧਰ ਉੱਤੇ ਚੀਲ ਦੇ ਦਰਖ਼ਤ ਲਗਾ ਦਿੱਤੇ ਸਨ ਜੋ ਵਪਾਰਕ ਅਤੇ ਆਰਥਿਕ ਪੱਖੋਂ ਲਾਹੇਵੰਦ ਹਨ ਪਰ ਇਨ੍ਹਾਂ ਦਰਖ਼ਤਾਂ ਦੀ ਲੱਕੜ ਜ਼ਿਆਦਾ ਜਲਣਸ਼ੀਲ ਹੈ ਜਿਸ ਨਾਲ ਇਸ ਖੇਤਰ ਵਿਚ ਜੰਗਲੀ ਅੱਗਾਂ ਵਿਚ ਵਾਧਾ ਹੋ ਰਿਹਾ ਹੈ। ਜੰਗਲੀ ਅੱਗਾਂ ਮਨੁੱਖੀ ਸਿਹਤ ਲਈ ਵੀ ਘਾਤਕ ਹਨ। ਇਹ ਜੇਕਰ ਜ਼ਿਆਦਾ ਦੇਰ ਤੱਕ ਲੱਗੀਆਂ ਰਹਿੰਦੀਆਂ ਹਨ ਤਾਂ ਮਨੁੱਖ ਸਾਹ, ਫੇਫੜਿਆਂ, ਅਤੇ ਦਿਲ ਦੀਆਂ ਬਿਮਾਰੀਆਂ ਨਾਲ ਪੀੜਿਤ ਹੋ ਜਾਂਦੇ ਹਨ। ਇਨ੍ਹਾਂ ਨਾਲ ਅੱਖਾਂ ਅਤੇ ਚਮੜੀ ਉੱਤੇ ਐਲਰਜ਼ੀ ਵੀ ਹੋ ਜਾਂਦੀ ਹੈ। ਜੰਗਲੀ ਅੱਗਾਂ ਜੰਗਲ, ਜੰਗਲੀ ਜਾਨਵਰ, ਅਤੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਤਬਾਹ ਕਰ ਰਹੀਆਂ ਹਨ।



ਡਾ. ਗੁਰਿੰਦਰ ਕੌਰ
001-408-493-9776

ਦਿ ਲੈਨਸੈੱਟ ਜਰਨਲ ਵਿਚ ਛਪੇ ਇਕ ਖੋਜ ਅਧਿਐਨ ਅਨੁਸਾਰ ਜੰਗਲੀ ਅੱਗਾਂ ਦੇ ਧੂੰਏਂ ਦੇ ਪ੍ਰਭਾਵ ਕਾਰਨ 43 ਦੇਸਾਂ ਵਿਚ ਹਰ ਸਾਲ 30000 ਵਿਅਕਤੀ ਮਰ ਜਾਂਦੇ ਹਨ। ਯੂਰਪੀਅਨ ਯੂਨੀਅਨ ਦੀ ਕੋਪਰਨਿਕਸ ਐਟਮੌਸਫਿਅਰਿਕ ਮੌਨੀਟਰਿੰਗ ਸਰਵਿਸ ਦੀ ਇਕ ਰਿਪੋਰਟ ਅਨੁਸਾਰ ਜੰਗਲੀ ਅੱਗਾਂ ਦੀਆਂ ਘਟਨਾਵਾਂ ਨਾਲ 2021 ਦੇ ਜੁਲਾਈ ਅਤੇ ਅਗਸਤ ਦੇ ਦੋ ਮਹੀਨਿਆਂ ਵਿਚ 2.5 ਬਿਲੀਅਨ ਟਨ ਕਾਰਬਨ ਡਾਇਆਕਸਾਈਡ ਦਾ ਨਿਕਾਸ ਹੋਇਆ। ਕਾਰਬਨ-ਡਾਇਆਕਸਾਈਡ ਤਾਪਮਾਨ ਨੂੰ ਵਧਾਉਣ ਵਾਲੀ ਇਕ ਅਹਿਮ ਗੈਸ ਹੈ। ਭਾਵੇਂ ਜੰਗਲੀ ਅੱਗ ਦੀਆਂ ਘਟਨਾਵਾਂ ਨੂੰ ਖ਼ਤਮ ਕਰਨਾ ਤਾਂ ਸੰਭਵ ਨਹੀਂ ਹੈ, ਪਰ ਇਨ੍ਹਾਂ ਘਟਨਾਵਾਂ ਨੂੰ ਘਟਾਉਣ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਨੇ ਵਾਤਾਵਰਨ ਪ੍ਰੋਗਰਾਮ ਦੁਆਰਾ ਵੱਖ ਵੱਖ ਦੇਸਾਂ ਦੀਆਂ ਸਰਕਾਰਾਂ ਨੂੰ ਜੰਗਲੀ ਅੱਗਾਂ ਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਬਦਲਵੀਆਂ ਅਤੇ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣ ਲਈ ਕਿਹਾ ਹੈ। ਹੁਣ ਤੱਕ ਵੱਖ ਵੱਖ ਦੇਸਾਂ ਦੀਆਂ ਸਰਕਾਰਾਂ ਜੰਗਲਾਂ ਦੀ ਅੱਗ ਨੂੰ ਬੁਝਾਉਣ ਵਾਲੀਆਂ ਗੱਡੀਆਂ ਅਤੇ ਕਰਮਚਾਰੀਆਂ ਉੱਤੇ ਹੀ ਖ਼ਰਚ ਕਰਦੀਆਂ ਹਨ। ਜੰਗਲੀ ਅੱਗਾਂ ਦੀ ਰੋਕਥਾਮ ਲਈ ਸਭ ਤੋਂ ਪਹਿਲਾਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਹੋਰ ਤੇਜ਼ੀ ਨਾਲ ਘਟਾਉਣੀ ਚਾਹੀਦੀ ਹੈ ਤਾਂ ਕਿ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਇਆ ਜਾ ਸਕੇ। ਜੰਗਲੀ ਅੱਗ ਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਸਥਾਨਕ ਬਨਸਪਤੀ ਦੀ ਉਚੇਚੇ ਤੌਰ ਉੱਤੇ ਸੰਭਾਲ ਕਰਨੀ ਹੋਵੇਗੀ। ਵਪਾਰਕ ਦ੍ਰਿਸ਼ਟੀ ਤੋਂ ਲਾਹੇਵੰਦ ਅਤੇ ਸੋਹਣਾ ਲੱਗਣ ਵਾਲੇ ਦਰਖ਼ਤਾਂ ਦੀ ਥਾਂ ਉੱਤੇ ਹਰ ਦੇਸ ਨੂੰ ਸਥਾਨਕ ਬਨਸਪਤੀ ਨੂੰ ਮੁੜ ਤੋਂ ਅਪਨਾਉਣਾ ਪਵੇਗਾ। ਵਪਾਰਕ ਤੌਰ ਉੱਤੇ ਲਾਹੇਵੰਦ ਕੈਲੇਫੋਰਨੀਆ ਦੇ ਸਫ਼ੈਦੇ ਅਤੇ ਭਾਰਤ ਵਿਚ ਹਿਮਾਲਿਆ ਖੇਤਰ ਵਿਚਲੇ ਚੀਲ ਦੇ ਦਰਖ਼ਤ ਜੰਗਲੀ ਅੱਗਾਂ ਦੀਆਂ ਘਟਨਾਵਾਂ ਨੂੰ ਵਧਾ ਰਹੇ ਹਨ। ਇਸ ਲਈ ਇਨ੍ਹਾਂ ਦਰਖ਼ਤਾਂ ਦੀ ਕਟਾਈ ਕਰਕੇ ਇੱਥੇ ਸਥਾਨਕ ਕਿਸਮਾਂ ਦੇ ਦਰਖ਼ਤ ਲਗਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਵੱਡੀਆਂ ਵੱਡੀਆਂ ਕੰਪਨੀਆਂ ਅਤੇ ਬੈਂਕ ਜੋ ਟਿਕਾਊ ਵਿਕਾਸ ਦੇ ਨਾਮ ਉੱਤੇ ਵੱਡੇ ਪੱਧਰ ਉੱਤੇ ਜੰਗਲਾਂ ਦਾ ਉਜਾੜਾ ਕਰ ਰਹੇ ਹਨ ਉਨ੍ਹਾਂ ਉੱਤੇ ਰੋਕ ਲਗਾਉਣੀ ਚਾਹੀਦੀ ਹੈ।

ਜੰਗਲੀ ਅੱਗ ਉੱਤੇ ਕਾਬੂ ਪਾਉਣ ਲਈ ਜੰਗਲਾਂ ਵਿਚ ਰਹਿਣ ਵਾਲੇ ਆਦਿਵਾਸੀਆਂ ਨੂੰ ਸਭ ਤੋਂ ਪਹਿਲਾਂ ਜੰਗਲਾਂ ਨੂੰ ਵਰਤਣ ਦੇ ਅਧਿਕਾਰ ਦੇਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਉਨ੍ਹਾਂ ਤੋਂ ਜੰਗਲੀ ਅੱਗ ਨੂੰ ਬੁਝਾਉਣ ਲਈ ਮਦਦ ਲੈਣੀ ਚਾਹੀਦੀ ਹੈ। ਅੱਗ ਲੱਗਣ ਵਾਲੇ ਖੇਤਰਾਂ ਵਿਚ ਅੱਗ ਦੀ ਰੋਕਥਾਮ ਲਈ ਨਵੇਂ ਢਾਂਚੇ ਬਣਾਉਣੇ ਚਾਹੀਦੇ ਹਨ। ਹੜ੍ਹਾਂ ਅਤੇ ਸੋਕੇ ਵਾਂਗ ਅੱਗ ਆਫ਼ਤ ਪ੍ਰਬੰਧਨ ਫੋਰਸ ਵੀ ਸਥਾਪਤ ਕਰਨੀ ਚਾਹੀਦੀ ਹੈ। ਜੰਗਲੀ ਅੱਗਾਂ ਦੀ ਰੋਕਥਾਮ ਲਈ ਵਿਗਿਆਨਕ ਖੋਜ ਦਾ ਵਿਸਤਾਰ ਕਰਨਾ ਲਾਜ਼ਮੀ ਹੈ।

# 5ਜੀ ਦੇ ਰਾਹ 'ਚ ਬਹੁਤ ਸਾਰੀਆਂ ਚੁਣੌਤੀਆਂ

ਇੰਟਰਨੈਟ ਦੀ ਕੁਨੈਕਟਵਿਟੀ ਅਤੇ ਰਫਤਾਰ ਨੂੰ ਲੈ ਕੇ ਚੁਣੌਤੀਆਂ ਦੋਵੇਂ ਪਾਸੇ ਬਰਾਬਰ ਹੈ।ਉਹ ਭਾਵੇਂ ਗ੍ਰਾਹਕ ਹੋਵੇ ਜਾਂ ਇੰਟਰਨੈਟ ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ! ਸਮਾਰਫੋਨ, ਲੈਪਟਾਪ, ਪਰਸਨਲ ਕੰਪਿਊਟਰ ਸਮਾਰਟ ਵਾਚ,ਸਮਾਰਟ ਟੀਵੀ, ਵਾਈਫਾਈ ਹੈਂਡਫ੍ਰੀ ਵਰਗੇ ਗੈਜੇਟਸ ਇੰਟਰਨੈਟ ਤੋਂ ਬਿਨ੍ਹਾਂ ਕੰਮ ਨਹੀ ਕਰ ਸਕਦੇ ਜੋ ਕਿ ਜੀਵਨ ਸ਼ੈਲੀ ਦਾ ਜ਼ਰੂਰੀ ਹਿੱਸਾ ਬਣ ਗਿਆ ਹੈ।ਨਤੀਜੇ ਵਜ਼ੋਂ ਇਨ੍ਹਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਆਨਲਾਇਨ ਕੰਮ ਠੱਪ ਹੋ ਜਾਂਦਾ ਹੈ। ਫਿਰ ਅਜਿਹੀ ਸਥਿਤੀ ਬਣ ਜਾਦੀ ਹੈ ਕਿ ਜਿਵੇਂ ਜ਼ਿੰਦਗੀ ਇਕਦਮ ਠੱਪ ਹੋ ਗਈ ਹੋਵੇ। ਡਿਜ਼ੀਟਲ ਯੁੱਗ ਦੀ ਸਮੱਸਿਆ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਦੀ ਨਜ਼ਰ 5ਜੀ ਨੈਟਵਰਕ ਦੀ ਸੁਵਿਧਾ ਪ੍ਰਦਾਨ ਕਰਨ 'ਤੇ ਲੱਗੀ ਹੋਈ ਹੈ।ਇਸੇ ਸਿਲਸਿਲੇ ਵਿੱਚ ਦੂਰਸੰਚਾਰ ਵਿਭਾਗ (DOT) ਨੇ ਦਸੰਬਰ 2022 ਤੱਕ 13 ਸ਼ਹਿਰਾਂ ਵਿੱਚ ਨਵੀਂ ਸੇਵਾ ਪ੍ਰਦਾਨ ਕਰਨ ਦਾ ਐਲਾਨ ਵੀ ਕੀਤਾ ਹੈ। ਡੀਓਟੀ ਦੀ ਅਧਿਕਾਰਤ ਘੋਸ਼ਣਾ ਦੇ ਅਨੁਸਾਰ, ਰਾਜਧਾਨੀ ਦਿਲੀ, ਮੁਬੰਈ,ਚੇਨਈ,ਅਤੇ ਕੋਲਕੱਤਾ ਤੋਂ ਇਲਾਵਾ, 5ਜੀ ਸੇਵਾ ਇਸ ਸਾਲ ਦੇ ਅੰਤ ਤੱਕ ਅਹਿਮਦਾਬਾਦ, ਚੰਡੀਗੜ੍ਹ, ਗਾਂਧੀਨਗਰ, ਗੁਰੂਗ੍ਰਾਮ, ਹੈਦਰਾਬਾਦ, ਜਾਮਨਗਰ, ਲਖਨਊ, ਬੈਂਗਲੂਰ ਅਤੇ ਪੂਣੇ ਵਿੱਚ ਉਪਲੱਬਧ ਹੋਵੇਗੀ।

ਇਸ ਦੀ ਤਿਆਰੀ ਤਿੰਨ ਪੱਧਰਾਂ 'ਤੇ ਕੀਤੀ ਜਾ ਰਹੀ ਹੈ।ਪਹਿਲਾਂ ਡੀਓਟੀ ਟੈਕਨਾਲੌਜ਼ੀ ਦੀ ਉਪਲੱਬਧਤਾ ਦੀ ਜਾਂਚ ਕਰਨ ਅਤੇ ਅੱਗੇ ਵਾਲੀ ਜਰਨੇਸ਼ਨ ਇੰਟਰਨੈਟ ਲਈ ਸਪੈਕਟਰਮ ਦੀ ਨਿਲਾਮੀ ਲਈ ਜਿੰਮੇਵਾਰ ਹੈ, ਜਦੋਂ ਕਿ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (ਟਰਾਈ)ਨੇ ਉਪਭੋਗਤਾਵਾਂ ਨੂੰ ਉਚਿਤ ਕੀਮਤਾਂ, ਬ੍ਰਾਂਡਬੈਂਡ ਯੋਜਨਾਵਾਂ, ਬਲਾਕ ਅਕਾਰ, ਸਪੈਕਟਰਮ ਨਿਲਾਮੀ ਦੀਆਂ ਰਕਮਾਂ ਅਤੇ ਸ਼ਰਤਾਂ ਕਰਨ ਦਾ ਫ਼ੈਸਲਾ ਕੀਤਾ ਹੈ। ਤੀਜਾ, ਮਹੱਤਵ-ਪੁਰਨ ਕਾਰਨ ਸੇਵਾ ਪ੍ਰਦਾਨ ਕਰਨਾ ਹੈ, ਜਿਸ ਵਿੱਚ ਤਿੰਨ ਵੱਡੀਆਂ ਕੰਪਨੀਆ ਏਅਰਟੈਲ, ਜੀਓ ਰਿਲਾਇੰਸ ਅਤੇ ਵੋਡਾਫੋਨ ਹਨ। ਇੰਨ੍ਹਾਂ ਤੋਂ ਇਲਾਵਾ ਇਸ ਤਕਨੌਲਜ਼ੀ ਦੇ ਗੈਜ਼ਟਸ 'ਚ ਸੱਭ ਤੋਂ ਫ਼ਾਇਦੇਮੰਦ ਸਮਾਰਟਫ਼ੋਨ ਬਜ਼ਾਰ 'ਚ ਆ ਗਿਆ ਹੈ।ਤਿੰਨਾਂ ਨੂੰ 5ਜੀ ਨੈਟਵਰਕ ਆਉਣ ਦੇ ਰਾਹ ਵਿੱਚ ਤਕਨੀਤੀ ਅਤੇ ਨੀਤੀਗਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਦੂਜੇ ਪਾਸੇ, ਇਸ ਦੇ ਸਿਹਤ ਉਤੇ ਮਾੜੇ ਪ੍ਰਭਾਵਾਂ, ਬਿਮਾਰੀਆਂ ਦੇ ਫੈਲਣ ਜਾਂ ਹਵਾਈ ਯਾਤਰਾ 'ਤੇ ਇਸ ਦੇ ਪ੍ਰਭਾਵ ਬਾਰੇ ਵਿਰੋਧ, ਅਵਿਸ਼ਵਾਸ਼ ਅਤੇ ਵਿਵਾਦ ਦੀਆਂ ਅਚਾਨਕ ਚੁਣੌਤੀਆਂ ਵੀ ਹਨ। ਸੱਭ ਤੋਂ ਵੱਡੀ ਚੁਣੌਤੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣਾ ਹੈ ਤਾਂ ਜੋ ਟਾਵਰਾਂ ਰਾਹੀ ਭਾਰਤ ਦੇ ਹਰ ਕੋਨੇ ਅਤੇ ਕੋਨੇ ਤੱਕ ਢੁਕਵੀਂ ਮਾਤਰਾ ਵਿੱਚ ਨੈਟਵਰਕ ਪਹੁੰਚਾਇਆ ਜਾ ਸਕੇ।

ਇਸ ਸਬੰਧ ਵਿੱਚ ਸਾਡਾ ਪਿੱਛਲਾ ਰਿਕਾਰਡ ਬਹੁਤ ਮਾੜਾ ਰਿਹਾ ਹੈ।ਇਸ ਦੇ ਬਾਰੇ ਵਿੱਚ ਬਹੁਤ ਸਾਰੇ ਸਵਾਲ ਵੀ ਖੜ੍ਹੇ ਹੋਏ ਹਨ, ਕਿਉਂਕਿ ਅਸੀ ਪਿੱਛਲੇ ਦੋ ਦਹਾਕਿਆ ਤੋਂ ਵੱਧ ਸਮੇਂ 2ਜੀ ਅਤੇ 4ਜੀ ਤੱਕ ਸਾ ਸਫ਼ਰ ਪੂਰਾ ਕੀਤਾ ਹੋਇਆ ਹੈ, ਫ਼ਿਰ ਵੀ ਰਫਤਾਰ ਅਤੇ ਕਨੈਕਟੀਵਿਟੀ ਦੇ ਮਾਮਲੇ ਵਿੱਚ ਕਈ ਦੇਸ਼ਾਂ ਤੋਂ ਪਿੱਛੇ ਹਾਂ।ਇਸ ਦੌਰਾਨ ਇਕ ਨੈਟਵਰਕ ਬਣਾਉਣ ਦੀ ਬਜਾਏ, ਰੁਝਾਨ ਕਲਾਊਡ ਕੰਪਿਊਟਿੰਗ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਸ ਤੱਕ ਆ ਗਏ ਹਨ, ਪਰ ਸਾਡਾ ਟੈਲੀਕਮ ਵਿਭਾਗ ਦੂਜਿਆਂ ਦੇ ਭਰੋਸੇ ਬੈਠਾ ਰਿਹਾ। ਹੁਣ ਤੱਕ ਜ਼ਿਆਦਾਤਰ ਥਾਵਾਂ 'ਤੇ ਇੰਟਰਨੈਟ ਦੇ ਸਾਹ ਲੈਣ ਤੱਕ ਅਸਥਾਈ ਟਾਵਰਾਂ ਰਾਹੀ ਕੰਮ ਕੀਤਾ ਗਿਆ ਹੈ, ਜਦੋ ਕਿ ਡਿਜੀਟਲ ਇੰਡੀਆ ਦਾ ਐਲਾਨ ਸੰਨ 2014 ਵਿੱਚ ਕੀਤਾ ਗਿਆ ਸੀ।ਉਨੀ ਦਿਨੀ 4ਜੀ ਨੈਟਵਰਕ ਰਾਹੀਂ ਇਸ ਦਾ ਪੂਰਾ ਹੋਣ ਦਾ ਸੁਪਨਾ ਦੇਖਿਆ ਗਿਆ ਸੀ। ਪਰ ਇਸ ਦੇ ਨੈਟਵਰਕ ਨੂੰ ਮਜ਼ਬੂਤ ਕਰਨ ਦੇ ਕੀਤੇ ਗਏ ਸਾਰੇ ਯਤਨ ਅੱਧੇ-ਅਧੂਰੇ ਸਾਬਤ ਹੋਏ। ਹੁਣ ਜਦੋ ਕਿ 5ਜ਼ੀ ਨੈਟਵਰਕ ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਉਪਲੱਬਧ ਕਰਵਾਏ ਗਏ ਹਨ,ਸਾਡੀਆਂ ਤਿਆਰੀਆਂ ਚਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ।

ਹਾਲਾਂਕਿ ਟੈਲੀਕਮ ਸੈਕਟਰ ਵਲੋਂ ਭਾਰਤਨੈਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਦੇ ਤਹਿਤ 5,46 ਲੱਖ ਕਿਲੋਮੀਟਰ ਆਪਟੀਕਲ ਫਾਈਬਰ ਕੇਬਲ ਵਿਛਾਈ ਜਾਣੀ ਹੈ। ਟੀਚਾ 2,52 ਲੱਖ ਗ੍ਰਾਮ ਪੰਚਾਇਤਾਂ ਤੱਕ ਆਪਟੀਕਲ ਫ਼ਾਈਬਰ ਵਿਛਾਉਣ ਅਤੇ ਉਨ੍ਹਾਂ ਨੂੰ ਤੇਜ਼ ਰਫਤਾਰ ਬ੍ਰਾਂਡਬੈਡ ਸੇਵਾ ਨਾਲ ਜੋੜਣ ਦਾ ਹੈ। ਇਹ ਦੁਨੀਆ ਦਾ ਸੱਭ ਤੋਂ ਵੱਡਾ ਪੇਂਡੂ ਪ੍ਰੋਜੈਕਟ ਹੈ। ਇਹ ਪ੍ਰੋਜੈਕਟ ਨੈਸ਼ਨਲ ਆਪਟੀਕਲ ਫ਼ਾਈਬਰ ਨੈਟਵਰਕ ਦੁਆਰਾ ਅਕਤੂਬਰ 2011 ਵਿੱਚ ਸ਼ੁਰੂ ਕੀਤਾ ਗਿਆ ਸੀ। ਸਾਲ 2015 ਵਿੱਚ ਇਸ ਦਾ ਨਾਂਅ ਬਦਲ ਕੇ ਭਾਰਤ ਨੈਟ ਪ੍ਰੋਜੈਕਟ ਰੱਖਿਆ ਗਿਆ ਸੀ। ਇਸੇ ਆਧਾਰ 'ਤੇ 2020 'ਚ 5ਜੀ ਨੈਟਵਰਕ ਆਉਣ ਦੀ ਗੱਲ ਕੀਤੀ ਗਈ ਤਾਂ ਕੇਂਦਰ ਸਰਕਾਰ ਦੇ ਭਾਰਤੀ ਮੋਬਾਇਲ ਕੰਪਨੀਆ ਅਪਰੇਟਰਜ਼ ਐਸੋਸੀਏਸ਼ਨ ਜੋ ਕੰਪਨੀਆਂ ਨਾਲ ਕੁਝ ਵਿੱਤੀ ਅਤੇ ਤਕਨੀਕੀ ਮੁੱਦਿਆਂ ਵਿੱਚ ਉਲਝੀ ਹੋਈ ਹੈ, ਨੇ ਆਧਾਰ ਕੀਮਤਾਂ ਵਿੱਚ ਬਹੁਤ ਜਿਆਦਾ ਨਾਕਾਫ਼ੀ ਸਪੈਕ-ਟ੍ਰਮ ਅਤੇ ਬੈਂਡਾਂ ਦੀ ਪਾਲਣਾ ਨਾ ਕਰਨ ਬਾਰੇ ਸਵਾਲ ਉਠਾਏ ਸਨ। ਉਸ ਨੇ ਇਸ ਵੋਟਾਂ ਨੂੰ ਅਗਲੇ ਪੰਜ਼ ਸਾਲਾਂ ਲਈ ਟਾਲਣ ਦਾ ਮਾਮਲਾ ਉਦੋਂ ਦਿੱਤਾ ਸੀ। ਹਾਲਾਂਕਿ, ਜਦੋਂ ਕੀਮਤ ਦਾ ਮੁੱਦਾ ਚੁੱਕਿਆ ਗਿਆ,ਤਾਂ ਕੁਆਂਟਮ ਦਾ ਮੁੱਦਾ ਸਾਹਮਣੇ ਆਇਆ।

ਉਸ ਨੇ 1000 ਮੈਗਾਹਰਟਜ਼ ਦੀ ਮੰਗ ਕੀਤੀ, ਪਰ ਉਨ੍ਹਾਂ ਨੂੰ ਸਿਰਫ਼ 492 ਕਰੋੜ ਰੁਪਏ ਦੀ ਉੱਚ ਕੀਮਤ 'ਤੇ ਦੇਣਾ ਉਪਰੇਟਰਾਂ ਦੀਆਂ ਨਜ਼ਰਾਂ ਵਿੱਚ ਦੋ ਤਰਫ਼ਾ ਮੁਸ਼ਕਲਾਂ ਬਣਾਉਦਾ ਹੈ ਅਤੇ ਉਹਨਾਂ ਨੂੰ ਅੰਤਰਰਾਸ਼ਟਰੀ ਕੀਮਤਾਂ ਅਤੇ ਦਬਅ ਨੂੰ ਘਟਾਉਣ ਦੇ ਨਾਲ-ਨਾਲ ਕੀਮਤ ਅਤੇ ਸੇਵਾ ਨਾਲ ਆਪਣੇ ਖਪਤਕਾਰਾਂ ਨੂੰ ਸੰਤੁਸ਼ਟ ਕਰਨਾ ਪੈਂਦਾ ਹੈ।

ਭਾਰਤ ਵਿੱਚ ਵਪਾਰਕ ਲਈ 1MHZ ਬਹੁਤ ਘੱਟ ਹੈ। ਬਾਹਰ ਵਾਲੇ ਪਾਸੇ ਜਿੱਥੇ ਸੈਟਾਲਾਇਟ ਰਾਂਹੀ ਰਿਮੋਟ ਤੋਂ ਇੰਟਰਨੈਟ ਪਹੁੰਚਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਉਥੇ ਦੂਜੇ ਪਾਸੇ ਇਸ ਦੀ ਬਿਹਤਰ ਸਪੀਡ ਅਤੇ ਕੁਨੈਕਟੀਵਿਟੀ ਕਾਰਨ ਬਹੁਤ ਸਾਰੀਆਂ ਚਣੌਤੀਆਂ ਖੜ੍ਹੀਆਂ ਹਨ।

ਪੇਸ਼ਕਸ਼ :-ਅਮਰਜੀਤ ਚੰਦਰ 9417600014


# 'ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ'



ਪ੍ਰੋ: ਐਚ. ਐਲ. ਕਪੂਰ
001- 916- 587-4002

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਇਕ ਅਜਿਹਾ ਨਿਰਦਾਇਤਾ ਭਰਪੂਰ ਖ਼ੂਨੀ ਪ੍ਰਸੰਗ ਹੈ ਜਿਹੜਾ ਕਿ ਉਸ ਸਮੇਂ ਵਾਪਰਿਆ ਜਦੋਂ 'ਗੁਰਦੁਆਰਾ ਸੁਧਾਰ ਲਹਿਰ' ਆਪਣੇ ਜੋਬਨ 'ਤੇ ਸੀ ਤੇ ਗੁਰਦੁਆਰਿਆਂ ਦੇ ਸੁਧਾਰ ਲਈ, ਸੁਧਾਰਕ ਸਿੱਖ ਬੜੇ ਸ਼ਾਂਤਮਈ ਤਰੀਕੇ ਨਾਲ ਆਪਣਾ ਫਰਜ਼ ਨਿਭਾਅ ਰਹੇ ਸਨ। ਉਨ੍ਹਾਂ ਦੇ ਇਕ ਜਥੇ 'ਤੇ ਬੰਦੂਕਧਾਰੀਆਂ ਨੇ ਮਿਤੀ 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ 'ਤੇ ਬਣੇ ਪਵਿੱਤਰ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਨਾਲ ਹਮਲਾ ਕਰ ਦਿੱਤਾ।

ਇਸ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਤੇ ਇਸ ਦੇ ਨਾਲ ਇਥੇ ਦੇ ਹੋਰ ਛੇ ਸਿੱਖ ਪਵਿੱਤਰ ਧਾਰਮਿਕ ਸਥਾਨ, ਉਦਾਸੀ ਮਹੰਤਾਂ ਦੇ ਕਬਜ਼ੇ ਹੇਠ, ਉਸ ਸਮੇਂ ਤੋਂ ਸਨ ਜਦੋਂ ਤੋਂ ਮੁਗਲ ਹਕੂਮਤ ਸਿੱਖਾਂ 'ਤੇ ਅੱਤਿਆਚਾਰ ਕਰਦੀ ਆ ਰਹੀ ਸੀ ਤੇ ਸਿੱਖ ਆਪਣੀਆਂ ਜਾਨਾਂ ਬਚਾਉਣ ਲਈ ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਚਲੇ ਗਏ ਸਨ। ਇਹ ਮਹੰਤ ਇਨ੍ਹਾਂ ਗੁਰਦੁਆਰਿਆਂ ਅਤੇ ਧਾਰਮਿਕ ਸਥਾਨਾਂ ਦੀ ਵਰਤੋਂ ਆਪਣੀ ਇਕ ਨਿੱਜੀ ਜਾਇਦਾਦ ਵਜੋਂ ਕਰਦੇ ਸਨ ਤੇ ਇਹਨਾਂ ਪਵਿੱਤਰ ਧਾਰਮਿਕ ਸਥਾਨਾਂ 'ਤੇ ਅਜਿਹੇ ਕੁਕਰਮ ਤੇ ਭੈੜੀਆਂ ਹਰਕਤਾਂ ਕਰਦੇ ਸਨ, ਜਿਹਨਾਂ ਨੂੰ ਸਿੱਖ ਧਰਮ ਮਨਜ਼ੂਰੀ ਨਹੀਂ ਦਿੰਦਾ। ਇਨ੍ਹਾਂ ਮਹੰਤਾਂ ਦਾ ਚਾਲ ਚਲਣ ਤੇ ਨਿੱਜੀ ਜੀਵਨ ਬੜੀ ਬਦਕਾਰੀ ਵਾਲਾ, ਅਯਾਸ਼ੀ ਵਾਲਾ ਤੇ ਕਲੰਕਿਤ ਸੀ। ਉਨੀਵੀਂ ਸਦੀ ਦੇ ਅੰਤਿਮ ਦਹਾਕੇ 'ਚ 'ਸਿੰਘ ਸਭਾ ਲਹਿਰ' 'ਚ ਸ਼ਾਮਲ ਕੱਟੜਪੰਥੀ ਸਿੱਖਾਂ ਨੇ ਇਸ ਗੱਲ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਕਿ ਇਨ੍ਹਾਂ ਸਿੱਖ ਧਰਮ ਦੇ ਪਵਿੱਤਰ ਗੁਰਦੁਆਰਿਆਂ 'ਚੋਂ ਮਹੰਤਾਂ ਦੇ ਕਬਜ਼ੇ ਨੂੰ ਖਤਮ ਕਰਵਾਇਆ ਜਾਵੇ ਕਿਉਂਕਿ ਉਹ ਇਨ੍ਹਾਂ ਪਵਿੱਤਰ ਸਥਾਨਾਂ ਦੀ ਆਪਣੇ ਕੁਕਰਮਾਂ ਨਾਲ ਬੇਅਦਬੀ ਕਰਦੇ ਹਨ ਤੇ ਇਨ੍ਹਾਂ ਪਵਿੱਤਰ ਸਥਾਨਾਂ ਦਾ ਪ੍ਰਬੰਧ, ਵਿਦਰੋਹ ਕਰਕੇ ਆਪਣੇ ਹੱਥ 'ਚ ਲਿਆ ਜਾਵੇ। 20ਵੀਂ ਸਦੀ ਦੇ ਆਰੰਭ 'ਚ ਹੀ ਇਹ ਵਿਦਰੋਹ ਉਸ ਸਮੇਂ ਸਿਖਰ 'ਤੇ ਪਹੁੰਚ ਗਿਆ ਜਦੋਂ 'ਗੁਰਦੁਆਰਾ ਸੁਧਾਰ ਲਹਿਰ' ਤੇ ਅਕਾਲੀ ਲਹਿਰ' 1920-1926 ਆਰੰਭ ਹੋਈ।



ਉਦਾਸੀ ਮਹੰਤਾਂ 'ਚੋਂ ਗੁਰਦੁਆਰਾ ਜਨਮ ਸਥਾਨ ਨਨਕਾਣਾ ਸਾਹਿਬ ਵਿਖੇ ਮਹੰਤ ਨਰਾਇਣ ਦਾਸ ਮੁੱਖ ਮਹੰਤ ਸੀ। ਉਹ ਕਾਫ਼ੀ ਅਮੀਰ, ਅਯਾਸ਼ ਤੇ ਅੜਬ ਸੁਭਾਅ ਦਾ ਮਾਲਕ ਸੀ। ਉਹ ਇਸ ਧਰਮ ਸਥਾਨ ਦਾ ਖ਼ੁਦਮੁਖ਼ਤਿਆਰ ਮਹੰਤ ਸੀ। ਉਹ ਆਪਣੇ ਕੁਕਰਮਾਂ ਕਰਕੇ ਇਲਾਕੇ 'ਚ ਬੜਾ ਬਦਨਾਮ ਸੀ ਤੇ ਉਸ ਨੇ ਕਈ ਘਪਲੇ ਕੀਤੇ ਹੋਏ ਸਨ। ਸਿੱਖਾਂ ਵੱਲੋਂ ਸਰਕਾਰ ਪਾਸ ਕੀਤੀ ਗਈ ਬੇਨਤੀ ਕਿ ਇਸ ਮਹੰਤ ਨੂੰ ਇੱਥੋਂ ਕੱਢ ਦਿੱਤਾ ਜਾਵੇ, ਨੂੰ ਸਰਕਾਰ ਨੇ ਅਣਗੌਲਿਆ ਕਰ ਦਿੱਤਾ। ਇਸ ਮਹੰਤ ਦੀ ਬਦਕਾਰੀ ਦਾ ਇਕ ਮਸਲਾ ਉਸ ਸਮੇਂ 1918 'ਚ ਬਹੁਤ ਜ਼ੋਰ ਫੜ ਗਿਆ, ਜਦੋਂ ਦੋ ਮੁਸਾਫ਼ਰ ਸ਼ਰਧਾਲੂ ਔਰਤਾਂ ਇਸ ਪਵਿੱਤਰ ਸਥਾਨ ਦੀ ਯਾਤਰਾ ਤੇ ਆਈਆਂ ਤੇ ਮਹੰਤ ਨੇ ਉਨ੍ਹਾਂ ਨਾਲ ਛੇੜਖ਼ਾਨੀ ਕੀਤੀ।

ਅਕਤੂਬਰ 1920 ਦੇ ਆਰੰਭ 'ਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖੂਪੁਰਾ ਵਿਖੇ ਸਿੱਖਾਂ ਦੇ ਇਕ ਬੜੇ ਵੱਡੇ ਇਕੱਠ ਨੇ ਮਹੰਤ ਦੀ ਇਸ ਬਦਕਾਰੀ ਦਾ ਰੱਜ ਕੇ ਵਿਰੋਧ ਕੀਤਾ। ਉਸ ਸਮੇਂ ਇਕ ਅਜਿਹੀ ਘਟਨਾ ਵਾਪਰੀ ਕਿ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਨੂੰ ਸਿੱਖ ਸੰਗਤਾਂ ਨੇ ਮਹੰਤਾਂ ਦੇ ਕਬਜ਼ੇ 'ਚੋਂ ਮਿਤੀ 5 ਅਕਤੂਬਰ 1920 ਨੂੰ ਮੁਕਤ ਕਰਵਾ ਲਿਆ ਤੇ ਇਹ ਸਿੱਖਾਂ ਦੀ 'ਗੁਰਦੁਆਰਾ ਸੁਧਾਰ ਲਹਿਰ' ਦੀ ਪਹਿਲੀ ਪ੍ਰਾਪਤੀ ਸੀ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਹੰਤਾਂ ਦੇ ਕਬਜ਼ੇ ਨੂੰ ਮਿਤੀ 12 ਅਕਤੂਬਰ, 1920 ਨੂੰ ਵੀ ਹਟਾ ਦਿੱਤਾ ਗਿਆ। ਮਹੰਤ ਨਰਾਇਣ ਦਾਸ ਪਛਤਾਵਾਂ ਕਰਨ ਦੀ ਬਜਾਏ ਜਾਂ ਸਿੱਖਾਂ ਨਾਲ ਰਾਜ਼ੀਨਾਮਾ ਕਰਨ ਦੀ ਥਾਂ, ਉਸ ਨੇ ਪਵਿੱਤਰ ਧਾਰਮਿਕ ਸਥਾਨ ਤੇ ਆਪਣੇ ਨਿੱਜੀ ਹਥਿਆਰਬੰਦ ਬੰਦਿਆਂ ਨੂੰ ਇਕੱਠੇ ਕਰਨਾ ਆਰੰਭ ਕਰ ਦਿੱਤਾ।

20 ਫਰਵਰੀ, 1921 ਨੂੰ 150 ਸਿੱਖਾਂ ਦਾ ਜਥਾ ਨਨਕਾਣਾ ਸਾਹਿਬ ਦੇ ਪਵਿੱਤਰ ਜਨਮ ਸਥਾਨ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋਇਆ। ਸਿੱਖਾਂ ਦਾ ਆਗੂ ਜਥੇਦਾਰ ਲਛਮਣ ਸਿੰਘ ਇਕ ਪੱਕਾ ਸਿੱਖ ਸੁਧਾਰਕ ਸੀ। ਉਹ ਪਿੰਡ ਧਾਰੋਵਾਲੀ ਦਾ ਇਕ ਉੱਚਾ ਲੰਮਾ ਤੇ ਸੋਹਣਾ ਸਿੱਖ ਸਰਦਾਰ ਸੀ, ਉਸ ਨੇ ਸਾਰੇ ਸਿੰਘਾਂ ਨੂੰ ਥਾਉਂ-ਥਾਈਂ ਡਿਊਟੀਆਂ ਸੌਂਪ ਦਿੱਤੀਆਂ ਅਤੇ ਆਪ ਕੁਝ ਸਿੰਘਾਂ ਸਮੇਤ ਗੁਰਦੁਆਰੇ ਦੇ ਅੰਦਰ 'ਗੁਰੂ ਗ੍ਰੰਥ' ਸਾਹਿਬ ਵਾਲੇ ਪ੍ਰਕਾਸ਼ ਸਥਾਨ ਵਾਲੇ ਕਮਰੇ 'ਚ ਪਹੁੰਚ ਗਏ। ਜਥੇਦਾਰ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠਾਂ ਬੈਠ ਗਏ ਤੇ 'ਆਸਾ ਦੀ ਵਾਰ' ਦਾ ਕੀਰਤਨ ਆਰੰਭ ਕਰ ਦਿੱਤਾ। ਮਹੰਤ ਨਾਰਾਇਣ ਦਾਸ ਆਪਣੇ ਦੱਖਣ ਦੀ ਗੁੱਠ ਵਾਲੇ ਮਕਾਨ (ਮੁਸ-ਫ਼ਰਖ਼ਾਨੇ) ਦੇ ਚੁਬਾਰੇ 'ਚੋਂ ਇਸ ਸਾਰੀ ਘਟਨਾ ਨੂੰ ਦੇਖ ਰਿਹਾ ਸੀ। ਉਸ ਨੇ ਆਪਣੇ ਆਦਮੀਆਂ ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾਂ ਨੂੰ ਮਿੱਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿੱਤਾ। ਮਹੰਤ ਦੇ ਬੰਦਿਆਂ ਨੇ ਨਿਹੱਥੇ ਸਿੱਖਾਂ 'ਤੇ ਬੜੀ ਬੇਰਹਿਮੀ ਨਾਲ ਗੋਲੀਆਂ ਦੀ ਵਰਖਾ ਕਰ ਦਿੱਤੀ। ਇਸ 'ਚ ਅਨੇਕਾਂ ਸਿੱਖ ਮਾਰੇ ਗਏ ਤੇ ਅਨੇਕਾਂ ਹੀ ਜ਼ਖਮੀ ਹੋ ਗਏ।

ਮੁੱਖ ਦਰਵਾਜ਼ੇ ਦੇ ਬਾਹਰ ਮਹੰਤ ਨਰਾਇਣ ਦਾਸ ਮਫ਼ਲਰ ਨਾਲ ਆਪਣਾ ਮੂੰਹ ਢਕੀ ਤੇ ਆਪਣੇ ਹੱਥ 'ਚ ਪਿਸਤੌਲ ਫੜੀ ਘੋੜੇ 'ਤੇ ਸਵਾਰ ਹੋ ਕੇ ਆਇਆ। ਇਹ ਮਹੰਤ ਹੰਕਾਰ ਨਾਲ ਇੰਨਾ ਭਰਿਆ ਹੋਇਆ ਸੀ ਤੇ ਆਪਣੇ ਬੰਦਿਆਂ ਨੂੰ ਇਹ ਕਾਰਵਾਈ ਕਰਨ ਲਈ ਉੱਚੀ ਆਵਾਜ਼ 'ਚ ਲਲਕਾਰੇ ਮਾਰ-ਮਾਰ ਕੇ ਇਹ ਕਹਿ ਰਿਹਾ ਸੀ ਕਿ, "ਇਕ ਵੀ ਲੰਮੀ ਦਾੜ੍ਹੀ ਵਾਲਾ ਸਿੱਖ ਜਿੰਦਾ ਬਚ ਕੇ ਬਹਾਰ ਨਾ ਜਾਵੇ।" ਭਾਈ ਦਲੀਪ ਸਿੰਘ ਇਕ ਬਹੁਤ ਹੀ ਸਤਿਕਾਰਿਤ ਸਿੱਖ ਸੀ, ਉਹ ਮਹੰਤ ਨਰਾਇਣ ਦਾਸ ਦਾ ਬਹੁਤ ਹੀ ਜਾਣ-ਪਛਾਣ ਵਾਲਾ ਵੀ ਸੀ ਤੇ ਉਹ ਦੋਵਾਂ ਧਿਰਾਂ 'ਚ ਗੱਲਬਾਤ ਨਾਲ ਮਸਲਾ ਹੱਲ ਕਰਨ ਲਈ ਅੱਗੇ ਆਇਆ ਤੇ ਉਸ ਨੇ ਮਹੰਤ ਨੂੰ ਕਿਹਾ ਕਿ ਇਹ ਖ਼ੂਨੀ ਖੇਡ ਬੰਦ ਕੀਤੀ ਜਾਵੇ ਪਰ ਮਹੰਤ ਨੇ ਉਸ ਦੀ ਇਕ ਵੀ ਨਾ ਸੁਣੀ ਤੇ ਉਸ ਦੇ, ਆਪਣੇ ਪਿਸਤੌਲ ਨਾਲ ਗੋਲੀ ਮਾਰ ਕੇ ਉਸ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਛੇ ਹੋਰ ਸਿੱਖ ਜਿਹੜੇ ਕਿ ਬਾਹਰੋਂ ਆਏ ਹੋਏ ਸਨ, ਜਿਉਂਦਿਆਂ ਨੂੰ ਘੁੰਮਿਆਰ ਦੇ ਮਘਦੇ ਹੋਏ ਆਵੇ 'ਚ ਸੁੱਟ ਕੇ ਮਾਰ ਦਿੱਤਾ। ਬਾਹਰੋਂ ਲੱਕੜਾਂ ਤੇ ਮਿੱਟੀ ਦਾ ਤੇਲ ਮੰਗਵਾ ਕੇ ਲੱਕੜਾਂ ਨੂੰ ਅੱਗ ਲਗਾ ਦਿੱਤੀ ਗਈ। ਮਰੇ ਹੋਏ ਸਿੱਖਾਂ ਤੇ ਜ਼ਖਮੀ ਸਿੱਖਾਂ ਨੂੰ ਚੁੱਕ ਕੇ ਉਸ ਬਲਦੀ ਹੋਈ ਚਿਤਾ 'ਚ ਸੁੱਟ ਕੇ ਸਭ ਦਾ ਸੰਸਕਾਰ ਕਰ ਦਿੱਤਾ। ਇਸ ਸਾਕੇ 'ਚ ਅਲੱਗ-ਅਲੱਗ ਅੰਦਾਜ਼ਿਆਂ ਮੁਤਾਬਕ 82 ਤੋਂ 156 ਦੇ ਕਰੀਬ ਸਿੱਖ ਮਾਰੇ ਗਏ।

ਇਸ ਨਨਕਾਣਾ ਸਾਹਿਬ ਦੇ ਸਾਕੇ ਦੇ ਸਾਰੇ ਭਾਰਤ ਵਰਸ਼ 'ਚ ਬੜਾ ਸੋਗ ਮਨਾਇਆ ਗਿਆ। ਉਸ ਸਮੇਂ ਪੰਜਾਬ ਦਾ ਗਵਰਨਰ ਸਰ ਇੱਡਵਰਡ ਮੈਕਲਾਗਨ ਇਸ ਸਾਕੇ ਦਾ ਮੌਕਾ ਦੇਖਣ ਲਈ 22 ਫਰਵਰੀ ਨੂੰ ਉਸ ਜਗ੍ਹਾ 'ਤੇ ਆਇਆ। ਮਹਾਤਮਾ ਗਾਂਧੀ, ਮੁਸਲਿਮ ਨੇਤਾ ਸ਼ੌਕਤ ਅਲੀ ਤੇ ਮੁਹੰਮਦ ਅਲੀ ਵੀ ਮਿਤੀ 3 ਮਾਰਚ ਨੂੰ ਨਨਕਾਣਾ ਸਾਹਿਬ ਵਿਖੇ ਮੌਕਾ ਦੇਖਣ ਲਈ ਇਕੱਠੇ ਆਏ। ਸ਼ਹਿਜ਼ਾਦੀ ਮੰਬਾ ਦਲੀਪ ਸਿੰਘ (1869-1957) ਸਪੁੱਤਰੀ ਮਹਾਰਾਜਾ ਦਲੀਪ ਸਿੰਘ ਵੀ ਸਰ ਜੋਗਿੰਦਰ ਸਿੰਘ (1877-1946) ਨਾਲ ਨਨਕਾਣਾ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਨ ਲਈ ਆਈ।

ਮਹੰਤ ਨਰਾਇਣ ਦਾਸ ਤੇ ਉਸ ਦੇ ਭਾੜੇ 'ਤੇ ਲਿਆਂਦੇ ਟੱਟੂਆਂ (ਗੁੰਡਿਆਂ) ਨੂੰ ਗ੍ਰਿਫ਼ਤਾਰ ਕਰਕੇ ਉਹਨਾਂ 'ਤੇ ਮੁਕੱਦਮਾ ਚਲਾਇਆ ਗਿਆ। ਸਰਕਾਰ ਨੇ ਸਰਦਾਰ ਹਰਬੰਸ ਸਿੰਘ ਅਟਾਰੀ ਵਾਲਿਆਂ ਦੀ ਅਗਵਾਈ 'ਚ ਇਕ ਸੱਤ ਮੈਂਬਰੀ ਕਮੇਟੀ ਬਣਾਈ ਤੇ ਉਸ ਦੇ ਉਪ ਪ੍ਰਧਾਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚੋਂ ਲਿਆ ਗਿਆ ਤੇ ਇਸ ਕਮੇਟੀ ਨੂੰ ਨਨਕਾਣਾ ਸਾਹਿਬ ਦੇ ਜਨਮ ਸਥਾਨ ਗੁਰਦੁਆਰਾ ਸਾਹਿਬ ਦੀ ਮਾਲਕੀ ਸਪੁਰਦ ਕਰ ਦਿੱਤੀ।

23 ਫਰਵਰੀ ਦਾ ਦਿਨ ਸੰਸਕਾਰ ਦੀ ਰਸਮ ਲਈ ਨਿਸ਼ਚਿਤ ਕੀਤਾ ਗਿਆ। ਕਈਆਂ ਦੇ ਅੰਗ ਕੱਟ ਦਿੱਤੇ ਗਏ ਸਨ। ਉਹਨਾਂ ਅੰਗਾਂ, ਕਈ ਸਿੱਖਾਂ ਦੇ ਸਰੀਰ ਦੇ ਟੁਕੜੇ ਆਦਿ ਅਜੇ ਬਿਖਰੇ ਪਏ ਸਨ ਤੇ ਕਈਆਂ ਦੇ ਸਰੀਰ ਦੇ ਟੁਕੜੇ ਕਮਰਿਆਂ 'ਚ ਵੀ ਪਏ ਸਨ, ਆਦਿ ਨੂੰ ਇਕ ਜਗ੍ਹਾ ਗੁਰਦੁਆਰਾ ਸਾਹਿਬ ਦੇ ਅਹਾਤੇ 'ਚ ਹੀ ਇਕ ਵੱਡੀ ਚਿਤਾ ਦੇ ਰੂਪ 'ਚ ਇਕੱਤਰ ਕਰਕੇ, ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਭਾਈ ਯੋਧ ਸਿੰਘ ਜੀ ਨੇ ਇਸ ਸੰਸਕਾਰ 'ਚ ਸ਼ਾਮਲ ਸਿੱਖਾਂ ਦੇ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਇਸ ਦੁੱਖ ਦੀ ਘੜੀ 'ਚ ਸ਼ਾਂਤ-ਚਿੱਤ ਰਹਿਣ, ਆਪਣਾ ਸਬਰ ਬਣਾਈ ਰੱਖਣ ਤੇ ਭਾਣਾ ਮੰਨਣ ਦਾ ਬਲ ਵੀ ਬਣਾਈ ਰੱਖਣ ਜਿਵੇਂ ਕਿ ਉਨ੍ਹਾਂ ਦੇ ਪੂਰਵਜਾਂ ਨੇ ਬਣਾਈ ਰੱਖਿਆ ਸੀ ਤੇ ਉਨ੍ਹਾਂ ਨੇ ਵੀ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕੀਤਾ ਸੀ। ਇਕ ਭ੍ਰਿਸ਼ਟ ਹਕੂਮਤ ਦੇ ਰਾਜ 'ਚ ਅਜਿਹਾ ਵਿਵਹਾਰ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਸਬਰ ਨਾਲ ਅਸੀਂ ਆਪਣੀ ਕੌਮ 'ਤੇ ਭਵਿੱਖ 'ਚ ਆਉਣ ਵਾਲੀਆਂ ਮੁਸੀਬਤਾਂ ਨਾਲ ਨਜਿੱਠਣ ਲਈ ਤਿਆਰ ਹੋ ਜਾਵਾਂਗੇ।

ਮਹੰਤ ਨਰਾਇਣ ਦਾਸ ਤੇ ਉਸਦੇ ਸਾਥੀਆਂ 'ਤੇ ਸਿੱਖਾਂ ਦੀ ਹੱਤਿਆ ਦਾ ਮੁਕੱਦਮਾ 5 ਅਪ੍ਰੈਲ 1921 ਨੂੰ ਸ਼ੁਰੂ ਹੋਇਆ ਤੇ ਇਸ ਦਿਨ ਨੂੰ ਸਿੱਖਾਂ ਦੀ ਸ਼ਹੀਦੀ ਦਾ ਦਿਨ ਐਲਾਨਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਇਹ ਐਲਾਨ ਕੀਤਾ ਕਿ ਉਹ 15 ਨਵੰਬਰ 1921 ਨੂੰ ਗੁਰੂ ਨਾਨਕ ਦੇਵ ਜੀ ਦੇ ਆਉਣ ਵਾਲੇ ਪ੍ਰਕਾਸ਼ ਪੁਰਬ ਤੱਕ, ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਕਾਲੀ ਪੱਗੜੀ ਧਾਰਨ ਕਰਨ। ਸੈਸ਼ਨ ਜੱਜ ਦੀ ਅਦਾਲਤ ਨੇ 12 ਅਕਤੂਬਰ 1921 ਨੂੰ ਮਹੰਤ ਨਰਾਇਣ ਦਾਸ ਤੇ ਉਸ ਦੇ ਸਾਥੀਆਂ 'ਤੇ ਚੱਲ ਰਹੇ ਮੁਕੱਦਮੇ ਦਾ ਫੈਸਲਾ ਸੁਣਾਇਆ। ਮਹੰਤ ਨਰਾਇਣ ਦਾਸ ਤੇ ਸੱਤ ਹੋਰਾਂ ਨੂੰ ਮੌਤ ਦੀ ਸਜ਼ਾ ਤੇ ਅੱਠਾਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਸੋਲਾਂ ਪਠਾਣਾਂ ਨੂੰ ਲਾਲਚ 'ਚ ਆ ਕੇ ਇਹ ਕਾਰਾ ਕਰਨ ਬਦਲੇ ਸਖ਼ਤ ਜੇਲ੍ਹ ਦੀ ਸਜ਼ਾ ਸੁਣਾਈ ਗਈ। ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ। ਮਹੰਤ ਨਰਾਇਣ ਦਾਸ ਦੀ ਅਪੀਲ 'ਤੇ ਹਾਈ ਕੋਰਟ ਨੇ 3 ਮਾਰਚ 1922 ਨੂੰ ਆਪਣੇ ਫੈਸਲੇ 'ਚ ਮਹੰਤ ਨਰਾਇਣ ਦਾਸ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ 'ਚ ਤਬਦੀਲ ਕਰ ਦਿੱਤਾ। ਉਨ੍ਹਾਂ 'ਚੋਂ ਤਿੰਨ ਨੂੰ ਕੈਪੀਟਲ ਪਨਿਸ਼ਮੈਂਟ ਤੇ ਦੋ ਨੂੰ ਉਮਰ ਕੈਦ ਤੇ ਬਾਕੀਆਂ ਨੂੰ ਬਰੀ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦਾਂ ਦੇ ਪਰਿਵਾਰਾਂ ਦੀ ਮਦਦ ਕਰਨ ਲਈ ਇਕ ਫੰਡ ਸ਼ੁਰੂ ਕੀਤਾ। ਇਸ ਨੇ ਇਕ 'ਸਿੱਖ ਮਿਸ਼ਨਰੀ ਸੁਸਾਇਟੀ' ਦੀ ਸਥਾਪਨਾ ਵੀ ਕੀਤੀ ਜਿਸ ਨੇ ਅੰਮ੍ਰਿਤਸਰ 'ਚ ਸ਼ਹੀਦਾਂ ਦੀ ਪੱਕੀ ਯਾਦਗਾਰ ਵਜੋਂ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਵੀ ਸ਼ੁਰੂ ਕੀਤਾ।

ਅੱਜ ਸ਼ਹੀਦਗੰਜ ਵਾਲੇ ਸਥਾਨ 'ਤੇ ਸ਼ਹੀਦਾਂ ਦੀ ਯਾਦਗਾਰ ਹੈ। ਜਿਸਦੇ ਹੇਠ ਭੌਰੇ ਵਿਚ ਇਕ ਸ਼ੀਸ਼ੇ ਦੇ ਢਕਨੇ ਹੇਠ ਸ਼ਹੀਦਾਂ ਦੀ ਬਿਭੂਤੀ ਅਤੇ ਅਸਥੀਆਂ ਸੁਰੱਖਿਅਤ ਕੀਤੀਆਂ ਹੋਈਆਂ ਹਨ। ਸਾਕੇ ਦੇ ਮੁਕੰਮਲ ਹਾਲਾਤ ਪੰਜਾਬੀ, ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਆਦਿ ਸਭ ਭਾਸ਼ਾਵਾਂ 'ਚ ਅੰਕਿਤ, ਇਸ ਭੌਰੇ ਹੇਠ ਰੱਖੇ ਹੋਏ ਹਨ ਅਤੇ ਹਰ ਰੋਜ਼ ਹਰ ਗੁਰਸਿੱਖ ਅਰਦਾਸ 'ਚ ਇਹਨਾਂ ਸ਼ਹੀਦਾਂ ਦੀ ਯਾਦ ਤਾਜ਼ਾ ਕਰਦਾ ਹੈ।

ਇਹ ਸ਼ਹਾਦਤ ਆਪਣੇ ਆਪ 'ਚ ਇਸ ਗੱਲ ਦੀ ਗਵਾਹ ਹੈ ਕਿ ਜੇਕਰ ਇਹ ਸਿੰਘ ਇਸ ਦਿਨ ਨਨਕਾਣਾ ਸਾਹਿਬ ਨਾ ਆਉਂਦੇ ਤਾਂ ਮਹੰਤ ਇਸ ਦੁਰਘਟਨਾ ਲਈ ਕੀਤੀ ਤਿਆਰੀ ਨੂੰ 6 ਮਾਰਚ ਨੂੰ ਹੋਣ ਵਾਲੇ ਇਕੱਠ 'ਤੇ ਉਸ ਤਰ੍ਹਾਂ ਵਰਤਦਾ ਜਿਸ ਤਰ੍ਹਾਂ ਉਸ ਨੇ 20 ਫਰਵਰੀ ਨੂੰ ਵਰਤਿਆ ਤੇ ਐਸੀ ਹਾਲਤ 'ਚ ਜੋ ਕੌਮੀ ਨੁਕਸਾਨ ਹੁੰਦਾ ਉਸਨੂੰ ਸ਼ਾਇਦ ਕਈ ਪੁਸ਼ਤਾਂ 'ਚ ਵੀ ਸਿੱਖ ਕੌਮ ਪੂਰਾ ਨਾ ਕਰ ਸਕਦੀ। ਇਸ ਸ਼ਹਾਦਤ ਦਾ ਹੋਰ ਫਾਇਦਾ ਇਹ ਹੋਇਆ ਕਿ ਉਹ ਸਾਰੇ ਦੇਸ਼ ਅਤੇ ਖਾਸ ਕਰ ਸਿੱਖ ਕੌਮ ਅੰਦਰ ਜਾਨਬਾਜ਼ੀ ਦੀ ਉਸ ਸਪਿਰਿਟ ਨੂੰ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਵਿਚ ਭਰੀ ਸੀ ਅਤੇ ਇਸ ਨੂੰ ਇਹ ਲੋਕ ਭੁੱਲਦੇ ਜਾ ਰਹੇ ਸਨ, ਮੁੜ ਨਵੇਂ ਸਿਰਿਓਂ ਤਾਜ਼ਾ ਕਰ ਦਿੱਤਾ। ਜਿਸਦਾ ਸਿੱਟਾ ਸਮੁੱਚੀ ਅਕਾਲੀ ਲਹਿਰ ਅਤੇ ਗੁਰੂ ਕੇ ਬਾਗ ਗੁਰਦੁਆਰਾ ਗੰਗਸਰ ਜੈਤੋਂ ਦੀਆਂ ਬੇਮਿਸਾਲ ਕੁਰਬਾਨੀਆਂ ਸਨ।

ਅਕਾਲੀ ਇਸ ਭਿਆਨਕ ਮਹਾਂ-ਸਾਕੇ ਦੇ ਕਾਰਨ ਭੈਭੀਤ ਨਹੀਂ ਹੋਏ ਸਗੋਂ ਇਸ ਦੇ ਉਲਟ ਉਹ ਉਹਨਾਂ ਪੂਰਨਿਆਂ ਉੱਤੇ ਚੱਲਣ ਲਈ ਹੋਰ ਦ੍ਰਿੜ੍ਹ ਹੋ ਗਏ, ਜਿਹਨਾਂ ਉੱਤੇ ਨਨਕਾਣਾ ਸਾਹਿਬ ਦੇ ਸ਼ਹੀਦ ਚੱਲੇ ਸਨ।

ਉਰਦੂ ਅਖ਼ਬਾਰ 'ਜ਼ਿੰਮੀਦਾਰ' ਨੇ ਇਸ ਕਤਲੇਆਮ ਵਿਚ ਹਿੱਸਾ ਲੈਣ ਵਾਲੇ ਮੁਸਲਮਾਨਾਂ ਨੂੰ ਬੇ-ਹਿਯਾ ਅਤੇ ਬੇ-ਸ਼ਰਮ ਲਿਖਿਆ ਅਤੇ ਕਿਹਾ, "ਓ-ਬੇਸ਼ਰਮ ਮੁਸਲਮਾਨੋ, ਤੁਸੀਂ ਬੰਦੂਕਾਂ ਤੇ ਤਲਵਾਰਾਂ ਉਹਨਾਂ ਦੇ ਖ਼ਿਲਾਫ਼ ਵਰਤਦੇ ਹੋ, ਜਿਹੜੇ ਨਨਕਾਣਾ ਸਾਹਿਬ ਆਪਣਾ ਧਾਰਮਿਕ ਫਰਜ਼ ਪੂਰਾ ਕਰਨ ਲਈ ਗਏ ਸਨ।"

ਇਸ ਮਹਾਨ ਸ਼ਹੀਦੀ ਸਾਕੇ ਦੀ ਹੋਰ ਦੇਣ ਤੋਂ ਛੁੱਟ ਸਭ ਤੋਂ ਵੱਡੀ ਦੇਣ ਇਹ ਸੀ ਕਿ ਇਸਨੇ ਸਿੱਖਾਂ ਦੇ ਦਿਮਾਗਾਂ ਵਿਚੋਂ ਰਾਜ ਦੀ ਤਾਬਿਆਦਾਰੀ ਤੇ ਵਫ਼ਾਦਾਰੀ ਦਾ ਗੰਦ ਧੋ ਦਿੱਤਾ। ਨਨਕਾਣਾ ਸਾਹਿਬ ਦੇ ਸਾਕੇ ਦਾ ਇਕ ਪ੍ਰਤੀਕਰਮ ਇਹ ਵੀ ਹੋਇਆ ਕਿ ਅਕਾਲੀਆਂ ਨੂੰ ਮਹੰਤ-ਅੰਗਰੇਜ਼ ਸਰਕਾਰ ਦੀ ਸਾਜ਼ਿਸ਼ ਵਿਚ ਸ਼ਰੀਕ ਨਜ਼ਰ ਆਉਣ ਲੱਗ ਪਏ ਸਨ। ਇਸ ਲਈ ਉਨ੍ਹਾਂ ਨੇ ਕੁਝ ਥਾਈਂ ਗੁਰਦੁਆਰਿਆਂ ਉੱਤੇ ਕਬਜ਼ੇ ਕਰਨੇ ਹੋਰ ਤੇਜ਼ ਕਰ ਦਿੱਤੇ ਸਨ।

ਇਸ ਸਾਕੇ ਤੋਂ ਬਾਅਦ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿਚ ਨਵਾਂ ਜੋਸ਼ ਤੇ ਉਭਾਰ ਪੈਦਾ ਹੋ ਗਿਆ ਅਤੇ ਅੰਗਰੇਜ਼ ਸਰਕਾਰ ਦੀ ਪਰਵਾਹ ਨਾ ਕਰਦੇ ਹੋਏ ਕੈਦਾਂ ਤੇ ਜ਼ੁਰਮਾਨਿਆਂ ਦੇ ਬਾਵਜੂਦ ਬੜੀਆਂ ਜੋਸ਼ੀਲੀਆਂ ਕਵਿਤਾਵਾਂ ਲਿਖੀਆਂ ਅਤੇ ਪੜ੍ਹੀਆਂ ਗਈਆਂ।

ਇਸ ਸਾਕੇ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਉਹ ਕੁਰਬਾਨੀਆਂ, ਜੋ ਸਾਡੇ ਸਿੱਖ ਬਜ਼ੁਰਗਾਂ ਨੇ ਦਿੱਤੀਆਂ ਸਨ, ਜਿਸ ਨੂੰ ਲੋਕੀ ਕੇਵਲ ਮਨਘੜਤ ਕਹਾਣੀਆਂ ਹੀ ਸਮਝ ਕੇ ਭੁੱਲਦੇ ਜਾ ਰਹੇ ਸਨ, ਉਹਨਾਂ ਨੂੰ ਇਸ ਸ਼ਹੀਦੀ ਸਾਕੇ ਨੇ ਤਾਜ਼ਾ ਕਰ ਦਿੱਤਾ।

ਲੋਕੀ ਇਹ ਕਹਿੰਦੇ ਸਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਬੰਦ-ਬੰਦ ਕਟਾਇਆ ਗਿਆ ਹੋਵੇ, ਆਰੇ ਨਾਲ ਸਰੀਰ ਚੀਰਿਆ ਗਿਆ ਹੋਵੇ, ਖੋਪਰੀ ਲਾਹੀ ਗਈ ਹੋਵੇ, ਚਰਖੜੀਆਂ 'ਤੇ ਚਾੜ੍ਹ ਕੇ ਤੂੰਬਾ-ਤੂੰਬਾ ਕੀਤਾ ਗਿਆ ਹੋਵੇ, ਪਰ ਸ਼ਹੀਦ ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਇਨ੍ਹਾਂ ਦੇ ਦਿਲਾਂ 'ਚ ਇਤਬਾਰ ਕਰਵਾਇਆ ਕਿ ਐਸੀਆਂ ਹਸਤੀਆਂ ਸਿੱਖ ਕੌਮ 'ਚ ਹੋਈਆਂ ਹਨ ਅਤੇ ਸਤਿਗੁਰੂ ਦੀ ਕਿਰਪਾ ਨਾਲ ਅੱਗੋਂ ਵੀ ਹੋਣਗੀਆਂ।

ਇਹਨਾਂ ਘਟਨਾਵਾਂ ਦਾ ਲਾਭ ਸਹੀ ਅਰਥਾਂ 'ਚ ਤਾਂ ਹੀ ਉਠਾਇਆ ਜਾ ਸਕਦਾ ਹੈ, ਜੇਕਰ ਇਹਨਾਂ ਵਰਤਮਾਨ ਹਾਲਾਤ 'ਚ ਸੁਧਾਰ ਕਰਨ ਹਿਤ ਸਿੱਖਿਆ ਲਈ ਜਾਵੇ। ਅੱਜ ਵੀ ਜੇ ਦੇਖਿਆ ਜਾਵੇ ਤਾਂ ਸਿੱਖ ਧਰਮ 'ਚੋਂ ਬ੍ਰਾਹਮਣਵਾਦ ਦਾ ਪ੍ਰਭਾਵ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ ਜਦਕਿ ਗੁਰਮਤਿ ਦੇ ਸਿਧਾਂਤ ਤੇ ਗੁਰੂ ਸਾਹਿਬਾਨ ਦੇ ਆਦੇਸ਼ ਇਸ ਦੀ ਆਲੋਚਨਾ ਕਰਦੇ ਹਨ। ਅਜੋਕੇ ਸਮੇਂ 'ਚ ਗੁਰਬਾਣੀ ਦੇ ਮਾਨਵਵਾਦੀ ਸਿਧਾਂਤ 'ਤੇ ਸਭ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਮਾਨਵਤਾ 'ਚ ਸਮਾਜਿਕ ਬਰਾਬਰੀ ਤੇ ਸਾਂਝੀਵਾਲਤਾ ਆ ਸਕੇ। ਇਸ ਆਸ਼ੇ ਨਾਲ ਹੀ ਸਿੱਖ ਧਰਮ ਦੀ ਚੜ੍ਹਦੀ ਕਲਾ ਨੂੰ ਹੋਰ ਚਾਰ ਚੰਨ ਲਾਏ ਜਾ ਸਕਦੇ ਹਨ।

# ਯੂਕਰੇਨ ਸੰਕਟ: ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਨਾਲ ਮੁਲਾਕਾਤ

**ਨਵੀਂ ਦਿੱਲੀ** – ਯੂਕਰੇਨ ਵਿੱਚ ਰੂਸ ਦਾ ਹਮਲਾ ਜਾਰੀ ਹੈ। ਯੂਕਰੇਨ 'ਚ ਫਸੇ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ 'ਆਪ੍ਰੇਸ਼ਨ ਗੰਗਾ' ਚਲਾ ਰਹੀ ਹੈ। ਪ੍ਰਧਾਨ ਮੰਤਰੀ ਨੇ ਪਿਛਲੇ 24 ਘੰਟਿਆਂ ਵਿੱਚ ਦੋ ਵਾਰ ਉੱਚ ਪੱਧਰੀ ਮੀਟਿੰਗਾਂ ਕਰਕੇ ਰਣਨੀਤੀ ਬਣਾਈ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਯੂਕਰੇਨ ਸੰਕਟ ਸਮੇਤ ਕਈ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ।

ਰੂਸੀ ਹਮਲੇ ਤੋਂ ਬਾਅਦ ਯੂਕਰੇਨ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਨੂੰ ਬਚਾਉਣ ਲਈ ਹੁਣ ਕੇਂਦਰੀ ਮੰਤਰੀਆਂ ਨੂੰ ਮੋਰਚਾ ਲਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਸੋਮਵਾਰ ਨੂੰ ਫੈਸਲਾ ਕੀਤਾ ਕਿ ਕੇਂਦਰੀ ਮੰਤਰੀ ਹਰਦੀਪ ਪੁਰੀ, ਜੋਤੀਰਾਦਿੱਤਿਆ ਸਿੰਧੀਆ, ਕਿਰਨ ਰਿਜਿਜੂ ਅਤੇ ਵੀਕੇ ਸਿੰਘ ਇਸ ਮੁਹਿੰਮ ਦਾ ਤਾਲਮੇਲ ਕਰਨ ਅਤੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਯੂਕਰੇਨ ਦੇ ਗੁਆਂਢੀ ਦੇਸ਼ਾਂ ਵਿੱਚ ਜਾਣਗੇ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਹ ਮੰਤਰੀ ਭਾਰਤ ਦੇ 'ਵਿਸ਼ੇਸ਼ ਦੂਤ' ਵਜੋਂ ਉਥੇ ਜਾਣਗੇ। ਸਿੰਧੀਆ ਯੂਕਰੇਨ ਤੋਂ ਭਾਰਤੀਆਂ ਨੂੰ ਕੱਢਣ ਲਈ ਰੋਮਾਨੀਆ ਅਤੇ ਮੋਲਡੋਵਾ ਨਾਲ ਤਾਲਮੇਲ ਕਰਨਗੇ, ਜਦਕਿ ਰਿਜਿਜੂ ਸਲੋਵਾਕੀਆ ਜਾਣਗੇ। ਸੂਤਰਾਂ ਨੇ ਦੱਸਿਆ ਕਿ ਪੁਰੀ ਹੰਗਰੀ ਜਾ ਰਹੇ ਹਨ ਅਤੇ ਜਨਰਲ ਵੀ ਕੇ ਸਿੰਘ ਪੋਲੈਂਡ ਜਾ ਕੇ ਭਾਰਤੀਆਂ ਨੂੰ ਕੱਢਣ ਦੇ ਪ੍ਰਬੰਧ ਕਰਨਗੇ। ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਮੀਟਿੰਗ ਵਿੱਚ ਲਿਆ ਗਿਆ।ਹੁਣ ਪੀਐਮ ਮੋਦੀ ਨੇ ਇਸ ਸਬੰਧੀ ਰੋਮਾਨੀਆ ਅਤੇ ਸਲੋਵਾਕ ਗਣਰਾਜ ਦੇ ਪ੍ਰਧਾਨ ਮੰਤਰੀਆਂ ਨਾਲ ਫ਼ੋਨ 'ਤੇ ਗੱਲ ਕੀਤੀ ਹੈ। ਪ੍ਰਧਾਨ ਮੰਤਰੀ ਦਫਤਰ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਪੀਐਮ ਮੋਦੀ ਨੇ ਰੋਮਾਨੀਆ ਦੇ ਪ੍ਰਧਾਨ ਮੰਤਰੀ ਨਿਕੋਲਾਈ ਸਿਉਕਾ ਨਾਲ ਫੋਨ 'ਤੇ ਗੱਲ ਕੀਤੀ। ਪੀਐਮ ਮੋਦੀ ਨੇ ਯੂਕਰੇਨ ਤੋਂ ਭਾਰਤੀ ਵਿਦਿਆਰਥੀਆਂ ਨੂੰ ਕੱਢਣ ਬਾਰੇ ਰੋਮਾਨੀਆ ਦੇ ਪ੍ਰਧਾਨ ਮੰਤਰੀ ਨਾਲ ਚਰਚਾ ਕੀਤੀ ਅਤੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਪੀਐਮ ਮੋਦੀ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਬਿਨਾਂ ਵੀਜ਼ਾ ਅਤੇ ਵਿਸ਼ੇਸ਼ ਉਡਾਣਾਂ ਦੇ ਦਾਖਲੇ ਦੀ ਆਗਿਆ ਦੇਣ ਦੇ ਕਦਮ ਲਈ ਭਾਰਤ ਰੋਮਾਨੀਆ ਦੀ ਸ਼ਲਾਘਾ ਕਰਦਾ ਹੈ।

ਪੀਐਮ ਮੋਦੀ ਨੇ ਸਲੋਵਾਕ ਰੀਪਬਲਿਕ ਦੇ ਪੀਐਮ ਐਡਵਰਡ ਹੇਂਗਰ ਨਾਲ ਵੀ ਫ਼ੋਨ ਉੱਤੇ ਗੱਲ ਕੀਤੀ ਅਤੇ ਯੂਕਰੇਨ ਵਿੱਚ ਫਸੇ ਭਾਰਤੀਆਂ ਨੂੰ ਕੱਢਣ ਵਿੱਚ ਸਹਿਯੋਗ ਲਈ ਉਨ੍ਹਾਂ ਦੇ ਦੇਸ਼ ਦਾ ਧੰਨਵਾਦ ਕੀਤਾ। ਪੀਐਮ ਮੋਦੀ ਨੇ ਸਲੋਵਾਕ ਪੀਐਮ ਨੂੰ ਅਗਲੇ ਕੁਝ ਦਿਨਾਂ ਤੱਕ ਯੂਕਰੇਨ ਤੋਂ ਨਿਕਾਸੀ ਵਿੱਚ ਸਹਿਯੋਗ ਜਾਰੀ ਰੱਖਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਸਲੋਵਾਕ ਦੇ ਪ੍ਰਧਾਨ ਮੰਤਰੀ ਨੂੰ ਯੂਕਰੇਨ ਤੋਂ ਭਾਰਤੀਆਂ ਨੂੰ ਕੱਢਣ ਦੇ ਯਤਨਾਂ ਦੀ ਨਿਗਰਾਨੀ ਕਰਨ ਲਈ ਆਪਣੇ ਵਿਸ਼ੇਸ਼ ਦੂਤ ਵਜੋਂ ਕਿਰੇਨ ਰਿਜਿਜੂ ਦੀ ਤਾਇਨਾਤੀ ਬਾਰੇ ਵੀ ਜਾਣਕਾਰੀ ਦਿੱਤੀ।

# ਸੰਗੀਤ ਅਧਿਆਪਕਾਂ ਲਈ ਪਹਿਲਾਂ ਦੀ ਤਰ੍ਹਾਂ ਟੈੱਟ ਦੀ ਛੋਟ ਦਿੱਤੀ ਜਾਵੇ

ਪਿਛਲੇ ਕਈ ਸਾਲਾਂ ਤੋਂ ਕਰੋਨਾ ਨੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਲਈ ਪੜ੍ਹਾਈ ਕਰਾਉਣ ਲਈ ਆਨ ਲਾਈਨ ਕਲਾਸਾਂ ਲਾਉਣ ਲਈ ਮਜਬੂਰ ਕਰ ਦਿੱਤਾ ਹੈ। ਇਸ ਤਰ੍ਹਾਂ ਬੱਚਿਆਂ ਦੀ ਰੁਚੀ ਭਾਵੇਂ ਨਹੀਂ ਬਣਦੀ ਪਰ ਕੰਮ ਜਰੂਰ ਸਾਰਿਆ ਜਾ ਰਿਹਾ ਹੈ। ਭਵਿੱਖ 'ਚ ਛੋਟੇ ਬੱਚਿਆਂ ਲਈ ਸੰਗੀਤਕ ਤਰੀਕਿਆਂ ਨਾਲ ਪੜ੍ਹਾਈ ਕਰਾਉਣ ਦਾ ਰੁਝਾਣ ਵੱਧਦਾ ਨਜ਼ਰ ਆਉਂਦਾ ਹੈ ਜੋ ਬਹੁਤ ਸਾਰੇ ਅਧਿਆਪਕ ਯੂ ਟਿਊਬ ਤੇ ਬੱਚਿਆਂ ਲਈ ਇਹੋ ਜਿਹੇ ਪ੍ਰੋਗਰਾਮ ਪੇਸ਼ ਕਰ ਰਹੇ ਹਨ।ਉਂਝ ਵੀ ਸਿੱਖਿਆ ਵਿਭਾਗ ਪਿਛਲੇ ਸਾਲਾਂ ਤੋਂ ਨਵੇਂ ਨਵੇਂ ਤਜ਼ਰਬੇ ਕਰਦਾ ਆ ਰਿਹਾ ਹੈ। ਸਿਲੇਬਸ ਵਿੱਚ ਸਮੇਂ ਦੀ ਲੋੜ ਅਨੁਸਾਰ ਤਬਦੀਲੀਆਂ ਹੁੰਦੀਆਂ ਆਈਆਂ ਹਨ।ਹਾਈ ਵਿਭਾਗ ਦੇ ਨਵੇਂ ਸਿਲੇਬਸ ਵਿੱਚ ਸਿੱਖਿਆ ਬੋਰਡ ਨੇ ਛੇ ਵਿਸ਼ੇ ਜਰੂਰੀ ਰੱਖ ਕੇ ਇੱਕ ਚੋਣਵਾ ਵਿਸ਼ਾ ਰੱਖਿਆ ਹੈ ।ਇਸ ਚੋਣਵੇ ਵਿਸ਼ੇ ਲਈ ਪਹਿਲੇ 14 ਚੋਣਵੇਂ ਵਿਸ਼ੇ ਅਤੇ ਅੱਗੇ ਪ੍ਰੀ-ਵੋਕੇਸ਼ਨਲ ਕੈਟਾਗਰੀ ਵਿੱਚ 11 ਵਿਸ਼ੇ ਸਾਮਲ ਕੀਤੇ ਗਏ ਹਨ।ਸੰਗੀਤ ਵਿਸ਼ੇ ਨੂੰ ਪਹਿਲੇ ਚੋਣਵਿਆਂ ਵਿਸ਼ਿਆਂ ਵਿੱਚ ਸਾਮਲ ਕੀਤਾ ਗਿਆ ਹੈ। ਅੱਜ ਸੰਗੀਤ ਦੀ ਦੁਨੀਆਂ ਵਿੱਚ ਛੋਟੇ ਛੋਟੇ ਬੱਚੇ ਵੀ ਸਾਮਲ ਹੋ ਰਹੇ ਹਨ ਕਿਉਂਕਿ ਸੰਗੀਤ ਮਨ ਨੂੰ ਆਤਮਿਕ ਸਕੂਨ ਦੇਣ ਦੇ ਨਾਲ ਰੂਹ ਦੀ ਖੁਰਾਕ ਵੀ ਬਣਦਾ ਹੈ ਸਗੋਂ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਬਣਦਾ ਹੈ।ਚੰਗੇ ਸੰਗੀਤਕਾਰ,ਰਾਗੀ,ਗਾਇਕ ਆਦਿ ਲਈ ਸੰਗੀਤ ਵਿਦਿਆ ਦੀਆਂ ਬਾਰੀਕੀਆਂ ਦੀ ਜਾਣਕਾਰੀ ਹੋਣੀ ਜਰੂਰੀ ਹੈ। ਟੀ.ਵੀ ਚੈਨਲਾਂ ਤੇ ਬਹੁਤ ਸਾਰੇ ਮੁਕਾਬਲੇ ਦੇ ਪ੍ਰੋਗਰਾਮ ਗਾਇਕ ਬੱਚਿਆਂ ਅਤੇ ਨੌਜਵਾਨਾਂ ਲਈ ਚਲ ਰਹੇ ਹਨ ਜਿਨ੍ਹਾਂ ਵਿੱਚੋਂ ਚੁਣੇ ਗਾਇਕ ਆਪਣਾ ਜ਼ਿੰਦਗੀ ਦਾ ਕੈਰੀਅਰ ਸੰਗੀਤ ਨੂੰ ਬਣਾ ਚੁੱਕੇ ਹਨ। ਇਤਿਹਾਸ ਵਿੱਚ ਵੀ ਰਾਜੇ ਮਹਾਰਾਜਿਆਂ ਦੇ ਸਮੇਂ ਸੰਗੀਤ ਦੀ ਕਦਰ ਦੇਖਣ ਨੂੰ ਮਿਲਦੀ ਹੈ। ਸੰਗੀਤ ਨਾਲ ਮਨੁੱਖ ਨੂੰ ਘੱਟੋ ਘੱਟ ਕੁਝ ਪਲਾਂ ਲਈ ਤਾਂ ਦਿਨ ਦੇ ਰੁਝੇਵਿਆਂ ਤੋਂ ਰਾਹਤ ਮਿਲ ਜਾਂਦੀ ਹੈ।

ਪੰਜਾਬ ਅੰਦਰ ਭਾਵੇਂ ਸਿੱਖਿਆ ਵਿਭਾਗ ਵਲੋਂ ਸਕੂਲਾਂ ਅੰਦਰ ਸੰਗੀਤ ਵਿਸ਼ੇ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਸੰਗੀਤ ਅਧਿਆਪਕਾਂ ਦੀਆਂ ਆਸਾਮੀਆਂ ਸਿਰਫ ਚੋਣਵੇਂ ਸ਼ਹਿਰੀ ਸਕੂਲਾਂ ਅੰਦਰ ਹੀ ਦਿੱਤੀਆਂ ਗਈਆਂ ਹਨ।ਇਸ ਲਈ ਪਿੰਡਾਂ ਦੇ ਬੱਚਿਆਂ ਅੰਦਰਲੀ ਕਲਾ ਨੂੰ ਉਜਾਗਰ ਕਰਨ ਦਾ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾਂਦਾ,ਹੋ ਸਕਦਾ ਇਨ੍ਹਾਂ ਵਿੱਚੋਂ ਕਿੰਨੇ ਹੀ ਬੱਚੇ ਸੰਗੀਤਕਾਰ ਬਣ ਸਕਦੇ ਹੋਣ।ਸਰਕਾਰ ਉਂਝ ਤਾਂ ਰੁਜਗਾਰ ਦੇ ਮੌਕੇ ਪੈਦਾ ਕਰਨ ਤੋਂ ਅਸਮਰੱਥ ਜਾਪਦੀ ਹੀ ਹੈ, ਜੋ ਮੌਕੇ ਆਪਣੇ ਆਪ ਹੀ ਬੱਚੇ ਨੂੰ ਮਿਲਦੇ ਹੋਣ ਉਨ੍ਹਾਂ ਨੂੰ ਸਾਰੇ ਬੱਚਿਆਂ ਨੂੰ ਦੇਣ ਵਿੱਚ ਕੀ ਹਰਜ਼ ਹੈ।ਛੇਵੀਂ ਤੋਂ ਅੱਠਵੀਂ ਤੱਕ ਸਿਲੇਬਸ ਵਿੱਚ ਸਿੱਖਿਆ ਬੋਰਡ ਵਲੋਂ ਸੰਗੀਤ(ਗਾਇਨ) ਅਤੇ ਸੰਗੀਤ ਵਾਦਨ ਵਿਸ਼ੇ ਹੋਰਾਂ ਵਿਸ਼ਿਆਂ ਨਾਲ ਸ਼ਾਮਲ ਕੀਤੇ ਗਏ ਹਨ ਪਰ ਸਕੂਲਾਂ ਵਿੱਚ ਪੜ੍ਹਾਉਣ ਲਈ ਸੰਗੀਤ ਅਧਿਆਪਕਾਂ ਦਾ ਕੋਈ ਪ੍ਰਬੰਧ ਹੀ ਨਹੀਂ।ਨੌਵੀਂ ਅਤੇ ਦਸਵੀਂ ਦੇ ਨਵੇਂ ਸਿਲੇਬਸ ਵਿੱਚ ਜਿਵੇਂ ਸੰਗੀਤ ਵਿਸ਼ੇ ਨੂੰ ਪਹਿਲੇ ਚੋਣਵਿਆਂ ਵਿਸ਼ਿਆਂ ਵਿੱਚ ਸਾਮਲ ਕੀਤਾ ਗਿਆ ਹੈ।

ਪਰ ਸੰਗੀਤ ਅਧਿਆਪਕ ਦੀ ਆਸਾਮੀ ਸਾਰੇ ਸਕੂਲਾਂ 'ਚ ਨਹੀਂ ਹੈ। ਜਦੋਂ ਕਿ ਡਰਾਇੰਗ ਅਤੇ ਸਰੀਰਕ ਸਿੱਖਿਆ ਵਿਸ਼ੇ ਵੀ ਚੋਣਵੇਂ ਵਿਸ਼ਿਆਂ ਵਿੱਚ ਸਾਮਲ ਹਨ ਪਰ ਇਨ੍ਹਾਂ ਦੀਆਂ ਆਸਾਮੀਆਂ ਸਾਰੇ ਸਕੂਲਾਂ ਵਿੱਚ ਦਿੱਤੀਆਂ ਗਈਆਂ ਹਨ।ਪਰ ਹੋਰ ਚੋਣਵੇਂ ਵਿਸ਼ਿਆਂ ਦੇ ਅਧਿਆਪਕ ਸਕੂਲਾਂ ਵਿੱਚ ਨਾਂਮਾਤਰ ਹੀ ਹਨ।ਸਵੇਰ ਦੀ ਸਭਾ ਪ੍ਰਭਾਵਸ਼ਾਲੀ ਬਨਾਉਣ ਲਈ ਹਰੇਕ ਸਕੂਲ ਅੰਦਰ ਸੰਗੀਤ ਅਧਿਆਪਕ ਦੀ ਲੋੜ ਹੈ।ਬੱਚਿਆਂ ਦੇ ਪੜ੍ਹਾਈ ਦੇ ਬੋਝ ਨੂੰ ਦਿਮਾਗ ਤੋਂ ਹਲਕਾ ਕਰਨ ਲਈ ਡਰਾਇੰਗ ਵਿਸ਼ੇ ਦੀ ਤਰ੍ਹਾਂ ਸੰਗੀਤ ਇੱਕ ਲਾਹੇਵੰਦ ਵਿਸ਼ਾ ਹੈ।ਸੰਗੀਤਕ ਧੁਨੀਆਂ ਨਾਲ ਬੱਚੇ ਨੂੰ ਟਿਕਾਊ ਗਿਆਨ ਆਸਾਨੀ ਨਾਲ ਦਿੱਤਾ ਜਾ ਸਕਦਾ ਹੈ ਜੋ ਕਿ ਸੰਗੀਤ ਅਧਿਆਪਕ ਹੀ ਦੇ ਸਕਦਾ ਹੈ।ਇਸ ਤਰ੍ਹਾਂ ਦੀ ਕੋਸ਼ਿਸ਼ ਕਰਦੇ ਹੋਏ ਲੁਧਿਆਣੇ ਜਿਲ੍ਹੇ ਦੇ ਰਾਸ਼ਟਰੀ ਐਵਾਰਡ ਪ੍ਰਾਪਤ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਨੇ ਗੀਤਾਂ ਰਾਹੀਂ ਬੱਚਿਆਂ ਨੂੰ ਸਿੱਖਿਆ ਦੇਣ ਦਾ ਵਧੀਆ ਉਪਰਾਲਾ ਕਰ ਰਹੇ ਹਨ ।ਉਨ੍ਹਾਂ ਦੇ ਗੀਤ ਸਿੱਖਿਆ ਵਿਭਾਗ ਵਲੋਂ ਸੰਗੀਤ ਦੀ ਮਹੱਤਤਾ ਸਮਝਦੇ ਹੋਏ ਐਜੂਸੈਟ ਪ੍ਰੋਗਰਾਮ ਵਿੱਚ ਬੱਚਿਆਂ ਨੂੰ ਸੁਣਾਏ ਜਾਂਦੇ ਹਨ।ਹੁਣ ਉਹ ਬੱਚਿਆਂ ਲਈ ਹਰੇਕ ਵਿਸ਼ੇਸ਼ ਦਿਨ ਤੇ ਬੱਚਿਆਂ ਦੇ ਪੱਧਰ ਲਈ ਗੀਤ ਫਿਲਮਾਂਕਣ ਕਰਕੇ ਪੇਸ਼ ਕਰਦੇ ਆ ਰਹੇ ਹਨ ਜਿਨ੍ਹਾਂ ਨੂੰ ਬੱਚੇ ਸੁਣਨ ਲਈ ਉਡੀਕਦੇ ਰਹਿੰਦੇ ਹਨ।ਕਰੋਨਾ ਦੌਰਾਨ ਆਨ ਲਾਈਨ ਬੱਚਿਆਂ ਨੂੰ ਪੜ੍ਹਾਉਣ ਲਈ ਅਧਿਆਪਕ ਆਪਣੀ ਡਿਊਟੀ ਤਾਂ ਨਿਭਾ ਰਹੇ ਹਨ ਪਰ ਬੱਚਿਆਂ ਦੀ ਰੁਚੀ ਬਹੁਤੀ ਨਹੀਂ ਬਣ ਰਹੀ।ਪਰ ਕਈ ਅਧਿਆਪਕ ਬੱਚਿਆਂ ਨੂੰ ਕੋਈ ਨਾ ਕੋਈ ਸ਼ੰਦੇਸ਼ ਦੇਣ ਲਈ ਕਵਿਤਾਵਾਂ / ਗੀਤ ਗਾ ਕੇ ਟੀਚਰਜ਼ ਗਰੁੱਪਾਂ ਵਿੱਚ ਪਾ ਰਹੇ ਹਨ ਜੋ ਵਧੀਆ ਗੱਲ ਹੈ।

ਇਸ ਤਰ੍ਹਾਂ ਛੋਟੇ ਬੱਚਆਂ ਲਈ ਪ੍ਰਾਈਵੇਟ ਸਕੂਲ ਪਹਿਲਾਂ ਹੀ ਪਲੇ ਸਕੂਲਾਂ ਤੋਂ ਹੀ ਗੀਤ ਗਾ ਕੇ / ਮਿਊਜ਼ਿਕ ਰਾਹੀਂ ਕੋਈ ਪੇਸ਼ਕਾਰੀ ਪੇਸ਼ ਕਰਦੇ ਰਹਿੰਦੇ ਹਨ ਜਿਸ ਨੂੰ ਬੱਚੇ ਜਲਦੀ ਸਿੱਖਦੇ ਹਨ ਅਤੇ ਪਸ਼ੰਦ ਵੀ ਕਰਦੇ ਹਨ।ਮਹਿਕਮੇ ਵਲੋਂ ਹਰੇਕ ਸਾਲ ਬੱਚਿਆਂ ਦੀ ਬਹੁਪੱਖੀ ਅੰਦਰੂਨੀ ਅਤੇ ਬਾਹਰੀ ਸਖਸ਼ੀਅਤ ਨਿਖਾਰਨ ਲਈ ਵਿਦਿਅਕ ਮੁਕਾਬਲੇ ਕਰਵਾਏ ਜਾਂਦੇ ਹਨ।ਇਨ੍ਹਾਂ ਹੋਰਾਂ ਆਈਟਮਾਂ ਤੋਂ ਇਲਾਵਾ ਇਨ੍ਹਾਂ 'ਚ ਸ਼ਬਦ ਗਾਇਨ,ਗੀਤ ਆਦਿ ਸੰਗੀਤ ਨਾਲ ਸਬੰਧਤ ਹੋਰ ਕਲਾਵਾਂ ਦੀ ਪੇਸ਼ਕਾਰੀ ਲਈ ਸਾਰੇ ਸਕੂਲਾਂ ਤੋਂ ਨਾਂ ਮੰਗੇ ਜਾਂਦੇ ਹਨ।ਬਹੁਤਾਤ ਸਕੂਲ ਇਨ੍ਹਾਂ ਮੁਕਾਬਲਿਆਂ 'ਚ ਸੰਗੀਤ ਅਧਿਆਪਕ ਨਾ ਹੋਣ ਕਾਰਨ ਉਚਿੱਤ ਤਿਆਰੀ ਨਾ ਹੋ ਸਕਣ ਕਾਰਨ ਵੀ ਭਾਗ ਲੈਣ ਤੋਂ ਝਿਜਕ ਜਾਂਦੇ ਹਨ।ਸੰਗੀਤ ਅਧਿਆਪਕਾਂ ਵਾਲੇ ਜਾਂ ਪ੍ਰਾਈਵੇਟ ਸਕੂ.ਲਾਂ ਵਾਲੇ ਹੀ ਇਨ੍ਹਾਂ ਮੁਕਾਬਲਿਆਂ 'ਚ ਤਕਰੀਬਨ ਪਹਿਲੀਆਂ ਪੁਜ਼ੀਸਨਾਂ ਤੇ ਬਾਜ਼ੀ ਮਾਰ ਜਾਂਦੇ ਹਨ।

ਪਿਛੇ ਜਿਹੇ ਸਿੱਖਿਆ ਵਿਭਾਗ ਨੇ ਅਧਿਆਪਕਾਂ ਦੀਆਂ ਪੋਸਟਾਂ ਭਰਨ ਲਈ ਇਸ਼ਤਿਹਾਰ ਜਾਰੀ ਕੀਤੇ ਹਨ ਜਿਨ੍ਹਾਂ 'ਚ ਸੰਗੀਤ ਦੀਆਂ ਵੀਹ ਪੋਸਟਾਂ ਦਿੱਤੀਆਂ ਹਨ, ਉਹ ਵੀ ਪਹਿਲੀ ਵਾਰ ਟੈੱਟ ਪਾਸ ਦੀ ਸ਼ਰਤ ਲਾ ਦਿੱਤੀ ਹੈ ਜਦੋਂ ਕਿ ਇਨ੍ਹਾਂ ਅਧਿਆਂਪਕਾਂ ਦੀ ਪਿਛਲੀ ਭਰਤੀ ਬਿਨ੍ਹਾਂ ਟੈੱਟ ਤੋਂ ਸਿਰਫ ਵਿਸ਼ੇ ਦਾ ਟੈਸਟ ਲੈ ਕੇ ਹੋਈ ਸੀ ।ਹੁਣ ਜਦੋਂ ਵਿਭਾਗ ਨੇ ਜੇਕਰ ਟੈੱਟ ਦੀ ਸਰਤ ਲਾਉਣੀ ਸੀ ਤਾਂ ਪਹਿਲਾਂ ਇਸ ਸਬੰਧੀ ਪਬਲਿਕ ਨੋਟਿਸ ਦੇ ਕੇ ਸਬੰਧਤ ਅਧਿਆਪਕਾਂ ਨੂੰ ਟੈੱਟ ਪਾਸ ਕਰਨ ਦਾ ਮੌਕਾ ਦਿੱਤਾ ਜਾਣਾ ਸੀ ।ਇਸ ਤਰ੍ਹਾਂ ਨਾ ਹੀ ਟੈੱਟ ਦੇ ਸਿਲੇਬਸ ਵਿੱਚ ਸੰਗੀਤ ਦਾ ਵਿਸ਼ਾ ਸਾਮਲ ਹੈ ਤਾਂ ਕੋਈ ਟੈੱਟ ਦੀ ਤੁੱਕ ਨਹੀਂ ਬਣਦੀ ।ਇਸ ਬਾਰੇ ਮਹਿਕਮੇ ਨੂੰ ਇਸ ਵਿਸ਼ੇ ਨੂੰ ਪਹਿਲਾਂ ਦੀ ਤਰ੍ਹਾਂ ਟੈੱਟ ਤੋਂ ਛੋਟ ਦੇ ਕੇ ਵਿਸ਼ੇ ਦਾ ਹੀ ਪੇਪਰ ਲਿਆ ਜਾਵੇ , ਨਹੀਂ ਤਾਂ ਇਨ੍ਹਾਂ ਬੇਰੁਜ਼ਗਾਰ ਅਧਿਆਪਕਾਂ ਨਾਲ ਇਹ ਧੱਕਾ ਹੋਵੇਗਾ ।ਦੂਸਰਾ ਇਹ ਵਿਸ਼ਾ ਤਾਂ ਹੀ ਸਾਰੇ ਬੱਚਿਆਂ ਲਈ ਲਾਹੇਵੰਦ ਹੋਵੇਗਾ ਜੇਕਰ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਸੰਗੀਤ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣ। ਸਰਕਾਰ ਨੂੰ ਹੇਠਲੇ ਪੱਧਰ ਤੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸੰਗੀਤ ਅਧਿਆਪਕਾਂ ਦੀ ਪ੍ਰਾਇਮਰੀ ਸਕੂਲਾਂ 'ਚ ਪਹਿਲ ਦੇ ਆਧਾਰ ਤੇ ਖਾਲੀ ਪਈਆਂ ਪੋਸਟਾਂ ਲਈ ਭਰਤੀ ਕਰਕੇ ਬੱਚਿਆਂ ਦੇ ਮਨਾਂ ਤੋਂ ਔਖੇ ਵਿਸ਼ਿਆ ਦੇ ਡਰ ਨੂੰ ਘਟਾ ਕੇ ਪੜ੍ਹਾਈ 'ਚ ਹੋਰ ਵਧੇਰੇ ਰੁਚੀ ਪੈਦਾ ਕਰਨੀ ਚਾਹੀਦੀ ਹੈ।ਇਸ ਤਰ੍ਹਾਂ ਕਰਨ ਨਾਲ ਸਰਕਾਰ ਤੇ ਕੋਈ ਵਾਧੂ ਵਿੱਤੀ ਭਾਰ ਵੀ ਨਹੀਂ ਪਵੇਗਾ।



ਮੇਜਰ ਸਿੰਘ ਨਾਭਾ
7009674242



# 'ਬੇਗਮਪੁਰਾ' ਪਰਿਵਰਤਨ ਦਾ ਹੋਕਾ



ਜਗਤਗੁਰੂ ਰਵਿਦਾਸ ਮਹਾਰਾਜ ਜੀ ਇਕ ਉਚ ਕੋਟੀ ਦੇ ਵਿਦਵਾਨ, ਕ੍ਰਾਂਤੀਕਾਰੀ ਰੱਬੀ ਜੋਤ, ਮਹਾਨ ਚਿੰਤਕ, ਮਨੁੱਖਤਾ ਦੇ ਹਾਮੀ, ਦੂਰਅੰਦੇਸ਼ੀ ਸੋਚ ਦੇ ਧਾਰਨੀ, ਬੇਗਮਪੁਰੇ ਦੇ ਵਾਸੀ, ਬੇਗਮਪੁਰਾ ਪਰਿਵਰਤਨ ਦਾ ਹੋਕਾ ਦੇਦ ਵਾਲੇ, ਇਨਕਲਾਬੀ ਰਹਿਬਰ, ਟੁੱਟੀਆਂ ਤਕਦੀਰਾਂ ਨੂੰਗੰਢਣ ਵਾਲੇ, ਅਣਖੀ ਯੋਧੇ, ਹੱਕ-ਸੱਚ 'ਤੇ ਪਹਿਰਾ ਦੇਣ ਵਾਲੇ ਨਿਧੜਕ ਆਗੂ, ਯੁੱਗ ਪਲਟਾਊ ਰਹਿਬਰ, ਚੰਗੇ ਵਿਚਾਰਵਾਨ, ਮਨੁੱਖਤਾ ਨਾਲ ਪਿਆਰ ਕਰਨ ਵਾਲੇ, ਸਾਰੀ ਮਨੁੱਖਤਾ ਨੂੰ ਸਮਾਨਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਵਾਲੇ ਸਮਾਜੀ ਢਾਂਚੇ ਦੇ ਹਾਮੀ, ਬ੍ਰਾਹਮਣਵਾਦ ਦਾ ਭਾਂਡਾ ਚੁਰਾਹੇ 'ਚ ਭੰਨਣ ਵਾਲੇ, ਨਾਰੀ ਜਾਤੀ ਨੂੰ ਬਰਾਬਰਤਾ ਦਾ ਦਰਜਾ ਦੇਣ ਵਾਲੇ, ਸਮਾਜਵਾਦ ਦਾ ਨਾਅਰਾ ਲਾਉਣ ਵਾਲੇ, ਪ੍ਰੀਤ ਸਿਧਾਂਤ ਦੇ ਹਮਦਰਦ, ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਾਲੇ ਮਹਾਨ ਰਹਿਬਰ ਸਨ। ਸਤਿਗੁਰੂ ਰਵਿਦਾਸ ਜੀ ਦੇ ਭਗਤੀ ਲਹਿਰ 'ਚ ਉਘੇ ਯੋਗਦਾਨ ਸਦਕਾ ਆਪ ਜੀ ਨੂੰ ਭਗਤੀ ਲਹਿਰ ਦੇ ਪਿਤਾਮਾ ਕਿਹਾ ਜਾਂਦਾ ਹੈ।

ਸਤਿਗੁਰੂ ਰਵਿਦਾਸ ਜੀ ਦਾ 'ਬੇਗਮਪੁਰਾ' ਪਰਿਵਰਤਨ ਦਾ ਹੋਕਾ ਦਿਖਾਈ ਦਿੰਦਾ ਹੈ। ਗੁਰੂ ਜੀ ਕਿਹੋ ਜਿਹਾ ਪਰਿਵਰਤਨ ਚਾਹੁੰਦੇ ਹਨ? ਗੁਰੂ ਜੀ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪਰਿਵਰਤਨ ਚਾਹੁੰਦੇ ਸਨ ਕਿਉਂਕਿ ਮਨੁੱਖ ਨੂੰ ਬ੍ਰਾਹਮਣਵਾਦੀ ਵਿਵਸਥਾ ਨੇ ਵਰਣ

ਪ੍ਰਿੰਸੀਪਲ ਪਰਮਜੀਤ ਜੱਸਲ
91-98721-80653

ਵਿਵਸਥਾ ਰਾਹੀਂ ਵੰਡਿਆ ਹੋਇਆ ਸੀ। ਮਨੁੱਖ ਨੂੰ ਮਨੁੱਖ ਤੋਂ ਨਫਰਤ, ਭੇਦ-ਭਾਵ, ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ ਦਾ ਪਾੜਾ, ਖਾਸ ਕਰ ਚੌਥੇ ਵਰਣ ਨਾਲ ਕੀਤੀ ਜਾਂਦੀ ਰਹੀ। ਜਿਸ ਨੂੰ ਸਤਿਗੁਰੂ ਰਵਿਦਾਸ ਜੀ ਨੇ ਪੂਰੀ ਵਿਵਸਥਾ ਨੂੰ ਪਰਿਵਰਤਨ ਕਰਨ ਲਈ ਕਾਫੀ ਜਦੋ-ਜਹਿਦ ਕੀਤੀ। ਗੁਰੂ ਜੀ ਕਾਮਯਾਬ ਵੀ ਹੋਏ।

ਗੁਰੂ ਰਵਿਦਾਸ ਜੀ ਨੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਵਿਦਿਆ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਆ। ਵਿਦਿਆ ਨਾਲ ਹੀ ਮਨੁੱਖ ਨੂੰ ਸੋਝੀ ਆਉਂਦੀ ਹੈ। ਗਿਆਨ ਹੀ ਹਨੇਰੇ ਨੂੰ ਦੂਰ ਕਰਕੇ, ਵਿਦਿਆ ਰੂਪੀ ਚਾਨਣ ਲਿਆ ਸਕਦਾ ਹੈ। ਜਿਸ ਨਾਲ ਮਨੁੱਖ ਫਰਸ਼ ਤੋਂ ਅਰਸ਼ ਤੱਕ ਪਹੁੰਚ ਸਕਦਾ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ। ਗੁਰੂ ਜੀ ਵਿੱਦਿਆ ਬਾਰੇ ਇੰਝ ਉਪਦੇਸ਼ ਕਰਦੇ ਹਨ:

ਮਾਧੋ ਅਬਿਦਿਆ ਹਿੱਤ ਕੀਨ,
ਬਿਬੇਕ ਦੀਪ ਮਲੀਨੁ।।
ਉਪਜਿਓ ਗਿਆਨ ਹੂਆ ਪਰਗਾਸ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਵਿੱਦਿਆ ਬਾਰੇ ਕਿਹਾ ਹੈ:-

ਗਿਆਨ ਉਹ ਸ਼ੇਰਨੀ ਦਾ ਦੁੱਧ ਹੈ,
ਜੋ ਪੀਵੇਗਾ ਉਹ ਦਿਹਾੜੇਗਾ ਵੀ।

'ਗੁਲਾਮਗਿਰੀ' ਪੁਸਤਕ ਲਿਖਣ ਵਾਲੇ ਮਹਾਨ ਕ੍ਰਾਂਤੀਕਾਰੀ ਮਹਾਤਮਾ ਜੋਤੀਬਾ ਫੂਲੇ ਨੇ ਵੀ ਵਿੱਦਿਆ ਬਾਰੇ ਲਿਖਦਿਆਂ ਕਿਹਾ ਕਿ :

ਵਿਦਿਆ ਬਿਨਾ ਬੁੱਧੀ ਗਈ,
ਬੁੱਧੀ ਬਿਨਾ ਸਦਾਚਾਰ ਗਿਆ,
ਸਦਾਚਾਰ ਬਿਨਾਂ ਤਰੱਕੀ ਰੁਕ ਗਈ,
ਤਰੱਕੀ ਬਿਨਾ ਦੌਲਤ ਮਿਟ ਗਈ,
ਦੌਲਤ ਬਿਨਾ ਸ਼ੂਦਰ ਤਬਾਹ ਹੋ ਗਏ,
ਇਹ ਸਾਰੇ ਦੁੱਖ ਅਨਪੜ੍ਹਤਾ ਕਾਰਨ ਵਾਪਰੇ।

ਸਤਿਗੁਰੂ ਰਵਿਦਾਸ ਜੀ ਜਾਤਾਂ-ਪਾਤਾਂ ਤੋਂ ਉਪਰ ਉਠ ਕੇ ਮਨੁੱਖ ਨੂੰ ਸਭ ਨਾਲ ਪ੍ਰੀਤ ਕਰਨ ਦਾ ਹੋਕਾ ਦਿੰਦੇ ਹਨ। ਇਹ ਪ੍ਰੀਤ ਹੀ ਉਹ ਸੂਤਰ ਹੈ, ਜੋ ਮਨੁੱਖਾਂ 'ਚ ਭਾਈਚਾਰਕ ਸਾਂਝ ਬਣਾਉਂਦੀ ਹੈ।ਗੁਰੂ ਜੀ ਦਾ ਪ੍ਰੀਤ ਦਾ ਸਿਧਾਂਤ ਹੀ ਨਫਰਤ ਨੂੰ ਖਤਮ ਕਰਨ ਵਾਲਾ ਹੈ, ਕਿਉਂਕਿ ਸਾਰੇ ਇਕੋ ਨੂਰ ਦੀ ਪੈਦਾਵਾਰ ਹਨ। ਨਾਂ ਭਾਵੇਂ ਕੋਈ ਵੀ ਹੋਵੇ ਪ੍ਰੰਤੂ ਉਹ ਸਾਰੇ ਪ੍ਰਭੂ ਦੇ ਪੁੱਤਰ ਧੀਆਂ ਹਨ। ਇਸ ਲਈ ਉਹਨਾਂ ਨਾਲ ਆਪਣਿਆਂ ਵਾਂਗ ਪ੍ਰੀਤ ਕੀਤੀ ਜਾਵੇ:

ਮੁਸਲਮਾਨ ਸੋ ਦੋਸਤੀ
ਹਿੰਦੂਅਨ ਸੋ ਕਰ ਪ੍ਰੀਤ।
ਰਵਿਦਾਸ ਜੋਤ ਸਭ ਰਾਮ ਕੀ,
ਸਭ ਹੈ ਅਪਨੇ ਮੀਤੁ।।

ਸਤਿਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਇਕੱਲੇ ਹੋਣ 'ਤੇ ਜ਼ੋਰ ਦਿੱਤਾ ਹੈ।ਜਿਵੇਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਹੋ ਕੇ ਰਹਿੰਦੀਆਂ ਹਨ। ਇਸ ਤਰ੍ਹਾਂ ਸਾਡੇ 'ਚ ਇਕਮੁਠਤਾ ਹੋਣੀ ਬਹੁਤ ਜ਼ਰੂਰੀ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ।।

ਸਤਿਗੁਰੂ ਰਵਿਦਾਸ ਜੀ ਮਨੁੱਖ 'ਚੋਂ ਬੁਰਾਈਆਂ ਨੂੰ ਦੂਰ ਕਰਨ ਦਾ ਉਪਦੇਸ਼ ਦਿੰਦੇ ਹਨ ਕਿ ਮਨੁੱਖ ਨਸ਼ਿਆਂ ਵਰਗੀ ਬਿਮਾਰੀ ਦਾ ਸਦਾ ਲਈ ਤਿਆਗ ਕਰੇ। ਉਹ ਇਹਨਾਂ ਨਸ਼ਿਆਂ ਤੋਂ ਦੂਰ ਰਹੇ ਤਾਂ ਹੀ ਉਹ ਉਚੀਆਂ ਪੁਲਾਂਘਾਂ ਨੂੰ ਸਰ ਕਰ ਸਕਦਾ ਹੈ। ਗੰਗਾ ਦੇ ਜਲ ਤੋਂ ਤਿਆਰ ਕੀਤੀ ਸ਼ਰਾਬ ਦਾ ਵੀ ਮਨੁੱਖ ਨੂੰ ਸੇਵਨ ਨਹੀਂ ਕਰਨਾ ਚਾਹੀਦਾ।

ਸੁਰਸਰੀ ਸਲਾਨ ਕ੍ਰਿਤ ਬਾਰੁਨੀ ਰੇ
ਸੰਤ ਜਨ ਭਰਤ ਨਹੀਂ ਪਾਨੰ।
ਸੁਰਾ ਅਪਵ੍ਰਿਤ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ।।

ਉਪਰੋਕਤ ਸ਼ਬਦ 'ਤੇ ਜੇਕਰ ਦੇਸ਼ ਵਾਸੀਆਂ ਨੇ ਧਿਆਨ ਦਿੱਤਾ ਹੁੰਦਾ ਜਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਇਹ ਗੱਲ ਮੰਨ ਲਈ ਹੁੰਦੀ ਤਾਂ ਦੇਸ਼ ਅੱਜ ਨਸ਼ਿਆਂ 'ਚ ਡੁੱਬਾ ਹੋਇਆ ਨਜ਼ਰ ਨਹੀਂ ਸੀ ਆਉਣਾ। ਨੌਜਵਾਨ ਅੱਜ ਜੋ ਨਸ਼ਿਆਂ ਦੇ ਸੇਵਨ ਕਰਕੇ ਕੁਰਾਹੇ ਪਏ ਹੋਏ ਹਨ ਜਾਂ ਆਪਣੀ ਦੁੱਖਾਂ ਭਰੀ ਜ਼ਿੰਦਗੀ ਤੋਂ ਤੰਗ ਆ ਕੇ ਬੇਵਕਤ ਮੌਤ ਨੂੰ ਸੱਦਾ ਦੇ ਰਹੇ ਹਨ। ਗੁਰੂ ਰਵਿਦਾਸ ਜੀ ਨਸ਼ਿਆਂ 'ਚ ਡੁੱਬੀ ਮਨੁੱਖਤਾ ਨੂੰ ਦਲਦਲ 'ਚੋਂ ਕੱਢਣਾ ਚਾਹੁੰਦੇ ਹਨ। ਅੱਜ ਵੀ ਜੇਕਰ ਅਸੀਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਈਏ ਤਾਂ ਹੁਣ ਵੀ ਇਸ ਬਿਮਾਰੀ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ।

ਸਤਿਗੁਰੂ ਰਵਿਦਾਸ ਜੀ ਨੇ ਨਾਰੀ ਜਾਤੀ ਦੇ ਉਥਾਨ ਲਈ ਸੰਤ ਮੀਰਾਂ ਬਾਈ, ਜੋ ਮਹਿਲਾਂ ਦੀ ਰਾਣੀ ਸੀ, ਨੂੰ ਆਪਣੀ ਪਰਮ ਸੇਵਕ ਬਣਾ ਕੇ, ਔਰਤ ਜਾਤੀ 'ਤੇ ਪਰਉਪਕਾਰ ਕੀਤਾ। ਉਹਨਾਂ ਨੂੰ ਮਰਦਾਂ ਬਰਾਬਰ ਖੜ੍ਹਾ ਕਰਕੇ, ਪੂਰਾ ਮਾਣ ਸਨਮਾਨ ਦਿੱਤਾ, ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਰਾਜਾ ਨਾਗਰ ਮੱਲ, ਰਾਜਾ ਪੀਪਾ ਜੀ (ਸੰਤ ਪੀਪਾ ਜੀ), ਰਾਜਾ ਬੈਨ ਸਿੰਘ, ਰਾਣੀ ਝਾਲਾ ਬਾਈ, ਗੋਰਖਨਾਥ, ਰਾਜਾ ਸੰਗਰਾਮ ਸਾਂਗਾ, ਰਾਣੀ ਭਾਨਮਤੀ, ਰਾਜਾ ਸਿਕੰਦਰ ਲੋਧੀ ਆਦਿ ਪਰਮ ਸੇਵਕ ਬਣੇ। ਸਤਿਗੁਰੂ ਰਵਿਦਾਸ ਜੀ ਨੂੰ ਭਾਵੇਂ ਜੇਲ੍ਹ ਵੀ ਕੱਟਣੀ ਪਈ।ਗੁਰੂ ਜੀ ਸੱਚ ਦੇ ਰਸਤੇ 'ਤੇ ਚਲਦੇ ਹੋਏ ਰਾਜੇ ਸਿਕੰਦਰ ਲੋਧੀ ਵਰਗੇ ਅੱਗੇ ਝੁਕੇ ਨਹੀਂ, ਡਰੇ ਨਹੀਂ। ਗੁਰੂ ਜੀ ਦੀ ਵਿਚਾਰਧਾਰਕ ਸੋਚ ਸਦਕਾ, ਰਾਜਾ ਸਿਕੰਦਰ ਲੋਧੀ ਗੁਰੂ ਜੀ ਦੇ ਚਰਨੀ ਪੈ ਗਿਆ। ਗੁਰੂ ਜੀ ਕ੍ਰਿਪਾਲੂ, ਦਇਆਲੂ ਸੁਭਾਅ ਹੋਣ ਕਰਕੇ ਉਹਨਾਂ ਰਾਜੇ ਨੂੰ ਮਾਫ ਕਰ ਦਿੱਤਾ।ਰਾਜੇ ਸਿਕੰਦਰ ਲੋਧੀ ਨੇ ਗੁਰੂ ਦਾ ਸਤਿਕਾਰ ਕਰਦੇ ਹੋਏ ਤੁਗਲਕਾਬਾਦ, ਦਿੱਲੀ 'ਚ ਜ਼ਮੀਨ ਸਤਿਗੁਰਾਂ ਜੀ ਨੂੰ ਤੋਹਫੇ ਵਜੋਂ ਭੇਂਟ ਕੀਤੀ। ਜਿੱਥੇ ਗੁਰੂ ਜੀ ਸਤਿਸੰਗ ਕਰਿਆ ਕਰਦੇ ਸਨ।ਪਰ ਅੱਜ ਸਮੇਂ ਦੀ ਹਾਕਮ ਸਰਕਾਰ ਨੇ ਰਵਿਦਾਸੀਆ ਸਮਾਜ ਤੋਂ ਇਹ ਜਗ੍ਹਾ ਛਲ ਕਪਟ ਦੀ ਨੀਤੀ ਨਾਲ ਹੜੱਪ ਕਰ ਲਈ ਹੈ। ਸਤਿਗੁਰੂ ਰਵਿਦਾਸ ਜੀ ਦੇ ਸ਼ਰਧਾਲੂ ਸੇਵਕ ਇਸ ਇਤਿਹਾਸਕ ਅਸਥਾਨ ਨੂੰ ਜਦ ਹੱਕ ਹਾਸਲ ਨਹੀਂ ਕਰਦੇ, ਸੰਘਰਸ਼ ਜਾਰੀ ਰਹੇਗਾ।

ਭਾਰਤੀ ਸੰਵਿਧਾਨ ਦੇ ਪਿਤਾਮਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ 'ਅਛੂਤ ਕੌਣ ਤੇ ਕਿਵੇਂ' ਪੁਸਤਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਕੀਤੀ ਹੈ। ਉਹਨਾਂ ਭਾਰਤ ਦੇ ਸੰਵਿਧਾਨ 'ਚ ਗੁਰੂ ਰਵਿਦਾਸ ਮਹਾਰਾਜ ਜੀ ਦੇ 'ਬੇਗਮਪੁਰੇ ਸੰਕਲਪ' ਨੂੰ ਅਸਲੀ ਜਾਮਾ ਪਹਿਨਾ ਕੇ, ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਹੈ। ਯੂ. ਐਨ. ਓ. ਨੇ ਵੀ ਆਪਣੇ ਏਜੰਡੇ 'ਚ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੇ ਸਿਧਾਂਤ ਨੂੰ ਅਪਣਾ ਕੇ, ਗੁਰੂ ਜੀ ਦੀ ਸੋਚ ਨੂੰ ਦੁਨੀਆਂ ਦੇ ਨਕਸ਼ੇ 'ਤੇ ਲਿਆ ਕੇ ਖੜ੍ਹਾ ਕੀਤਾ ਹੈ।

ਮਾਨਵਤਾਵਾਦੀ ਸੋਚ ਦੇ ਧਾਰਨੀ ਮਹਾਂਪੁਰਸ਼ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਸਮਾਨਤਾ, ਸੁਤੰਤਰਤਾ, ਭਾਈਚਾਰੇ ਦੀ ਖਾਤਰ, ਭਗਤੀ ਤੇ ਪ੍ਰੇਮ ਦੇ ਸਿਧਾਂਤ ਰਾਹੀਂ ਵਿਰੋਧੀਆਂ 'ਤੇ ਜਿੱਤ ਦਾ ਝੰਡਾ ਬੁਲੰਦ ਕੀਤਾ। ਪ੍ਰੇਮ ਦੇ ਸਿਧਾਂਤ ਰਾਹੀਂ ਹੀ ਹਰ ਮਸਲੇ 'ਤੇ ਸਫਲਤਾ ਪ੍ਰਾਪਤ ਕੀਤੀ। ਇਸ ਕਰਕੇ ਬਿਪਰਾਂ ਦੇ ਪ੍ਰਧਾਨ ਆਪ ਜੀ ਨੂੰ ਨਮਸਕਾਰਾਂ, ਡੰਡਾਉ ਕਰਦੇ ਸਨ:

ਅਬ ਬ੍ਰਿਪ ਪਰਧਾਨੁ ਤਿਹਿ ਕਰਹਿ ਡੰਡਉਤਿ।
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ ਕਿ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਹਰਿ (ਪ੍ਰਭੂ) ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਦੁਨੀਆਂ ਦੀ ਨਜ਼ਰ 'ਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ ਪ੍ਰੰਤੂ ਉਹਨਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਮਹਾਨ ਬਣੇ ਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀ ਢਹਿ ਪਏ:-

ਰਵਿਦਾਸ ਚਮਾਰੁ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮੁ ਭਇਆ,
ਚਾਰ ਵਰਨ ਪਏ ਪਗਿ ਆਇ।।

ਗੁਰੂ ਰਵਿਦਾਸ ਜੀ 'ਰਾਜ ਭਾਗ' ਦੀ ਗੱਲ ਵੀ ਬਾਣੀ 'ਚ ਕਰਦੇ ਹਨ ਕਿ ਮੈਂ ਇਸ ਤਰ੍ਹਾਂ ਦਾ ਰਾਜ ਚਾਹੁੰਦਾ ਹਾਂ, ਜਿੱਥੇ ਸਾਰਿਆਂ ਨੂੰ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਹੋਣ, ਰੋਟੀ, ਕੱਪੜਾ, ਮਕਾਨ ਹੋਵੇ। ਮੈਂ ਤਾਂ ਖੁਸ਼ ਹਾਂ, ਜੇਕਰ ਸਾਰੇ ਮਨੁੱਖ ਬਰਾਬਰ ਹੋਣ, ਕੋਈ ਊਚ-ਨੀਚ, ਅਮੀਰ-ਗਰੀਬ, ਭਿੰਨ-ਭੇਦ ਨਾ ਹੋਵੇ। ਅਜਿਹੀ ਸੋਚ ਦੇ ਸਤਿਗੁਰੂ ਹਾਮੀ ਹਨ:

ਐਸਾ ਚਾਹੂੰ ਰਾਜ ਮੈਂ,
ਜਹਾਂ ਮਿਲੈ ਸਭਨ ਕੋ ਅੰਨ।
ਛੋਟ ਬੜੇ ਸਬ ਸਮ ਬਸੈ,
ਰਵਿਦਾਸ ਰਹੇ ਪ੍ਰਸੰਨ।।

ਗੁਰੂ ਰਵਿਦਾਸ ਜੀ 'ਬੇਗਮਪੁਰਾ ਸਹਰ ਕੋ ਨਾਉ' 'ਚ ਪਰਿਵਰਤਨ ਕਰਨ ਦਾ ਹੋਕਾ ਦੇਣ ਦਾ ਯਤਨ ਕਰਦੇ ਹਨ ਕਿ ਉਹ 'ਬੇਗਮਪੁਰਾ' ਜੋ ਗਮਾਂ, ਚਿੰਤਾ, ਭੈਅ ਤੋਂ ਰਹਿਤ ਹੋਵੇ। ਜਿੱਥੇ ਕੋਈ ਉੱਚਾ-ਨੀਵਾਂ, ਜਾਤੀ ਭੇਦ ਭਾਵ ਨਾ ਹੋਵੇ। ਕਿਸੇ ਵੀ ਵਿਅਕਤੀ ਨੂੰ ਕੋਈ ਦੁੱਖ ਤਕਲੀਫ ਨਾ ਹੋਵੇ। ਸਾਰੀ ਮਨੁੱਖਤਾ 'ਚ ਸਮਾਨਤਾ, ਸੁਤੰਤਰਤਾ, ਭਾਈਚਾਰਾ ਤੇ ਨਿਆ ਹੋਵੇ। ਊਚ-ਨੀਚ, ਅਮੀਰ-ਗਰੀਬ, ਜਾਤ-ਪਾਤ, ਰੰਗ, ਨਸਲ, ਭਿੰਨ ਭੇਦ, ਗੁਲਾਮੀ ਨਾ ਹੋਵੇ। ਅਜਿਹੇ ਬੇਗਮਪੁਰੇ ਸ਼ਹਿਰ ਦੇ ਵਾਸੀ ਹੋਣ 'ਤੇ ਮਾਣ ਮਹਿਸੂਸ ਕਰਦਿਆਂ ਜਗਤ ਗੁਰੂ ਰਵਿਦਾਸ ਜੀ ਨੇ ਕਿਹਾ ਹੈ:-

ਬੇਗਮਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨ ਮਾਲੁ।
ਖਉਫੁ ਨ ਖਤਾ ਨ ਤਰਸੁ ਜਵਾਲੁ।।

ਉਪਰੋਕਤ ਤੋਂ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਜੀ 'ਬੇਗਮਪੁਰਾ ਸ਼ਬਦ 'ਚ ਪਰਿਵਰਤਨ ਦਾ ਹੋਕਾ ਦਿੰਦੇ ਨਜ਼ਰ ਆਉਂਦੇ ਹਨ। ਅਜਿਹਾ ਪਰਿਵਰਤਨ ਜੋ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਹੋਵੇ। ਇਹੋ ਜਿਹੇ ਪਰਿਵਰਤਨ ਨਾਲ ਹੀ ਮਨੁੱਖ 'ਚ ਸਮਾਨਤਾ, ਸੁਤੰਤਰਤਾ ਤੇ ਭਾਈਚਾਰਕ ਸਾਂਝ ਆ ਸਕਦੀ ਹੈ। 'ਕਾਇਮੁ ਦਾਇਮੁ ਸਦਾ ਪਾਤਿਸ਼ਾਹੀ' ਭਾਵ ਗੁਰੂ ਜੀ ਪਾਤਸ਼ਾਹੀ ਵੱਲ ਸੰਕੇਤ ਕਰਦੇ ਹਨ। ਗੁਰੂ ਜੀ ਸਾਨੂੰ 'ਪਾਤਸ਼ਾਹੀ' ਦੇਣਾ ਚਾਹੁੰਦੇ ਸਨ।

ਪਾਤਸ਼ਾਹੀ ਤਾਂ ਹੀ ਤੁਹਾਡੇ ਹੱਥਾਂ 'ਚ ਆ ਸਕਦੀ ਹੈ, ਜੇਕਰ ਗੁਰੂ ਜੀ ਦੇ ਉਪਦੇਸ਼ਾਂ 'ਤੇ ਅਸੀਂ ਚੱਲੀਏ ਭਾਵ ਤੁਹਾਡੇ ਬੱਚੇ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਨ। ਵਿੱਦਿਆ ਨਾਲ ਉਹਨਾਂ ਨੂੰ ਬੁੱਧੀ, ਸਮਝ ਆਵੇਗੀ। ਫਿਰ ਉਹ ਸ਼ਹਿਦ ਦੀਆਂ ਮੱਖੀਆਂ ਵਾਂਗ ਇਕਮੁੱਠ ਹੋਣ। ਇਕਮੁੱਠ ਭਾਵ ਏਕੇ ਨਾਲ ਹੀ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਦੂਸਰਾ ਆਪਣੇ ਸਮਾਜ, ਦੇਸ਼ 'ਚੋਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰੀਏ। ਫਜ਼ੂਲ ਖਰਚਾ ਬੰਦ ਕਰੀਏ। ਧੀਆਂ ਨੂੰ ਬਣਦਾ ਸਤਿਕਾਰ ਦੇਈਏ। ਨਸ਼ਿਆਂ ਨੂੰ ਸਮਾਜ 'ਚੋਂ, ਆਪਣੇ ਘਰਾਂ 'ਚੋਂ ਹਮੇਸ਼ਾ ਲਈ ਤਿਆਗ ਦੇਈਏ।

ਤਾਂ ਹੀ ਸਾਡਾ ਸਮਾਜ, ਦੇਸ਼ ਤੇ ਅਸੀਂ ਜ਼ਿੰਦਗੀ 'ਚ ਅੱਗੇ ਵਧ ਸਕਦੇ ਹਾਂ।ਇਹੋ ਹੀ ਸੁਪਨਾ ਗੁਰੂ ਰਵਿਦਾਸ ਜੀ ਦਾ ਸੀ, ਇਸੇ ਲਈ ਗੁਰੂ ਜੀ ਆਪਣੇ ਸ਼ਬਦ 'ਬੇਗਮਪੁਰਾ' 'ਚ ਪਰਿਵਰਤਨ ਦਾ ਹੋਕਾ ਦਿੰਦੇ ਹਨ।

ਗੁਰੂ ਜੀ ਉਹਨਾਂ ਨੂੰ ਆਪਣਾ ਪਰਮ ਮਿੱਤਰ ਕਹਿੰਦੇ ਹਨ, ਜੋ ਬੇਗਮਪੁਰੇ ਦਾ ਵਾਸੀ ਹੋਵੇ। ਭਾਵ ਬੇਗਮਪੁਰੇ ਵਰਗੇ ਗੁਣ ਉਸ 'ਚ ਹੋਣ:-

ਕਹਿ ਰਵਿਦਾਸ ਖਲਾਸ ਚਮਾਰਾ,
ਜੋ ਹਮ ਸਹਰੀ ਸੋ ਮੀਤੁ ਹਮਾਰਾ।।

ਆਓ, ਸਤਿਗੁਰਾਂ ਦੇ ਆਗਮਨ ਦਿਹਾੜੇ 'ਤੇ ਇਹ ਪ੍ਰਣ ਕਰੀਏ ਕਿ ਅਸੀਂ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਆਪਣੀ ਜ਼ਿੰਦਗੀ 'ਚ ਸੱਚੇ ਦਿਲੋਂ ਅਪਣਾਵਾਂਗੇ ਤਾਂ ਹੀ ਅਸੀਂ ਗੁਰੂ ਜੀ ਦੇ ਸੁਪਨੇ ਨੂੰ ਸਾਕਾਰ ਕਰ ਸਕਦੇ ਹਾਂ।

# ਗੁਰਮਤਿ ਸੰਗੀਤ ਦੀ ਸੰਘਰਸ਼ਸ਼ੀਲ ਸ਼ਖ਼ਸੀਅਤ : ਭਾਈ ਮਨਜਿੰਦਰ ਸਿੰਘ ਰਬਾਬੀ



ਭਾਈ ਮਨਜਿੰਦਰ ਸਿੰਘ ਰਬਾਬੀ ਜੀ ਦਾ ਜਨਮ ਜਿਲ੍ਹਾ ਪਟਿਆਲਾ ਦੇ ਪਿੰਡ ਆਲਮਪੁਰ ਵਿੱਚ ਪਿਤਾ ਸ: ਸੇਵਾ ਸਿੰਘ ਚੱਕੀਵਾਲੇ ਦੇ ਘਰ ਮਾਤਾ ਲਖਵਿੰਦਰ ਕੌਰ ਜੀ ਦੀ ਕੁੱਖੋਂ ਹੋਇਆ। ਉਨ੍ਹਾਂ ਬਚਪਨ ਤੋਂ ਹੀ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਜੀ ਨੂੰ ਬਹੁਤ ਸੁਣਿਆ ਜਿਸ ਦੇ ਨਤੀਜਨ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਨੇ ਰਾਜਪੁਰੇ ਤੋਂ ਉਸਤਾਦ ਰਾਗੀ ਭਾਈ ਸੁਖਵਿੰਦਰ ਸਿੰਘ ਜੀ ਪੱਪੀ ਹੁਰਾਂ ਪਾਸੋਂ ਲਗਭਗ ਇੱਕ ਸਾਲ ਕੀਰਤਨ ਦੀ ਸਿੱਖਿਆ ਹਾਸਲ ਕੀਤੀ। ਬਾਰ੍ਹਵੀਂ ਉਪਰੰਤ ਆਪ ਜੀ ਨੇ ਪਟਿਆਲੇ ਖਾਲਸਾ ਕਾਲਜ ਤੋਂ ਸੰਗੀਤ ਦੀ ਬੀ ਏ ਕੀਤੀ। ਫਿਰ, ਅਗਸਤ 2008 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੇਖ-ਰੇਖ ਹੇਠ ਚੱਲ ਰਹੀ ਅਕੈਡਮੀ ਗੁਰਮਤਿ ਸੰਗੀਤ ਅਕੈਡਮੀ (ਅੱਜ-ਕੱਲ੍ਹ ਪਦਮਸ੍ਰੀ ਪ੍ਰੋ. ਕਰਤਾਰ ਸਿੰਘ ਜੀ ਗੁਰਮਤਿ ਸੰਗੀਤ ਅਕੈਡਮੀ) ਵਿੱਚ ਦਾਖਲਾ ਲਿਆ ਤੇ ਗੁਰਮਤਿ ਸੰਗੀਤ ਦੇ ਮਹਾਨ ਆਚਾਰੀਆ ਨੈਸ਼ਨਲ ਅਵਾਰਡੀ, ਪਦਮਸ਼੍ਰੀ ਪ੍ਰੋ. ਕਰਤਾਰ ਸਿੰਘ ਜੀ ਪਾਸੋਂ ਬੜੀ ਸ਼ਿੱਦਤ ਤੇ ਲਗਨ ਨਾਲ ਗਾਇਨ ਦੇ ਨਾਲ ਨਾਲ ਰਬਾਬ ਵਾਦਨ ਦੀ ਸਿੱਖਿਆ ਵੀ ਹਾਸਲ ਕੀਤੀ ਜਿਸਦੇ ਵਿੱਚ ਸਤਿਕਾਰਯੋਗ ਭਾਈ ਸੁਖਵਿੰਦਰ ਸਿੰਘ ਜੀ ਸਾਗਰ ਤੇ ਭਾਈ ਕੁਲਵਿੰਦਰ ਸਿੰਘ ਜੀ ਦਾ ਬਹੁਤ ਯੋਗਦਾਨ ਰਿਹਾ। ਇਹਨਾਂ ਤਿੰਨਾਂ ਸਾਲਾਂ ਵਿੱਚ ਹੀ ਗੁਰਮਤਿ ਸੰਗੀਤ ਦੇ ਡਿਪਲੋਮੇ ਤੋਂ ਇਲਾਵਾ ਉਨ੍ਹਾਂ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਤਿੰਨ ਸਾਲ ਦਾ ਭਾਰਤੀ ਸੰਗੀਤ ਦਾ ਡਿਪਲੋਮਾ ਵੀ ਪਹਿਲੇ ਦਰਜੇ ਵਿੱਚ ਹਾਸਿਲ ਕੀਤਾ।

ਇਸਦੇ ਚੱਲਦਿਆਂ ਹੀ 2011 ਤੱਕ ਅਨੇਕਾਂ ਵਾਰ ਹਰ ਬੁੱਧਵਾਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿੱਖੇ ਪ੍ਰੋ. ਕਰਤਾਰ ਸਿੰਘ ਜੀ ਨਾਲ ਤੰਤੀ ਸਾਜ਼ਾਂ ਨਾਲ ਹਾਜ਼ਰੀਆਂ ਭਰਨ ਦਾ ਅਵਸਰ ਪ੍ਰਾਪਤ ਹੋਇਆ। 2011 ਵਿੱਚ ਅਕੈਡਮੀ ਵਿੱਚੋਂ ਪਾਸ ਆਊਟ ਕਰਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛੱਤੀਸਗੜ੍ਹ, ਰਾਏਪੁਰ, ਉੜੀਸਾ, ਉਤਰ ਪ੍ਰਦੇਸ, ਪਟਿਆਲਾ ਦੁੱਖ-ਨਿਵਾਰਨ ਸਾਹਿਬ ਆਦਿ ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਆਪ ਜੀ ਨੇ ਕੀਰਤਨ ਦੀ ਲਗਾਈ ਗਈ ਡਿਊਟੀ ਬਹੁਤ ਸੇਵਾ ਭਾਵ ਨਾਲ ਨਿਭਾਈ। ਉਪਰੰਤ ਦੋਰਾਹਾ ਵਿਖੇ ਕੇਂਦਰੀ ਗੁਰਦੁਆਰਾ ਸਿੰਘ ਸਭਾ ਵਿਖੇ 2014 ਤੱਕ ਕੀਰਤਨ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਰਾਗ ਦਰਬਾਰਾਂ ਵਿੱਚ ਅਦੁੱਤੀ ਸੰਗੀਤ ਸੰਮੇਲਨ ਜਵੱਦੀ ਟਕਸਾਲ, ਸਿੱਖ ਪੰਥ ਦੇ ਤੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮਹਾਨ ਰਾਗੀ ਜਿਨ੍ਹਾਂ ਵਿੱਚ ਭਾਈ ਜਸਪਿੰਦਰ ਸਿੰਘ ਜੀ ਹਜ਼ੂਰੀ ਰਾਗੀ, ਭਾਈ ਹਰਪਿੰਦਰ ਸਿੰਘ ਜੀ ਹਜ਼ੂਰੀ ਰਾਗੀ, ਡਾ. ਗੁਰਿੰਦਰ ਸਿੰਘ ਜੀ ਬਟਾਲੇ ਵਾਲੇ, ਭਾਈ ਸਰਬਜੀਤ ਸਿੰਘ ਲਾਡੀ ਹਜ਼ੂਰੀ ਰਾਗੀ, ਭਾਈ ਰਣਧੀਰ ਸਿੰਘ ਜੀ ਹਜ਼ੂਰੀ ਰਾਗੀ ਤੇ ਹੋਰ ਵੀ ਰਾਗੀ ਸਿੰਘਾਂ ਨਾਲ ਤੰਤੀ ਸਾਜ ਰਬਾਬ ਨਾਲ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਜਵੱਦੀ ਟਕਸਾਲ ਵੱਲੋਂ 62 ਰਾਗਾਂ 'ਤੇ ਆਧਾਰਿਤ ਰਾਗ ਨਾਦ ਸ਼ਬਦ ਸੋਹਣੇ ਦੇ ਪ੍ਰੋਜੈਕਟ ਵਿੱਚ ਤੰਤੀ ਸਾਜ ਰਬਾਬ ਦੁਆਰਾ ਸੇਵਾ ਨਿਭਾਈ। ਦਸੰਬਰ 2013 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਲਿਆ ਗਿਆ ਟੈਸਟ ਪਾਸ ਕਰਕੇ 5 ਜਨਵਰੀ 2014 ਨੂੰ ਮਨਜਿੰਦਰ ਸਿੰਘ ਜੀ ਦੀ ਡਿਊਟੀ ਭਾਈ ਇੰਦਰਜੀਤ ਸਿੰਘ ਜੀ ਦੇ ਜਥੇ ਸਮੇਤ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਲਗਾ ਦਿੱਤੀ ਗਈ। ਫਿਰ, ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਸਾਰ ਦੇ ਲਈ 2012 ਵਿੱਚ ਸੰਗਤ ਦੀ ਮੰਗ ਦੇ ਅਧਾਰ 'ਤੇ ਭਾਈ ਸਾਹਿਬ ਜੀ ਨੂੰ ਆਪਣੇ ਜਥੇ ਸਮੇਤ ਮਲੇਸ਼ੀਆ, 2019 ਵਿੱਚ ਮਲੇਸ਼ੀਆ ਤੇ ਕਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਕੀਰਤਨ ਕਰਦੇ ਹੋਇਆਂ ਵਿਦੇਸ਼ ਦੀਆਂ ਸੰਗਤਾਂ ਤੋਂ ਅਥਾਹ ਪ੍ਰੇਮ- ਪਿਆਰ ਤੇ ਬਹੁਤ ਸਾਰੇ ਮਾਨ-ਸਨਮਾਨ ਮਿਲੇ। ਭਾਈ ਮਨਜਿੰਦਰ ਸਿੰਘ ਜੀ ਦੇ ਗੁਰਬਾਣੀ ਦੇ ਰਿਕਾਰਡ ਹੋਏ ਸ਼ਬਦ, 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ', 'ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ', 'ਬੰਦੇ ਖੋਜੁ ਦਿਲ ਹਰਿ ਰੋਜ', 'ਧੰਨ ਨਾਨਕ ਤੇਰੀ ਵੱਡੀ ਕਮਾਈ', 'ਗੁਰ ਰਾਮਦਾਸ ਰਾਖਹੁ ਸਰਣਾਈ' ਤੇ ਹੋਰ ਵੀ ਕਈ ਸ਼ਬਦ ਚੀਮਾ ਫਿਲਮ ਸਟੂੱਡੀਓ ਵੱਲੋਂ ਰਿਲੀਜ ਕੀਤੇ ਗਏ ਹਨ। ਜਿਨ੍ਹਾਂ ਵਿੱਚ ਸਾਥੀ ਸਹਾਇਕ ਰਾਗੀ ਵਜੋਂ ਭਾਈ ਕਰਨਜੀਤ ਸਿੰਘ ਤੇ ਤਬਲਾ ਵਾਦਕ ਵਜੋਂ ਭਾਈ ਤਵਿੰਦਰ ਸਿੰਘ ਜੀ ਨੇ ਉਨ੍ਹਾਂ ਦਾ ਸਾਥ ਦਿੱਤਾ। ਆਉਣ ਵਾਲੇ ਸਮੇ ਵਿੱਚ ਅੱਗੇ ਹੋਰ ਸ਼ਬਦ ਵੀ ਰੀਲੀਜ ਕੀਤੇ ਜਾ ਰਹੇ ਹਨ। ਅੱਜ-ਕੱਲ੍ਹ ਗੁਰਦੁਆਰਾ ਨਾਢਾ ਸਾਹਿਬ ਵਿਖੇ ਹੈੱਡ ਰਾਗੀ ਵਜੋਂ ਡਿਊਟੀ ਨਿਭਾਅ ਰਹੇ ਭਾਈ ਮਨਜਿੰਦਰ ਸਿੰਘ ਜੀ ਹੁਣ ਵੀ ਸਮੇਂ ਸਮੇਂ 'ਤੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੇ ਰਾਗ ਦਰਬਾਰਾਂ ਵਿੱਚ ਤੰਤੀ ਸਾਜ ਰਬਾਬ ਰਾਹੀਂ ਹਾਜ਼ਰੀਆਂ ਭਰ ਰਹੇ ਹਨ। ਆਪਣੇ ਇਸ ਖੇਤਰ ਵਿੱਚ ਅੱਗੇ ਵਧਣ ਲਈ ਉਹ ਆਪਣੇ ਮਾਤਾ ਪਿਤਾ ਤੋਂ ਇਲਾਵਾ ਦਾਦਾ ਸਵ: ਸ ਦਲੀਪ ਸਿੰਘ ਜੀ (ਫਰੀਡਮ ਫਾਈਟਰ, ਜੋ ਕਿ 1947 ਦੀ ਵੰਡ ਤੋਂ ਬਾਅਦ ਲਾਹੌਰ ਤੋਂ ਆ ਕੇ ਪਟਿਆਲੇ ਵਸੇ ਸਨ), ਭਾਈ ਜਸਪਿੰਦਰ ਸਿੰਘ ਜੀ ਹਜ਼ੂਰੀ ਰਾਗੀ, ਭਾਈ ਮੱਖਣ ਸਿੰਘ ਜੀ ਚੰਡੀਗੜ੍ਹ ਵਾਲੇ ਤੇ ਸ ਗੁਰਸੇਵਕ ਸਿੰਘ ਯੂ ਕੇ ਹੁਰਾਂ ਦਾ ਬਹੁਤ ਵੱਡਾ ਯੋਗਦਾਨ ਮੰਨਦੇ ਹਨ। ਭਾਈ ਮਨਜਿੰਦਰ ਸਿੰਘ ਰਬਾਬੀ ਰੂਪੀ ਕਲ ਕਲ ਵਗਦੇ ਠਾਠਾਂ ਮਾਰਦੇ ਇਸ ਦਰਿਆ ਦੀਆਂ ਸੰਗੀਤਕ ਛੱਲਾਂ ਇਵੇਂ ਹੀ ਨਿਰੰਤਰ ਵਗਦੀਆਂ ਵਿਸ਼ਵ ਭਰ ਦੀਆਂ ਸੰਗਤਾਂ ਦੇ ਹਿਰਦੇ ਸ਼ਾਂਤ ਕਰਦੀਆਂ, ਗੁਰਬਾਣੀ ਦਾ ਪ੍ਰਸਾਰ-ਪ੍ਰਚਾਰ ਕਰਦੀਆਂ ਦੁਆਵਾਂ ਖੱਟਦੀਆਂ ਰਹਿਣ! ਆਮੀਨ !



ਪ੍ਰੀਤਮ ਲੁਧਿਆਣਵੀ
9876428641

# ਗੁਰੂ ਰਵਿਦਾਸ ਜੀ ਦਾ ਬੇਗ਼ਮਪੁਰਾ ਕਲਿਆਣਕਾਰੀ ਰਾਜ ਤੇ ਸਮਾਜ

ਬੇਗ਼ਮਪੁਰਾ (ਬੇ+ਗ਼ਮ+ਪੁਰਾ) ਇੱਕ ਗਿਆਨ ਅਵਸਥਾ ਅਤੇ ਸਮਾਜ ਵਿਵਸਥਾ ਹੈ ਜਿਸ ਵਿੱਚ ਗ਼ਮ (ਚਿੰਤਾ) ਦਾ ਅਭਾਵ ਹੈ। ਗਿਆਨ ਪ੍ਰਾਪਤ ਕਰਨ ਲਈ ਕਿਸੇ ਗੈਬੀ ਸ਼ਕਤੀ, ਜਾਦੂ ਟੂਣਾ, ਪਾਠ ਪੂਜਾ, ਪ੍ਰਾਰਥਨਾ ਜਾਂ ਭਗਤੀ ਦੀ ਜਰੂਰਤ ਨਹੀਂ, ਬਲਕਿ ਮਨੁੱਖੀ ਕਿਰਿਆ ਜਾਂ ਸੂਝ ਬੂਝ ਦੀ ਜਰੂਰਤ ਹੈ। ਜਦ ਤੱਕ ਮਨੁੱਖ ਨੂੰ ਅੰਦਰੂਨੀ ਆਪਣੀ ਮਨ ਦੀ ਅਵਸਥਾ ਅਤੇ ਬਾਹਰੀ ਸਮਾਜ ਵਿਵਸਥਾ ਦਾ ਪੂਰਨ ਪਤਾ ਨਹੀਂ ਚਲ ਜਾਂਦਾ ਤਦ ਤਕ ਉਹ ਬੇਗ਼ਮ ( ਗਿਆਨ ਅਵਸਥਾ ) ਨੂੰ ਪ੍ਰਾਪਤ ਨਹੀ ਹੋ ਸਕਦਾ।

ਪੁਰਾ ਤੋਂ ਭਾਵ ਪਿੰਡ, ਨਗਰ, ਸ਼ਹਿਰ, ਦੇਸ਼, ਦੁਨੀਆ ਜਾਂ ਸਮਾਜ ਤੋਂ ਹੈ। ਸੰਤ ਗੁਰੂ ਰਵਿਦਾਸ ਜੀ ਦਾ, 'ਬੇਗ਼ਮਪੁਰਾ ਸ਼ਹਿਰ ਕੋ ਨਾਉਂ॥ਦੂਖੁ ਅੰਦੋਹ ਨਹੀ ਤਿਹਿ ਠਾਉ'। ਬੇਗ਼ਮਪੁਰਾ ਦੀ ਬਾਹਰੀ ਵਿਵਸਥਾ ਹੈ। ਬੇਗ਼ਮਪੁਰਾ ਦੀ ਰਾਜ ਤੇ ਸਮਾਜ ਵਿਵਸਥਾ ਨਾਬਰਾਬਰਤਾ ਉਤੇ ਖੜੀ ਗੈਰਮਾਨਵੀ ਵਰਣ ਵਿਵਸਥਾ (ਜਾਤ ਪਾਤ ਤੇ ਮਜ਼ਹਬ) ਦੀ ਬਨਿਸਬਤ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਅਧਾਰਤ ਕਲਿਆਣਕਾਰੀ ਲੋਕ ਰਾਜੀ (ਵੈਲਫੇਅਰ ਸਟੇਟ) ਵਿਵਸਥਾ ਹੈ। ਇਸ ਸਮਾਜ ਵਿਵਸਥਾ ਵਿਚ ਸਭ ਮਨੁੱਖਾਂ ਲਈ ਇੱਕ ਸਮਾਨ ਰੋਟੀ, ਕੱਪੜਾ, ਮਕਾਨ ਤੇ ਸਮਾਜਿਕ ਸੁਰੱਖਿਆ ਦੀ ਵਿਵਸਥਾ ਹੈ। ਜਿਸ ਵਿਚ ਕਿਸੇ ਨੂੰ ਵੀ ਕੋਈ ਚਿੰਤਾ, ਦੁੱਖ ਨਹੀਂ ਹੋਵੇਗਾ। ਹਰ ਮਨੁੱਖ ਮਾਨਸਿਕ ਤੌਰ 'ਤੇ ਅਜ਼ਾਦ ਹੋਵੇਗਾ। ਕੋਈ ਟੈਕਸ-ਦੰਡ, ਡਰ-ਘਬਰਾਹਟ, ਲੜਾਈ-ਝਗੜਾ ਕਲੇਸ਼ ਨਹੀਂ ਹੋਵੇਗਾ। ਕੋਈ ਮਾਲਕ-ਗੁਲਾਮ, ਉਚ-ਨੀਚ, ਜਾਤ-ਪਾਤ, ਅਮੀਰ-ਗਰੀਬ, ਜਿਮੀਂਦਾਰ-ਮਜ਼ਦੂਰ, ਤਕੜਾ ਮਾੜਾ ਨਹੀ ਹੋਵੇਗਾ। ਕੋਈ ਕਿਸੇ ਦੀ ਨਿਜ਼ੀ ਜਾਇਦਾਦ ਨਹੀਂ, ਸਭ ਦਾ ਰੁਤਬਾ ਸਮਾਨ ਹੋਵੇਗਾ। ਸਭ ਜਿੱਥੇ ਵੀ ਚਾਹੁਣ, ਘੁੰਮਣ ਲਈ ਅਜ਼ਾਦ ਹੋਣਗੇ। ਰਾਜਾ-ਪਰਜਾ, ਸਭ ਆਪਣੇ ਕਰਤੱਵ-ਅਧਿਕਾਰ ਜਾਣਦੇ ਹੋਣਗੇ ਅਤੇ ਸਭ ਪਾਸੇ ਸਮਇਕ ਸਮਾਨਤਾ ਹੋਵੇਗੀ। ਭਾਵ ਬੇਗ਼ਮਪੁਰਾ ਦੀ ਸਿਰਜਨਾ ਹੋਵੇਗੀ।

ਸੰਪੂਰਨ ਬੇਗ਼ਮਪੁਰਾ ਕੀ ਹੈ? ਸੰਪੂਰਨ ਬੇਗ਼ਮਪੁਰਾ ਅਸਲ ਅਜਾਦੀ ਦਾ ਇਕ ਫ਼ਲਸਫਾ ਹੈ। ਜਿਸ ਤਰਾਂ ਪ੍ਰੋਹਿਤਵਾਦ, ਬ੍ਰਾਹਮਣਵਾਦ, ਬੁੱਧਵਾਦ, ਤਾਓਵਾਦ, ਇਸਾਈਵਾਦ, ਇਸਲਾਮਵਾਦ, ਹਿੰਦੂਵਾਦ, ਸਿੱਖਵਾਦ, ਪੂੰਜੀਵਾਦ, ਗਾਂਧੀਵਾਦ, ਮਾਰਕਸਵਾਦ, ਅੰਬੇਡਕਰਵਾਦ, ਮਾਓਵਾਦ, ਵਿਆਕਤੀਵਾਦ ਆਦਿ ਸਭ ਫਲਸਫੇ ਹਨ। ਇਸੇ ਤਰਾਂ ਸਰਿਸ਼ਟੀ, ਸੰਸਾਰ, ਵਿਅਕਤੀ ਦੇ ਮਨ ਦੀ ਅਵਸਥਾ ਅਤੇ ਸਮਾਜ ਦੀ ਵਿਵਸਥਾ ਨੂੰ ਸਮਝ ਕੇ ਬਦਲਣ ਦਾ ਬੇਗ਼ਮਪੁਰਾ ਵੀ ਇੱਕ ਫਲਸਫਾ ਹੈ।

ਬੇਗ਼ਮਪੁਰਾ ਤੇ ਬਾਕੀ ਫਲਸਫ਼ਿਆ ਚ ਮੁੱਖ ਫਰਕ ਇਹੀ ਹੈ ਕਿ ਗੁਰੂ ਰਵਿਦਾਸ ਜੀ ਨੇ ਬੇਗ਼ਮਪੁਰਾ ਦੀ ਸਥਾਪਨਾ ਲਈ ਖੁਦ ਮਨੁੱਖ ਨੂੰ ਹੀ ਮੁੱਦਾ ਬਣਾਇਆ ਹੈ। ਬੇਗ਼ਮਪੁਰੇ ਦਾ ਫਲਸਫਾ ਅੰਧਵਿਸ਼ਵਾਸ਼ ਉਤੇ ਯੋਜਨਾਂਬੰਦ ਹਮਲਾ ਕਰਦਾ ਹੈ। ਗੁਰੂ ਰਵਿਦਾਸ ਜੀ ਜੀ ਕਹਿੰਦੇ-

ਇਹ ਯੱਗ ਦੁੱਖ ਕੀ ਖੇਤਰੀ, ਇਹ ਜਾਨਤ ਸਭ ਕੋਇ।<br>
ਗਿਆਨੀ ਕਾਟੇਹਿ ਗਿਆਨ ਸੇ, ਮੂਰਖ ਕਾਟੇਹਿ ਰੋਇ।

ਜਨਮ ਤੋਂ ਲੈ ਕੇ ਮਰਨ ਤੱਕ ਸਮੁੱਚਾ ਸੰਸਾਰ ਦੁੱਖਾਂ ਨਾਲ ਪਰੁੱਨਿਆ ਪਿਆ ਹੈ। ਜਿੱਧਰ ਵੀ ਨਜ਼ਰ ਮਾਰੋ ਦੁੱਖ ਹੀ ਦੁੱਖ ਦਿਖਾਈ ਦਿੰਦਾ ਹੈ। ਕਿਸੇ ਨੂੰ ਆਪਣੇ ਸ਼ਰੀਰ ਦਾ ਦੁੱਖ ਹੈ, ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ, ਕਿਸੇ ਨੂੰ ਪਿਓ ਦਾ, ਕਿਸੇ ਨੂੰ ਭਰਾ ਦਾ, ਕਿਸੇ ਨੂੰ ਸਬੰਧੀ ਦਾ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸੰਪਤੀ ਦਾ, ਕਿਸੇ ਨੂੰ ਸਨਮਾਨ ਦਾ, ਕਿਸੇ ਨੂੰ ਉੱਚ ਪਦਵੀ ਦਾ, ਸ਼ੋਸ਼ਿਕ ਨੂੰ ਮੁਨਾਫੇ ਦਾ, ਸ਼ੋਸ਼ਿਤ ਨੂੰ ਸ਼ੋਸ਼ਣ ਦਾ ਦੁੱਖ ਹੈ। ਕਿਸੇ ਨੂੰ ਪਿਆਰੇ ਮਿੱਤਰ ਦਾ ਨਾ ਮਿਲਣਾ ਦੁੱਖ ਹੈ। ਕਿਸੇ ਨੂੰ ਦੁੱਖਿਆਰੇ ਅਮਿੱਤਰ ਦਾ ਆ ਮਿਲਣਾ ਦੁੱਖ ਹੈ। ਹਰ ਪਾਸੇ ਦੁੱਖ ਹੀ ਦੁੱਖ ਹੈ। ਇਸ ਦੁਨੀਆਂ ਵਿੱਚ ਕੋਈ ਵੀ ਮਨੁੱਖ ਦੁੱਖ ਦੀ ਲਪੇਟ ਤੋਂ ਬਚ ਨਹੀਂ ਸਕਿਆ।

ਗੁਰੂ ਜੀ ਕਹਿੰਦੇ ਇਹ ਹਰ ਕੋਈ ਜਾਣਦਾ ਹੈ ਕਿ ਸਮੁੱਚਾ ਸੰਸਾਰ ਦੁੱਖੀ ਹੈ। ਦੁੱਖੀ ਕਿਉਂ ਹੈ? ਇਹ ਸਭ ਨਹੀਂ ਜਾਣਦੇ। ਦੁੱਖਾਂ ਦਾ ਕੋਈ ਕਾਰਣ ਹੈ। ਗੁਰੂ ਜੀ ਕਹਿੰਦੇ, ਸਾਰੇ ਦੁੱਖਾਂ ਦਾ ਮੋਢੀ ਮਨੁੱਖ ਆਪ ਹੈ। ਸੋ ਵਿਚੋ 75 ਪ੍ਰਤੀਸ਼ਤ ਦੁੱਖ ਮਨੁੱਖ ਖੁੱਦ ਆਪਣੇ ਹੀ ਦੁਰਾਚਾਰ ਕਾਰਨ ਅਤੇ ਬਾਕੀ 25 ਪ੍ਰੀਸ਼ਤ ਦੁੱਖ ਅਸਮਾਨਤਾ (ਗਰੀਬੀ-ਅਮੀਰੀ) ਭਾਵ ਇਕ ਮਨੱਖ ਦੂਜੇ ਮਨੁੱਖ ਦਾ ਸ਼ੋਸ਼ਣ ਕਰਕੇ ਪੈਦਾ ਕਰਦਾ ਹੈ? ਮਨੁੱਖ ਦੁੱਖ ਕਿਵੇਂ ਪੈਦਾ ਕਰਦਾ ਹੈ?

ਮਨੁੱਖ ਦੁੱਖ ਦੋ ਤਰਾਂ ਪੈਦਾ ਕਰਦਾ ਹੈ। ਪਹਿਲਾ ਦੁੱਖ ਦਾ ਕਾਰਨ ਅਵਿਦਿਆ (ਅਗਿਆਨਤਾ) ਹੈ। ਅਗਿਆਨਤਾ ਕਾਰਨ ਮਨੁੱਖ ਆਪਣੇ ਮਨ ਦਾ ਗੁਲਾਮ (ਬਿਬੇਕ ਦੀਪ ਮਲੀਨ) ਹੋ ਜਾਂਦਾ ਹੈ। ਗੁਲਾਮੀ ਦੋ ਤਰ੍ਹਾਂ ਦੀ ਹੁੰਦੀ ਹੈ। ਪਹਿਲੀ ਅੰਦਰੂਨੀ ਅਤੇ ਦੂਜੀ ਬਾਹਰੀ ਗੁਲਾਮੀ ਹੈ। ਅੰਦਰੂਨੀ ਗੁਲਾਮੀ ਦਾ ਕਾਰਣ ਮਨ, ਇੱਛਾ ਅਤੇ ਕਰਮ ਹੈ। ਇਹਨਾਂ ਵਿਕਾਰਾਂ ਕਾਰਣ ਹੀ ਮਨੁੱਖ ਸੁਆਦਾਂ ਵਿੱਚ ਬੁਰੀ ਤਰ੍ਹਾਂ ਮਸਤ ਹੋ ਜਾਂਦਾ ਹੈ। ਇਹ ਮਨ ਹੀ ਹੈ ਜੋ ਸਭ ਕਿਰਆਵਾ ਦਾ ਕੇਂਦਰ ਬਿੰਦੂ ਹੈ। ਮਨ ਹੀ ਸਭ ਕਲਪ ਵਿਕਲਪ ਦਾ ਮੋਢੀ ਹੈ। ਗੁਰੂ ਰਵਿਦਾਸ ਜੀ ਕਹਿੰਦੇ,

ਬਿਨ ਦੇਖੇ ਉਪਜੈ ਨਹੀਂ ਆਸਾ॥<br>
ਜੋ ਦੀਸੇ ਸੋ ਹੋਇ ਬਿਨਾਸਾ॥<br>
ਫਲ ਕਾਰਨ ਫੂਲੀ ਬਨਰਾਯ॥<br>
ਫਲੁ ਲਾਗਾ ਤਬ ਫੂਲ ਬਿਲਾਇ॥<br>
ਗਿਆਨ ਕਾਰਨ ਕਰਮ ਕਰਾਯਿ,<br>
ਉਪਜੈ ਗਿਆਨ ਤੋਂ ਕਰਮਹ ਨਾਸ॥<br>
ਸਹਜ ਸੁੰਨ ਮੇ ਭਾਠੀ ਸਰਵੈ,<br>
ਪੀਵੈ ਰੈਦਾਸ ਗੁਰੂਮੁਖ ਦਰਵੈ।<br>
ਬਟ ਕਾ ਬੀਜ ਜੈਸਾ ਅਕਾਰ,<br>
ਪਸਰਯੋ ਤੀਨ ਲੋਕ ਪਸਾਰਾ।<br>
ਜਹਾਂ ਉਪਜਿਆ ਤਹਾਂ ਸਮਾਇ॥<br>
ਸਹਿਜਸੁੰਨ ਮੇ ਰਹੋ ਲੁਕਾਇ॥ 2 3 4

ਜੋ ਚੀਜ ਦਿੱਖਦੀ ਨਹੀ, ਉਸ 'ਤੇ ਵਿਸ਼ਵਾਸ ਨਹੀ ਕੀਤਾ ਜਾ ਸਕਦਾ ਅਤੇ ਜੋ ਦਿੱਖਦੀ ਹੈ ਉਹ ਖਤਮ ਜਰੂਰ ਹੋਵੇਗੀ। ਹਰ ਘਟਨਾ ਦਾ ਕੋਈ ਕਾਰਨ ਹੈ ਅਤੇ ਉਹ ਘਟਨਾ ਅਗੇਰੀ ਘਟਨਾ ਦਾ ਕਾਰਣ ਬਣਦੀ ਹੈ। ਇਹ ਸਾਰਾ ਬ੍ਰਹਿਮੰਡ ਸਹਿਜਸੁੰਨ (ਕਾਰਨ-ਕਾਰਜ) ਦੇ ਸਿਧਾਂਤ ਤਹਿਤ ਚਲਦਾ ਹੈ। ਜਿਵੇਂ ਬੀਜ ਕਾਰਨ ਇਹ ਸਾਰੀ ਬਨਸਪਤੀ ਪੈਦਾ ਹੁੰਦੀ ਹੈ। ਬੀਜ ਤੋਂ ਬੂਟਾ ਪੈਦਾ ਹੁੰਦਾ ਹੈ, ਫਿਰ ਬੂਟੇ ਨੂੰ ਫੁਲ ਲਗਦੇ ਹਨ, ਫੁਲਾਂ ਤੋ ਫਲ ਤੇ ਫਲ ਤੋਂ ਬੀਜ਼ ਬਣ ਜਾਂਦੇ ਹਨ, ਤਦ ਬੂਟਾ ਖਤਮ ਹੋ ਜਾਂਦਾ ਹੈ। ਹਰ ਚੀਜ ਬ੍ਰਹਿਮੰਡ ਚੋਂ ਪੈਦਾ ਹੁੰਦੀ ਹੈ ਅਤੇ ਅੰਤ ਉਸੇ ਵਿਚ ਹੀ ਸਮਾ ਜਾਂਦੀ ਹੈ।

ਬ੍ਰਹਿਮੰਡ ਦਾ ਅਕਾਰ ਬਟ (ਬੋਹੜ) ਦੇ ਬੀਜ ਜੈਸਾ ਗੋਲ ਹੈ। ਤਿੰਨੋ ਸਮੁੰਦਰ, ਧਰਤੀ ਅਤੇ ਅਕਾਸ਼ ਬ੍ਰਹਿਮੰਡ (ਸਰਿਸ਼ਟੀ) ਦੇ ਹੀ ਅੰਗ ਹਨ। ਅਸੀਂ ਗਿਆਨ ਇੰਦਰੀਆ ਰਾਂਹੀ, ਪ੍ਰਤੱਖ ਜਾਂ ਅਨੁਮਾਨ ਲਗਾ ਕੇ ਇਹਨਾਂ ਸਭ ਨੂੰ ਜਾਣ ਸਕਦੇ ਹਾਂ। ਸਰਿਸ਼ਟੀ ਵਿੱਚ ਇਹ ਸਭ ਕੁੱਝ ਇਸੇ ਕਾਰਨ-ਕਾਰਜ (ਸਹਿਜ-ਸੁੰਨ) ਦੇ ਸਿਧਾਂਤ ਤਹਿਤ ਹੀ ਵਾਪਰਦਾ ਹੈ। "ਸਹਿਜਸੁੰਨ ਗਿਆਨ ਅਵਸਥਾ ਹੈ। ਬੇਗ਼ਮਪੁਰਾ ਫਲਸਫੇ ਦੀ ਇਹ ਖਾਸੀਅਤ ਹੈ ਕਿ ਇਹ ਸਮੇਂ ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਮਨੁੱਖ ਨੂੰ ਆਪਣਾ ਮਾਰਗ ਆਪ (ਸੋਹੰ) ਲੱਭਣ ਦੇ ਰਾਹ ਪਾਉਂਦਾ❁।

ਗੁਰੂ ਰਵਿਦਾਸ ਜੀ ਅਨੁਸਾਰ ਬੇਗ਼ਮਪੁਰਾ ਪ੍ਰਾਪਤੀ ਦੇ ਦੋ ਮਾਰਗ ਹਨ। ਪਹਿਲਾਂ ਗਿਆਨ ਅਵਸਥਾ ਹੈ ਅਤੇ ਦੂਜਾ ਸਮਾਜ ਵਿਵਸਥਾ ਹੈ। ਪਹਿਲੀ ਗਿਆਨ ਅਵਸਥਾ ਨਿੰਜੀ ਹੈ ਅਤੇ ਦੂਜਾ ਸਮਾਜ ਵਿਵਸਥਾ ਸਮੂਹਿਕ ਹੈ। ਗੁਰੂ ਜੀ ਕਹਿੰਦੇ ਸਾਰੇ ਮਨੁੱਖ ਦੁੱਖੀ ਹਨ, ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਦੁੱਖਾਂ ਨਾਲ ਪਰੂਨਿਆ ਪਿਆ ਹੈ। ਕਿਸੇ ਪਾਸੇ ਵੀ ਨਜ਼ਰ ਮਾਰੋ ਦੁੱਖ ਹੀ ਦੁੱਖ ਦਿਖਾਈ ਦਿੰਦਾ ਹੈ। ਗੱਲ ਕੀ ਇਸ ਦੁਨੀਆਂ ਵਿੱਚ ਕੋਈ ਵੀ ਮਨੁੱਖ ਦੁੱਖ ਦੀ ਲਪੇਟ ਤੋਂ ਬਚ ਨਹੀਂ ਸਕਿਆ। ਉਨ੍ਹਾਂ ਦੱਸਿਆ ਕਿ ਸਾਰੇ ਦੁੱਖਾਂ ਦਾ ਮੋਢੀ ਮਨੁੱਖ ਆਪ ਹੈ। ਮਨੁੱਖ ਦੁੱਖ ਕਿਵੇਂ ਪੈਦਾ ਕਰਦਾ ਹੈ? ਗੁਰੂ ਜੀ ਕਹਿੰਦੇ ;

ਮਾਧੋ! ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ॥ ੧॥<br>
ਅੰਤਰ ਮਨ ਜਾਂਚੈ ਨਹੀਂ, ਬਾਹਰ ਕਰੈ ਉਜਾਸ।<br>
ਤੇ ਨਰ ਜਮਪੁਰ ਜਾਹਿਗੇ, ਸਤ ਭਾਖੇ ਰਵਿਦਾਸ। 5

ਮਨੁੱਖ ਦੁੱਖ ਦੋ ਤਰਾਂ ਪੈਦਾ ਕਰਦਾ ਹੈ। ਪਹਿਲਾ ਦੁੱਖ ਦਾ ਕਾਰਨ ਅਵਿਦਿਆ (ਅਗਿਆਨਤਾ) ਹੈ। ਅਗਿਆਨਤਾ ਕਾਰਨ ਮਨੁੱਖ ਆਪਣੇ ਮਨ ਦਾ ਗੁਲਾਮ (ਬਿਬੇਕ ਦੀਪ ਮਲੀਨ) ਹੋ ਜਾਂਦਾ ਹੈ। ਇਹ ਮਨ ਹੀ ਹੈ ਜੋ ਸਭ ਕਿਰਆਵਾ ਦਾ ਕੇਂਦਰ ਬਿੰਦੂ ਹੈ। ਮਨ ਹੀ ਸਭ ਕਲਪ ਵਿਕਲਪ ਦਾ ਮੋਢੀ ਹੈ।

ਮਨ ਦੇ ਗੁਲਾਮ ਮਨੁੱਖ ਦੀ ਇੱਛਾ ਭਟਕਦੀ ਹੈ। ਭਟਕਿਆ ਮਨੁੱਖ ਚਾਹੁੰਦਾ ਹੈ ਕਿ ਸਾਰੇ ਸੰਸਾਰ ਦੇ ਸੁੱਖ ਉਸ ਨੂੰ ਹੀ ਮਿਲਣ। ਸਾਰੀ ਧੰਨ ਦੌਲਤ ਉਸ ਪਾਸ ਆ ਜਾਵੇ। ਸਾਰੇ ਸਨਮਾਨ ਉਸ ਨੂੰ ਮਿਲਣ। ਸਾਰੇ ਸੁਆਦੀ ਖਾਣੇ ਉਹ ਹੀ ਖਾਵੇ। ਉਹ ਅੱਛੀ ਤੋਂ ਅੱਛੀ ਪੁਸ਼ਾਕ ਪਹਿਨੇ। ਸਾਰੀਆਂ ਸੁਗੰਧਾਂ ਦਾ ਅਨੰਦ ਉਹ ਹੀ ਮਾਣੇ। ਉਹ ਉੱਚੇ ਤੋਂ ਉੱਚੇ ਰੁਤਵੇ ਮਾਣੇ। ਸਭ ਥਾਂ ਉਸ ਦਾ ਹੀ ਬੋਲ ਬਾਲਾ ਹੋਵੇ।

ਭਟਕੇ ਮਨੁੱਖ ਦੀ ਜਦ ਦਸਾਂ ਨੌਹਾਂ ਦੀ ਕੀਤੀ ਕਿਰਤ ਨਾਲ ਇੱਛਾ ਪੂਰੀ ਨਹੀਂ ਹੁੰਦੀ ਤਾਂ ਉਹ ਇੱਛਾ ਦੀ ਪੂਰਤੀ ਲਈ। ਦੂਜੇ ਮਨੁੱਖ ਦਾ ਸ਼ੋਸ਼ਣ ਕਰਕੇ ਦੁੱਖ ਪੈਦਾ ਕਰਦਾ ਹੈ? ਉਹ ਧੰਨ ਦੌਲਤ ਇਕੱਠੀ ਕਰਨ ਲਈ ਝੂਠ ਬੋਲਦਾ ਹੈ। ਚੋਰੀ ਕਰਦਾ ਹੈ। ਨਸ਼ੇ ਕਰਦਾ ਹੈ। ਨਸ਼ਿਆਂ 'ਚ ਧੁੱਤ ਪ੍ਰਾਣੀ ਪਰਾਈ ਔਰਤ ਵੱਲ੍ਹ ਝਾਕਦਾ ਹੈ। ਨਸ਼ੇ ਅਤੇ ਕਾਮ 'ਚ ਅੰਨਾ ਮਨੁੱਖ ਕਈ ਵਾਰ ਹਿੰਸਾ ਕਰਦਾ ਹੈ। ਇੱਛਾ ਪੂਰਤੀ ਲਈ ਉਹ ਦੂਜੇ ਮਨੁੱਖ ਦਾ ਸ਼ੋਸ਼ਣ ਕਰਦਾ ਹੈ, ਉਸ ਦਾ ਹੱਕ ਮਾਰਦਾ ਹੈ ਤਾਂ ਦੁੱਖ ਪੈਦਾ ਹੁੰਦਾ ਹੈ। ਇਸ ਤਰਾਂ ਮਨੁੱਖ ਆਪ ਵੀ ਦੁਖੀ ਹੁੰਦਾ ਹੈ ਤੇ ਸਮਾਜ ਨੂੰ ਵੀ ਦੁਖੀ ਕਰਦਾ ਹੈ। ਗੁਰੂ ਜੀ ਕਹਿੰਦੇ ਹਨ,

ਭਾਈ ਸੰਗਤੋ! ਬੇਗਮ ਦੇਸ਼ ਬਸਾਓ।<br>
ਬੇਗਮਪੁਰ ਮੇਂ ਬਾਸ ਹਮਾਰਾ, ਏਸਾ ਹੀ ਦੇਸ਼ ਬਣਾਓ।<br>
ਰਵਿਦਾਸ ਜੋ ਹੈ ਬੇਗਮਪੁਰਾ, ਉੱਥੇ ਪੂਰਾ ਸੁੱਖ ਧਾਮ।<br>
ਦੁੱਖ ਅੰਦੋਹ ਤੇ ਭੇਦ ਭਾਵ, ਨਾਹਿ ਵਸੈ ਤਿਸ ਠਾਵ॥ 6<br>
ਰਾਜ ਅਤੇ ਮਨ ਕਰ ਵਸ ਆਪਣੇ, ਸੁੱਖ ਘਰ ਹੈ ਦੋਈ ਠਾਵ।<br>
ਰਵਿਦਾਸ ਇੱਕ ਸੁੱਖ ਹੈ ਸਵੈਰਾਜ ਵਿੱਚ, ਦੂਜਾ ਹੈ ਨਿਰਬਾਣ॥<br>
'ਸੋਹੰ' 7

'ਸੋਹੰ! ਤੋਂ ਗੁਰੂ ਜੀ ਦਾ ਭਾਵ ਹੈ ਆਪਾ ਪਹਿਚਾਨਣਾ-ਭਾਵ ਆਪਣੇ ਆਪ ਨੂੰ ਜਾਨਣਾ। ਗੁਰੂ ਜੀ ਕਹਿੰਦੇ, "ਹੇ ਮਨੁੱਖ। ਤੂੰ ਕਿਸੇ ਪਿੱਛੇ ਭੱਜਣ ਦੀ ਬਨਿਸਬਤ ਆਪਣੇ ਆਪ ਨੂੰ ਜਾਣ ਕਿ ਤੂੰ ਕੀ ਹੈ। ਤੂੰ ਸਵੇਰ ਤੋਂ ਸ਼ਾਮ ਤਕ, ਜਨਮ ਤੋਂ ਮੌਤ ਤਕ, ਕੀ ਚੰਗਾ ਕਰਦਾ ਹੈ ਤੇ ਕੀ ਬੁਰਾ ਕਰਦਾ ਹੈ? ਕਿਉਂਕਿ ਜੇ ਮਨੁੱਖ ਚੰਗਾ ਕਰਦਾ ਹੈ ਤਾਂ ਚੰਗਿਆਈ ਪੈਦਾ ਹੋ ਜਾਂਦੀ ਹੈ ਅਤੇ ਜੇ ਮਨੁੱਖ ਬੁਰਾ ਸੋਚਦਾ ਹੈ ਤਾਂ ਬੁਰਾਈ ਪੈਦਾ ਹੋ ਜਾਂਦੀ ਹੈ। ਬੁਰਾਈ ਦੁੱਖ ਪੈਦਾ ਕਰਦੀ ਹੈ। ਮਨੁੱਖ ਦੇ ਦੁੱਖਾਂ ਦਾ ਕਾਰਨ ਉਸ ਦੇ ਮਾੜੇ ਕੰਮਾਂ ਦਾ ਨਤੀਜਾ ਹੈ। ਸੋਹੰ' ਬੇਗ਼ਮਪੁਰਾ ਦੀ ਸਿਰਜਨਾ ਦਾ ਮਾਰਗ ਹੈ। ਮਨੁੱਖ ਗਿਆਨ ਪ੍ਰਾਪਤ ਕਰਕੇ ਇਹਨਾਂ ਵੇਕਾਰਾਂ-ਮਾੜੇ ਕੰਮਾਂ ਨੂੰ ਕਾਬੂ ਕਰਕੇ ਇਸੇ ਸੰਸਾਰ 'ਚ, ਇਸੇ ਧਰਤੀ 'ਤੇ ਇਸੇ ਜੀਵਨ 'ਚ ਨਿਰਬਾਣ ਪ੍ਰਾਪਤ ਕਰ ਸਕਦਾ ਹੈ। ਗੁਰੂ ਰਵਿਦਾਸ ਜੀ ਕਹਿੰਦੇ;

ਸਤਿ ਸੰਤੋਖ ਔਰ ਸਦਾਚਾਰ, ਮਾਨਵ ਜੀਵਨ ਕੇ ਅਧਾਰ,<br>
ਰਵਿਦਾਸ ਪਏ ਨਰ ਵੇਖਤੇ, ਜਿਨ ਤਿਆਗੇ ਪੰਜ ਵਿਕਾਰ॥<br>
ਜੋ ਬਸ ਰਾਖੇ ਇੰਦਰੀਆਂ, ਸੁਖ ਦੁਖ ਸਮਝਿ ਸਮਾਨ।<br>
ਸੋਓ ਅਮ੍ਰਿਤ ਪਦ ਪਾਇਗਾ ਕਹਿ ਰਵਿਦਾਸ ਬਖਾਨ। ਸੋਹੰ' 8, 9

ਸੱਚ, ਸ਼ੰਤੋਖ ਤੇ ਸਦਾਚਾਰ ਜੀਵਨ ਦੇ ਸਭ ਖੇਤਰਾਂ ਵਿੱਚ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਚੰਗਾ ਵਿਵਹਾਰ ਹੈ। ਇਹ ਚੰਗਾ ਵਿਵਹਾਰ ਹੀ ਮਨੁੱਖਾਂ ਨੂੰ ਆਪਸ 'ਚ ਜੋੜਦਾ ਹੈ, ਇਹ ਸਤਿ-ਸੰਗਤ ਹੀ ਸਦਾਚਾਰ ਸੁੱਖ ਹੈ। ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਨਹੀ ਤਾਂ ਗੁਲਾਮੀ ਹੈ। ਗੁਲਾਮੀ ਨਿਰਬਾਣ ਤੇ ਸਵੈਰਾਜ ਬਿਨਾ ਖਤਮ ਨਹੀ ਹੋਣੀ? ਗੁਰੂ ਜੀ ਕਹਿੰਦੇ,

ਪ੍ਰਾਧੀਨਤਾ ਪਾਪ ਹੈ, ਜਾਨ ਲਿਉ ਰੇ ਮੀਤ।<br>
ਰਵਿਦਾਸ ਪ੍ਰਾਧੀਨ ਕੋ, ਕੌਣ ਕਰੇ ਹੈ ਪ੍ਰੀਤ॥<br>
ਪ੍ਰਾਧੀਨ ਕਾ ਦੀਨ ਕਿਆ, ਪ੍ਰਾਧੀਨ ਬੇਦੀਨ।<br>
ਰਵਿਦਾਸ ਪ੍ਰਧੀਨ ਕੋ, ਸਭ ਹੀ ਸਮਝੇ ਹੀਨ॥ 10

ਭਰਾਵੋ! ਗੁਲਾਮੀ ਤੋਂ ਵੱਡਾ ਕੋਈ ਪਾਪ ਨਹੀ। ਗੁਲਾਮ ਦਾ ਕੋਈ ਜੀਵਨ ਨਹੀ ਹੁੰਦਾ। ਗੁਲਾਮਾਂ ਦੀ ਕੋਈ ਗਿਣਤੀ ਨਹੀਂ ਹੁੰਦੀ। ਗੁਲਮ ਦਾ ਕੋਈ ਸੁੱਖ ਅਤੇ ਸਨਮਾਨ ਨਹੀਂ ਹੁੰਦਾ। ਗੁਲਾਮ ਨੂੰ ਪੈਰ ਪੈਰ ਉੱਤੇ ਅਪਮਾਨਤ ਕੀਤਾ ਜਾਂਦਾ ਹੈ। ਕੋਈ ਉਸ ਨਾਲ ਪ੍ਰੇਮ ਤੇ ਭਾਈਚਾਰਾ ਨਹੀਂ ਕਰਦਾ। ਇਸ ਲਈ ਗੁਲਾਮੀ ਨੂੰ ਗਲੋਂ ਲਾਉਣਾ ਚਾਹੀਦਾ ਹੈ। ਗੁਲਾਮੀ ਪ੍ਰਤੀ ਬਗ਼ਾਵਤ ਕਰਨੀ ਚਾਹੀਦੀ ਹੈ। ਆਪਣਾ ਰਾਜ ਲੈਣਾ ਚਾਹੀਦਾ ਹੈ। ਸਵੈਰਾਜ 'ਚ ਹੀ ਸੁੱਖ ਹੈ।

ਇਸ ਲਈ ਬੇਗ਼ਮਪੁਰੇ ਦਾ ਫਲਸਫਾ ਬੇਇਨਸਾਫੀ ਦੇ ਵਿਰੁੱਧ ਇੱਕ ਇਨਕਲਾਬ ਹੈ। ਇਨਕਲਾਬ ਵੀ ਇਨਸਾਨ ਦੀ ਮਨਮੁਖ ਸ਼ੈਤਾਨ ਮਨੁੱਖ ਦੁਆਰਾ ਕੀਤੀ ਜਾ ਰਹੀ ਲੁੱਟ-ਸ਼ੋਸ਼ਣ ਨੂੰ ਖ਼ਤਮ ਕਰਨ ਲਈ;

ਸਮਾਜਿਕ ਪੱਖੋਂ, ਜਾਤੀਵਾਦ, ਫਿਰਕੂਪੁਣਾ, ਮੂਲਵਾਦ ਅਤੇ<br>
ਜਨਮ ਤੇ ਲਿੰਗ ਆਧਾਰਤ ਹਰ ਕਿਸਮ ਦੀ ਨਾਬਰਾਬਰੀ ਵਿਰੁੱਧ;<br>
ਆਰਥਿਕ ਪੱਧਰ ਉਤੇ ਸਮੰਤਵਾਦ ਅਤੇ ਪੂੰਜੀਵਾਦ ਦੇ ਵਿਰੁੱਧ;<br>
ਸਿਆਸੀ ਤੌਰ 'ਤੇ ਸਾਮਰਾਜਵਾਦ ਅਤੇ ਫਾਸੀਵਾਦ ਦੇ ਵਿਰੁੱਧ;<br>
ਸਭਿਆਚਾਰਕ ਤੌਰ ਉਤੇ ਹਰ ਪ੍ਰਕਾਰ ਦੇ ਢੌਂਗੀ, ਅੱਤਿਆਚਾਰੀ,<br>
ਹੰਕਾਰੀ, ਕੁਚਲਣ ਵਾਲੇ ਅਤੇ ਲੋਟੂ ਸਭਿਆਚਾਰ ਦੇ ਵਿਰੁੱਧ ਹੈ।<br>
11

ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰੇ ਦਾ ਫਲਸਫਾ ਧਾਰਮਿਕ, ਸਮਾਜਿਕ, ਆਰਥਿਕ ਤੇ ਸਭਿਆਚਾਰਕ ਹੀ ਨਹੀ, ਰਾਜਨੀਤਕ ਵੀ ਹੈ। ਗੁਰੂ ਜੀ ਐਲਾਨੀਆ ਕਹਿੰਦੇ ਹਨ,

ਐਸਾ ਚਾਹੋਂ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ।<br>
ਛੋਟ ਬੜੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ॥ 12

ਇਸ ਲਈ ਬੇਗ਼ਮਪੁਰੇ ਦਾ ਫਲਸਫਾ ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਜਕੜੇ ਮਨੁੱਖ ਨੂੰ ਵਿੱਦਿਆ, ਗਿਆਨ ਤੇ ਸੂਝ ਦੇ ਕੇ, ਸਵੈ-ਨਿਰਭਰ, ਸਵੈ-ਸਹਿਤਾ, ਅਤੇ ਸਵੈ-ਮਾਣ ਨਾਲ ਜਿਊਣ ਦਾ ਰਾਹ ਦਰਸਾਉਂਦਾ❁। ਮਨੁੱਖੀ ਕਦਰਾਂ ਕੀਮਤਾਂ, ਆਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ 'ਤੇ ਅਧਾਰਤ ਜਾਤੀ ਅਤੇ ਜਮਾਤੀ ਰਹਿਤ ਸਮਤਾ ਸਮਾਜ ਦੀ ਸਿਰਜਨਾ ਵੱਲ੍ਹ ਸੇਧਤ ਕਰਦਾ ਹੈ। ਬੱਸ! ਇਹੀ ਬੇਗ਼ਮਪੁਰਾ ਫਲਸਫ਼ੇ ਦਾ ਲਕਸ਼ ਹੈ।

ਲਕਸ਼ ਦੀ ਪ੍ਰਾਪਤੀ ਲਈ ਉਹ ਮਨੁੱਖ ਨੂੰ ਅਨਿਆਂ-ਅੱਤਿਆਚਾਰ, ਅਗਿਆਨਤਾ-ਅੰਧਵਿਸ਼ਵਾਸ, ਊਚ-ਨੀਚ, ਛੂਆ-ਛਾਤ ਅਤੇ ਅਮੀਰੀ-ਗਰੀਬੀ ਦੇ ਖਿਲਾਫ਼ ਬਾਰ ਬਾਰ ਸਰਬ ਵਿਆਪੀ ਯੁੱਧ ਛੇੜਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਹ ਯੁੱਧ ਤਦ ਤੱਕ ਜਾਰੀ ਰੱਖਣ ਦਾ ਸੰਦੇਸ਼ ਦਿੰਦਾ ਹੈ, ਜਦ ਤੱਕ ਮਨੁੱਖ ਦੇ ਦੁੱਖ, ਦਰਦ, ਪੀੜਾਂ ਤੇ ਲੁੱਟ ਖ਼ਤਮ ਨਹੀਂ ਹੋ ਜਾਂਦੇ ਅਤੇ ਮਨੁੱਖ ਇਹਨਾਂ ਤੋਂ ਅਜ਼ਾਦ ਨਹੀਂ ਹੋ ਜਾਂਦਾ। ਸਮਇਕ ਅਜ਼ਾਦੀ, ਸਮਇਕ ਸਮਾਨਤਾ ਅਤੇ ਵਿਸ਼ਵ ਭਾਈਚਾਰਾ ਭਾਵ ਬੇਗ਼ਮਪੁਰਾ ਸਥਾਪਤ ਨਹੀਂ ਹੋ ਜਾਂਦਾ।

ਡਾਕਟਰ ਅੰਬੇਡਕਰ ਕਹਿੰਦੇ, "ਵਿਚਾਰ ਵੀ ਮਨੁੱਖ ਦੀ ਤਰ੍ਹਾਂ ਨਾਸ਼ਵਾਨ ਹੁੰਦੇ ਹਨ। ਇਹ ਧਾਰਨਾ ਗਲਤ ਹੈ ਕਿ ਵਿਚਾਰ ਖੁੱਦ ਹੀ ਅੱਗੇ ਤੋਂ ਅੱਗੇ ਵੱਧਦੇ ਰਹਿੰਦੇ ਹਨ ਅਤੇ ਕਦੇ ਮਰਦੇ ਨਹੀ? ਬਾਬਾ ਸਾਹਿਬ ਕਹਿੰਦੇ, ਕਿਸੇ ਵਿਚਾਰ ਦੀ ਪ੍ਰਗਤੀ ਅਤੇ ਵਿਕਾਸ ਲਈ ਪ੍ਰਚਾਰ ਦੀ ਉਨੀ ਹੀ ਅਧਿਕ ਲੋੜ ਹੈ ਜਿੰਨੀ ਕਿ ਕਿਸੇ ਪੌਦੇ ਨੂੰ ਪਾਣੀ ਦੀ। ਜੇ ਪੌਦੇ ਨੂੰ ਪਾਣੀ ਨਹੀਂ ਮਿਲੇਗਾ ਤਾਂ ਉਹ ਮੁਰਝਾਅ ਕੇ ਅੰਤ ਸੁੱਕਕੇ ਮਰ ਜਾਵੇਗਾ।'' ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰਾ ਫਲਸਫ਼ੇ ਦੇ ਵਿਚਾਰਾਂ ਦਾ ਫੈਲਾਅ ਨਹੀਂ ਹੋਵੇਗਾ ਤਾਂ ਉਹ ਅੱਗੇ ਕਿਵੇਂ ਪ੍ਰਫੁਲਤ ਹੋਵੇਗਾ? ਕਿਵੇਂ ਅੱਗੇ ਵਧੇਗਾ? ਅਤੇ ਬੇਗ਼ਮਪੁਰਾ ਕਿਵੇਂ ਸਥਾਪਤ ਹੋਵੇਗਾ।

ਗੁਰੂ ਰਵਿਦਾਸ ਜੀ ਤੇ ਡਾਕਟਰ ਅੰਬੇਡਕਰ ਕਹਿੰਦੇ, "ਕੇਵਲ ਜਿੰਦੇ ਰਹਿਣ 'ਚ ਕੋਈ ਸਨਮਾਨ ਨਹੀਂ ਹੈ, ਕਿਸ ਸਥਿਤੀ 'ਚ ਅਸੀਂ ਜਿਊਂਦੇ ਹਾਂ, ਇਹ ਜ਼ਿਆਦਾ ਮਹੱਤਵਪੂਰਨ ਹੈ। ਕੋਈ ਬਿਨਾਂ ਸ਼ਰਤ ਸ਼ਰਨ ਲੈ ਕੇ ਜਿੰਦਾ ਰਹਿ ਸਕਦਾ ਹੈ, ਤੇ ਕੋਈ ਕਾਇਰਤਾ 'ਚ ਮਾਰ ਖਾ ਕੇ ਪਿੱਛੇ ਹੱਟਕੇ, ਗੁਲਾਮ ਬਣਕੇ, ਜਿੰਦਾ ਰਹਿ ਸਕਦਾ ਹੈ ਅਤੇ ਕੋਈ ਸੰਘਰਸ਼ ਕਰਕੇ ਅਣਖ ਨਾਲ ਜਿੰਦਾ ਰਹਿੰਦਾ ਹੈ। ਮਾਨਸਿਕ ਆਜ਼ਾਦੀ ਹੀ ਵਾਸਤਵਿਕ ਆਜ਼ਾਦੀ ਹੈ। ਜੋ ਮਾਨਸਿਕ ਤੌਰ ਤੇ ਆਜ਼ਾਦ ਨਹੀਂ, ਉਹ ਅਜ਼ਾਦ ਹੁੰਦੇ ਹੋਏ ਵੀ ਗੁਲਾਮ ਹੈ ਅਤੇ ਜਿਉਂਦਾ ਹੁੰਦੇ ਹੋਏ ਵੀ ਮਰਿਆ ਹੋਇਆ ਹੈ। ਉਹਨਾਂ ਕਿਹਾ ਮਨੁੱਖ ਅਤੇ ਪਸ਼ੂ ਵਿਚ ਇਹੀ ਅੰਤਰ ਹੈ ਕਿ ਮਨੁੱਖ ਸੋਚਣ ਦੀ ਸ਼ਕਤੀ ਰੱਖਦਾ ਹੈ ਅਤੇ ਪ੍ਰਗਤੀ ਕਰ ਸਕਦਾ ਹੈ।

ਅਗਰ ਆਪ ਲੋਕ ਨਵਾਂ ਜੀਵਨ ਪ੍ਰਾਪਤ ਕਰਨ ਲਈ ਵਿਦਰੋਹ ਨਹੀਂ ਕਰ ਸਕਦੇ ਅਤੇ ਆਪ ਆਪਣਾ ਪੁਨਰ ਉਥਾਨ ਨਹੀਂ ਕਰ ਸਕਦੇ ਤਾਂ ਤੁਹਾਡੇ ਲਈ ਮਰ ਜਾਣਾ ਹੀ ਬੇਹਤਰ ਹੈ ਤਾਂ ਕਿ ਇਹ ਸੰਸਾਰ ਤੁਹਾਡੇ ਭਾਰ ਤੋਂ ਮੁਕਤ ਹੋ ਜਾਵੇ। ਜਿਊਂਦੇ ਰਹਿਣ ਲਈ ਰੋਟੀ, ਕੱਪੜਾ, ਮਕਾਨ ਹੀ ਸਭ ਕੁੱਝ ਨਹੀ, ਹਰ ਛੋਟੇ ਵੱਡੇ ਵਿਅਕਤੀ ਦੇ ਸਾਥ ਬਰਾਬਰ ਹਿੱਸੇਦਾਰੀ ਅਤੇ ਸਨਮਾਨ ਪ੍ਰਾਪਤ ਕਰਨਾ, ਤੁਹਾਡਾ ਜਨਮ ਸਿੱਧ ਅਧਿਕਾਰ ਹੈ। ਜੇਕਰ ਤੁਸੀਂ ਸਨਮਾਨ ਪੂਰਵਕ ਜ਼ਿੰਦਗੀ ਜਿਊਣ 'ਚ ਵਿਸ਼ਵਾਸ ਰੱਖਦੇ ਹੋ ਤਾਂ ਤੁਹਾਨੂੰ ਇਸ ਲਕਸ਼ ਦੀ ਪ੍ਰਾਪਤੀ ਤੇ ਆਤਮ ਸਨਮਾਨ ਲਈ ਸੰਘਰਸ਼ ਤੇ ਸ਼ੰਘਰਸ਼ ਕਰਕੇ ਆਪਣਾ ਜੀਵਨ ਸੁੰਦਰ ਤੋਂ ਸੁੰਦਰ ਬਣਾਉਣਾ ਹੀ ਸਰਵੋਤਮ ਉਪਾਅ ਹੈ।''



ਸੰਤੋਖ ਲਾਲ. ਵਿਰਦੀ, ਐਡਵੋਕੇਟ,<br>
ਜੀ. ਟੀ. ਰੋਡ, ਚਾਚੋਕੀ ਚੌਕ, ਫਗਵਾੜਾ, ਪੰਜਾਬ।<br>
ਫੋਨ: 01824-265887. ਮੋ: 98145-17499

ਸੰਸਾਰ ਵਿਚ ਚਾਰ ਤਰ੍ਹਾਂ ਦੇ ਪੁਰਸ਼ ਪੈਦਾ ਹੁੰਦੇ ਹਨ। ਇਕ ਉਹ ਪੁਰਸ਼ ਪੈਦਾ ਹੁੰਦੇ ਹਨ ਜੋ ਜਨਮ ਲੈਂਦੇ ਹਨ, ਖਾਂਦੇ ਪੀਂਦੇ ਹਨ, ਰਾਤ ਨੂੰ ਸੌਂ ਜਾਂਦੇ ਹਨ, ਸਵੇਰੇ ਉੱਠਦੇ ਹਨ ਫਿਰ ਇਸੇ ਪ੍ਰਕਿਰਿਆ ਵਿਚ ਲੱਗ ਜਾਂਦੇ ਹਨ ਅਤੇ ਇਸੇ ਤਰ੍ਹਾਂ ਜੀਵਨ ਗੁਜਾਰ ਕੇ ਮਰ ਜਾਂਦੇ ਹਨ। ਨਾ ਉਹ ਆਪਣਾ ਕੁੱਝ ਸਵਾਰਦੇ ਹਨ ਤੇ ਨਾ ਸਮਾਜ ਦਾ ਕੁੱਝ ਸਵਾਰਦੇ ਹਨ। ਉਹ ਜਾਨਵਰਾਂ ਦੀ ਤਰ੍ਹਾਂ ਜਨਮ ਲੈਂਦੇ ਹਨ ਤੇ ਜਾਨਵਰਾਂ ਦੀ ਤਰ੍ਹਾਂ ਮਰ ਜਾਂਦੇ ਹਨ। ਇਤਿਹਾਸ ਵਿਚ ਉਨ੍ਹਾਂ ਦਾ ਕਿਧਰੇ ਨਾਮੋ ਨਿਸ਼ਾਨ ਨਹੀਂ ਰਹਿੰਦਾ।

ਦੂਜੀ ਤਰ੍ਹਾਂ ਦੇ ਉਹ ਪੁਰਸ਼ ਪੈਦਾ ਹੁੰਦੇ ਹਨ ਜੋ ਸਾਰੀ ਉਮਰ ਬੇਇਮਾਨੀ ਨਾਲ ਦੌਲਤ ਇਕੱਠੀ ਕਰਨ ਵਿਚ ਲੱਗੇ ਰਹਿੰਦੇ ਹਨ। ਹੋਰ ਧਨ, ਹੋਰ ਧਨ ਦੀ ਆੜ ਵਿਚ ਧਨ ਇਕੱਠਾ ਕਰਦੇ-ਕਰਦੇ ਮਰ ਜਾਂਦੇ ਹਨ। ਧਨ ਦੌਲਤ ਦੀ ਵੰਡ ਲਈ ਪਿੱਛੋਂ ਉਨ੍ਹਾਂ ਦੀ ਸੰਤਾਨ ਆਪਸ ਵਿਚ ਲੜਦੀ ਝਗੜਦੀ ਹੈ। ਪਰਿਵਾਰਕ ਪਿਆਰ, ਨਫਰਤ ਤੇ ਦੁਸ਼ਮਣੀ ਵਿਚ ਬਦਲ ਜਾਂਦਾ ਹੈ। ਕਲੇਸ਼ ਵਿੱਚ ਧਨ ਦੌਲਤ ਇੱਥੇ ਖਤਮ ਹੋ ਜਾਂਦਾ ਹੈ। ਲੜਦੇ-ਲੜਦੇ ਉਹ ਵੀ ਮਰ ਜਾਂਦੇ ਹਨ। ਅਜਿਹੀ ਕਿਸਮ ਦੇ ਪੁਰਸ਼ਾਂ ਦਾ ਵੀ ਇਤਿਹਾਸ ਵਿਚ ਨਾਮ ਨਹੀਂ ਰਹਿੰਦਾ।

ਤੀਜੀ ਕਿਸਮ ਦੇ ਉਹ ਪੁਰਸ਼ ਹਨ ਜੋ ਜਨਮ ਲੈਂਦੇ ਹਨ ਪਰ ਸਮਾਜ ਦੀਆਂ ਸਮੱਸਿਆਵਾਂ ਨੂੰ ਵੇਖ ਕੇ ਸਹਿਮ ਜਾਂਦੇ ਹਨ। ਸਮੱਸਿਆਵਾਂ ਨਾਲ ਜੂਝਦੇ ਨਹੀਂ, ਸਗੋਂ ਸਮਾਜ ਨੂੰ ਛੱਡਕੇ ਪਹਾੜਾਂ, ਜੰਗਲਾਂ ਵੱਲ ਚਲੇ ਜਾਂਦੇ ਹਨ। ਉੱਥੇ ਸਮੱਸਿਆਵਾਂ ਦਾ ਹੱਲ ਲੱਭਦੇ-ਲੱਭਦੇ ਖਤਮ ਹੋ ਜਾਂਦੇ ਹਨ। ਸਮਾਜ ਵਿਚ ਇਹੋ ਜਿਹੇ ਪੁਰਸ਼ਾਂ ਦਾ ਵੀ ਕਿਧਰੇ ਨਾਮੋ ਨਿਸ਼ਾਨ ਨਹੀਂ ਰਹਿੰਦਾ।

ਚੌਥੀ ਤਰ੍ਹਾਂ ਦੇ ਉਹ ਪੁਰਸ਼ ਹਨ ਜੋ ਸਮਾਜ ਵਿਚ ਜਿੱਥੇ ਉਹ ਜਨਮ ਲੈਂਦੇ ਹਨ ਉੱਥੇ ਦੀਆਂ ਪ੍ਰਸਥਿੱਤੀਆਂ ਨੂੰ ਸਮਝਕੇ, ਮੌਜੂਦਾ ਸਮੱਸਿਆਵਾਂ ਨੂੰ ਉਭਾਰਦੇ ਹੀ ਨਹੀਂ, ਬਲਕਿ ਉਨ੍ਹਾਂ ਨੂੰ ਨਜਿੱਠਦੇ ਵੀ ਹਨ ਤੇ ਅੱਗੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਰਸਤਾ ਵੀ ਵਿਖਾਉਂਦੇ ਹਨ। ਅਜਿਹੇ ਪੁਰਸ਼, ਪੁਰਸ਼ ਨਹੀ, ਮਹਾਂਪੁਰਸ਼ ਹੁੰਦੇ ਹਨ। ਮਹਾਂਪੁਰਸ਼ਾਂ ਦਾ ਜੀਵਨ ਬ੍ਰਿਤਾਂਤ ਇਤਿਹਾਸ ਬਣਦਾ ਹੈ। ਇਤਿਹਾਸ ਮਾਰਗ ਦਰਸ਼ਨ ਹੁੰਦਾ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਹੀ ਅਗਲੀਆਂ ਪੀੜ੍ਹੀਆਂ ਅਜ਼ਾਦੀ ਪ੍ਰਾਪਤ ਕਰਦੀਆਂ ਹਨ।

ਬੇਗ਼ਮਪੁਰਾ ਕੋਈ ਮਨੋਰੰਜਨ ਦਾ ਸਾਧਨ ਨਹੀ? ਇਸ ਲਈ ਬੁੱਧੀਜੀਵੀ, ਸੰਤ ਮਹਾਂਪੁਰਸ਼ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੂੰ ਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਨੂੰ ਸਥਾਪਤ ਕਰਨ ਲਈ ਸੇਧਤ ਹੋਣਾ ਚਾਹੀਦਾ ਹੈ। ਬੇਗਮਪੁਰਾ ਦੀ ਸਥਾਪਨਾ ਕੋਈ ਸਾਂਝਾ ਸੰਗਠਨ ਬਣਾਉਂਣ।੧ਓਂਭਾ ਯਾਤਰਾਵਾਂ ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰਾ (ਪੈਦਾਵਾਰ ਦੇ ਸਾਧਨਾਂ ਦੀ ਸਮਾਨ ਵੰਡ, ਸਭ ਲਈ ਰੋਟੀ ਕੱਪੜਾ ਮਕਾਨ ਤੇ ਬਰਾਬਰ ਸਨਮਾਨ ਦੀ ਸਥਾਪਨਾ ਲਈ), ਬੱਚਿਆਂ ਨੂੰ ਮੁਫ਼ਤ ਸਿੱਖਿਆ ਲਈ, ਸੰਵਿਧਾਨ ਨੂੰ ਬਚਾਉਣ ਤੇ ਲਾਗੂ ਕਰਵਾਉਣ ਲਈ ਅਧਿਕਾਰ ਯਾਤਰਾਵਾਂ ਵਿੱਚ ਬਦਲਣ, ਤਾਂ ਹੀ ਸ਼੍ਰੀ ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਇਸੇ ਸੰਸਾਰ ਵਿੱਚ, ਇਸੇ ਧਰਤੀ ਉੱਤੇ, ਇਸੇ ਜੀਵਨ ਵਿੱਚ ਸਥਾਪਤ ਹੋ ਸਕਦਾ ਹੈ।

ਗੁਰੂ ਰਵਿਦਾਸ ਜੀ ਕਹਿੰਦੇ, 'ਮਨੁੱਖਾ ਜੀਵਨ ਦੁਰਲੱਭ' ਹੈ। ਇਸ ਨੂੰ ਅੰਜਾਈ ਨਹੀਂ ਗੁਆਉਣਾ ਚਾਹੀਦਾ। ਹਰ ਮਨੁੱਖ ਨੂੰ ਆਪਣੇ ਜੀਵਨ ਨੂੰ ਉਪਯੋਗੀ ਪਾਸੇ ਲਾਉਣਾ ਚਾਹੀਦਾ ਹੈ।

**ਹਵਾਲੇ ਅਤੇ ਟਿੱਪਣੀਆ-**

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, (ਇਨਸਾਈਕਲੋਪੀਡੀਆ) ਸਫ਼ਾ-886)
2. ਆਦਿ ਗ੍ਰੰਥ, ਸਫਾ 1167,
3. ਸ਼ਿਆਮ ਸਿੰਘ, ਗੁਰੂ ਰਵਿਦਾਸ ਦੀ ਮੂਲ ਵਿਚਾਰਧਾਰਾ ਸਫਾ 66/2004
4. ਸ਼ਿਆਮ ਸਿੰਘ, ਉਹੀ ਸਫਾ 66/
5. ਸ਼੍ਰੀ ਗੁਰੂ ਰਵਿਦਾਸ ਅਮ੍ਰਿਤਬਾਣੀ ਸਫਾ 268/2005
6. ਉਹੀ ਸਫਾ 273
7. ਸ਼੍ਰੀ ਗੁਰੂ ਰਵਿਦਾਸ ਅਮ੍ਰਿਤਬਾਣੀ ਸਫਾ 266/2005
8. ਉਹੀ ਸਫਾ 263-64/2005
9. ਕਾਸ਼ੀ ਰਾਮ ਉਪਾਧਿਆਇ, ਗੁਰੂ ਰੈਦਾਸ, ਸਫਾ/35/1983
10. ਸ਼੍ਰੀ ਗੁਰੂ ਰਵਿਦਾਸ ਅਮ੍ਰਿਤਬਾਣੀ ਸਫਾ 270
11. ਐਸ ਐਲ ਵਿਰਦੀ, ਦਲਿਤ ਸਾਹਿਤ ਅਤੇ ਸਭਿਅਤਾ, ਸਫਾ 19
12. ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ, ਰਵਿਦਾਸ ਦਰਸ਼ਨ, ਸਫਾ 162

## ਚੋਣ ਗੀਤਾਂਜਲੀ

# ਮਹਿੰਗਾਈ ਤੇ ਬੇਰੁਜ਼ਗਾਰੀ ਕਿਸ ਦੀ ਜ਼ਿੰਮੇਵਾਰੀ?



ਕੇ. ਸੀ. ਸੁਲੇਖ
0172-4623503

ਇਸ ਸਮੇਂ ਦੇਸ਼ ਜਿਸ ਸੰਕਟ 'ਚੋਂ ਗੁਜ਼ਰ ਰਿਹਾ ਹੈ ਉਸ ਵਿਚ ਜੇ ਕੋਰੋਨਾ ਜਿਹੀ ਭਿਆਨਕ ਮਹਾਂਮਾਰੀ ਨੇ ਦੇਸ਼ ਵਾਸੀਆਂ ਦੇ ਨਾਲ ਨਾਲ ਮੌਕੇ ਦੀ ਸਰਕਾਰ/ਸਰਕਾਰਾਂ ਨੂੰ ਪ੍ਰੇਸ਼ਾਨ ਕਰ ਰੱਖਿਆ ਹੈ, ਉਥੇ ਪੰਜ ਸੂਬਾਈ ਸਰਕਾਰਾਂ ਦੀਆਂ ਹੋ ਰਹੀਆਂ ਚੋਣਾਂ ਕਾਰਨ ਉਠਿਆ ਗਰਦ ਗੁਬਾਰ ਵੀ ਘੱਟ ਸੰਘ ਘੋਟੂ ਨਹੀਂ ਹੈ, ਸਾਰੀਆਂ ਪਾਰਟੀਆਂ ਅਤੇ ਅਖਾੜਿਆਂ ਦੇ ਭਲਵਾਨ ਆਪਣੇ ਮੋਢਿਆਂ 'ਤੇ ਆਪਣੇ ਤਿਰੰਗੇ, ਦੋ ਰੰਗੇ, ਇਕ ਰੰਗੇ ਝੰਡੇ ਰੱਖ ਕੇ ਅਤੇ ਰੰਗ ਬਿਰੰਗੀ ਟੋਪੀਆਂ/ਦਸਤਾਰਾਂ ਪਹਿਨ ਕੇ ਆਪਣੇ ਦੁਸ਼ਮਣਾਂ (ਵਿਰੋਧੀਆਂ) ਨਾਲ ਦੋ ਹੱਥ ਕਰਨ ਲਈ ਮੈਦਾਨ ਵਿਚ ਉਤਰ ਜਾਂਦੇ ਹਨ। ਗੁੱਥਮ ਗੁੱਥਾ ਲੜਾਈ ਝਗੜਿਆਂ ਦੀ ਟਾਂਵੀ-ਟਾਂਵੀ ਘਟਨਾਵਾਂ ਨੂੰ ਦਰਕਿਨਾਰ ਕਰਕੇ ਚੋਟੀ ਦੇ ਘੁਲਾਟੀਆਂ ਦੇ ਦਰਮਿਆਂ ਜੋ ਜ਼ੁਬਾਨੀ ਸ਼ਾਬਦਿਕ ਜੰਗ ਛਿੜ ਗਈ ਹੈ, ਉਹ ਨਿਰਪੱਖ ਦਰਸ਼ਕ ਦੀਆਂ ਨਜ਼ਰਾਂ ਵਿਚ ਬੇਮਾਅਨੀ ਤਾਂ ਹਨ ਹੀ, ਕਈ ਜਗ੍ਹਾ ਹਾਸੋਹੀਣ ਵੀ ਹੁੰਦੇ ਹਨ। ਜਿਸ ਨੂੰ ਘਰ-ਘਰ ਪਹੁੰਚਾਣ ਦਾ ਕੰਮ ਗੋਦੀ ਮੀਡੀਆ ਦੇ ਨਾਲ ਨਾਲ ਉਹਨਾਂ ਦਾ ਸਪੈਸ਼ਲ ਸੋਸ਼ਲ ਮੀਡੀਆ ਵੀ ਕਰ ਰਿਹਾ ਹੈ। ਇਹ ਸਰਵਿਸ ਨਿਰਵਿਘਨ 24 ਘੰਟੇ 7 ਦਿਨ ਚਲਦੀ ਹੈ, ਜਿਸ ਵਿਚ ਹੁੰਦੀ ਤੂੰ-ਤੂੰ, ਮੈਂ-ਮੈਂ ਦੇ ਨਜ਼ਾਰਿਆਂ ਤੋਂ ਇਲਾਵਾ ਟੀ. ਵੀ. ਚੈਨਲਾਂ ਦੇ ਐਂਕਰਾਂ ਦੀ ਪੱਖਪਾਤੀ ਦਖਲਅੰਦਾਜ਼ੀ ਵੀ ਦੇਖੀ ਜਾ ਸਕਦੀ ਹੈ। ਜੋ ਸਵਾਲ ਕਰਕੇ ਨਾ ਦੂਜੀ ਧਿਰ ਦੇ ਜਵਾਬ ਸੁਣਨ ਲਈ ਵਕਤ ਦਿੰਦੇ ਹਨ, ਬਲਕਿ ਆਪਣੀ ਹੀ ਰਾਏ ਥੋਪਣ ਦੀ ਜ਼ਬਰਦਸਤੀ ਕਰਦੇ ਹਨ। ਦੇਸ਼ ਦੇ ਪਣਪ ਰਹੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਇਹ ਗੋਦੀ ਮੀਡੀਆ ਆਪਣਾ ਰੋਲ ਹਰਗਿਜ਼ ਠੀਕ ਨਹੀਂ ਨਿਭਾ ਰਿਹਾ। ਗੋਦੀ ਮੀਡੀਆ ਦਾ ਤੱਥਾਂ ਨੂੰ ਤੋੜ ਮਰੋੜ ਕੇ ਖਬਰਾਂ ਨੂੰ ਸੱਤਾਧਾਰੀ ਪਾਰਟੀ ਅਤੇ ਹਾਕਮ ਨੇਤਾਵਾਂ ਦੇ ਹੱਕ ਵਿਚ ਪੇਸ਼ ਕਰਨਾ ਪੱਤਰਕਾਰਿਤਾ ਦੇ ਨਾਂ 'ਤੇ ਇਕ ਕਲੰਕ ਹੈ।

ਚੋਣ ਮੁਕਾਬਲਾ ਜਿੱਤਣ ਲਈ ਸਭ ਢੰਗ ਤਰੀਕੇ ਵਰਤੇ ਜਾ ਸਕਦੇ ਹਨ ਪਰ ਕਾਨੂੰਨ ਅਤੇ ਨੈਤਿਕਤਾ ਦੀਆਂ ਹੱਦਾਂ 'ਚ ਰਹਿ ਕੇ। ਲੇਕਿਨ ਜੋ ਇਹਨਾਂ ਚਲਦੇ ਇਲੈਕਸ਼ਨਾਂ 'ਚ ਬੜੇ-ਬੜੇ ਲੀਡਰਾਂ ਨੂੰ ਕਾਨੂੰਨ ਅਤੇ ਨੈਤਿਕਤਾ ਦੀਆਂ ਧੱਜੀਆਂ ਉਡਾਉਂਦੇ ਦੇਖਿਆ, ਉਸ ਨੂੰ ਦੇਖ ਕੇ ਦਿਲ ਵਿਚ ਸ਼ੰਕੇ ਉਠਣ ਲੱਗ ਪੈਂਦੇ ਹਨ ਕਿ ਕੀ ਦੇਸ਼ ਦੀ ਕਿਸਮਤ ਅਤੇ ਭਵਿੱਖ ਇਹੋ ਜਿਹੇ ਹੱਥਾਂ ਵਿਚ ਜਾ ਰਿਹਾ ਹੈ? ਹੋਰ ਤਾਂ ਹੋਰ ਦੇਸ਼ ਦੇ ਉਚਤਮ ਪਦ 'ਤੇ ਬਿਰਾਜਮਾਨ ਪ੍ਰਧਾਨ ਮੰਤਰੀ ਇਸ ਤੂੰ-ਤੂੰ, ਮੈਂ-ਮੈਂ ਦੇ ਪ੍ਰਦਰਸ਼ਨ ਵਿਚ ਪ੍ਰਤੀਯੋਗੀ ਬਣ ਕੇ ਨਾ ਸਿਰਫ ਖੁਦ ਮਜ਼ਾ (ਆਨੰਦ) ਲੈ ਰਹੇ ਹਨ ਸਗੋਂ ਦਰਸ਼ਕਾਂ ਨੂੰ ਵੀ ਮਜ਼ਾ ਲੈਣ ਦਾ ਮੌਕਾ ਦੇ ਰਹੇ ਹਨ। ਕਾਰਨ ਜਾਂ ਉਹਨਾਂ ਦੇ ਹਿਸਾਬ ਨਾਲ ਜ਼ਰੂਰਤ ਕੋਈ ਵੀ ਹੈ। ਬੱਚਿਆਂ ਜਾਂ ਲੜ ਰਹੀ ਗਵਾਂਢਣਾਂ ਦੇ ਪੱਧਰ 'ਤੇ ਆ ਜਾਣਾ ਪ੍ਰਧਾਨ ਮੰਤਰੀ ਦੀ ਸ਼ਾਨ ਦੇ ਹਰਗਿਜ਼ ਕਰੀਬ ਨਹੀਂ ਹੈ। ਪਿਛਲੀ ਵਾਰ ਪੱਛਮੀ ਬੰਗਾਲ ਦੇ ਹੋਏ ਇਲੈਕਸ਼ਨਾਂ ਦੌਰਾਨ ਉਥੇ ਦੀ ਮੁਖੀ ਮਮਤਾ ਬੈਨਰਜੀ ਨੂੰ ਚਿੜਾਉਣ ਲਈ ਵਾਰ ਵਾ 'ਦੀਦੀ ਓ ਦੀਦੀ' ਜਾਂ ਹੁਣ ਦੇ ਯੂਪੀ ਇਲੈਕਸ਼ਨਾਂ ਵਿਚ ਆਪਣੇ ਮੁੱਖ ਵਿਰੋਧੀ ਨੇਤਾ ਅਖਿਲੇਸ਼ ਯਾਦਵ ਨੂੰ 'ਓ ਲਾਲ ਟੋਪੀ ਵਾਲੇ' ਕਹਿ ਕੇ ਪੁਕਾਰਨਾ ਕੀ ਪ੍ਰਧਾਨ ਮੰਤਰੀ ਦੇ ਰੁਤਬੇ ਵਾਲੇ ਵਿਅਕਤੀ ਨੂੰ ਸ਼ੋਭਾ ਦਿੰਦਾ ਹੈ? ਹੁਣੇ ਹੁਣੇ ਇਕ ਬਿਆਨ ਵਿਚ ਕਿਹਾ ਕਿ ਜਿੰਨੇ ਇਲਾਕੇ ਵਿਚ ਬੰਬ ਧਮਾਕੇ ਹੋਏ ਹਨ, ਉਹਨਾਂ ਵਿਚ ਸਾਈਕਲ ਵਰਤਿਆ ਗਿਆ ਹੈ, ਜੋ ਸਮਾਜਵਾਦੀ ਪਾਰਟੀ ਦਾ ਹੀ ਚੋਣ ਨਿਸ਼ਾਨ ਹੈ। ਬਿਨਾਂ ਪਾਰਟੀ ਵਿਰੋਧਤਾ ਦੇ ਭਾਵ ਤੋਂ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਇਲੈਕਸ਼ਨ ਨਿਸ਼ਾਨ ਦਾ ਬੰਬ ਧਮਾਕਿਆਂ ਨਾਲ ਕੀ ਸਬੰਧ? ਕੀ ਪੁਲਿਸ ਤਫਤੀਸ਼ ਵਿਚ ਸਮਾਜਵਾਦੀ ਪਾਰਟੀ ਨੂੰ ਵੀ ਸ਼ਾਮਲ ਕੀਤਾ ਜਾਵੇਗਾ?

ਪ੍ਰਚਾਰ ਇਕ ਹੋਰ ਅੰਦਾਜ਼ ਭਾਸ਼ਾਈ ਪੈਮਾਨੇ ਤੇ ਤਾਂ ਹੋਰ ਵੀ ਸਮਝ ਤੋਂ ਬਾਹਰ ਹੈ ਜਦ ਖਾਸ ਤੌਰ 'ਤੇ ਸੱਤਾਧਾਰੀ ਨੇਤਾ ਵਿਰੋਧੀ ਪਾਰਟੀਆਂ ਦੇ ਨਾਮਾਂ ਨੂੰ ਕੁਨਾਮਾਂ ਵਿਚ ਬਦਲ ਕੇ ਸਮਝ ਲੈਂਦੇ ਹਨ ਕਿ ਵਿਰੋਧੀ ਨੂੰ ਬੋਲਣ ਜੋਗਾ ਨਹੀਂ ਛੱਡਿਆ। ਇਹ ਸ਼ੈਲੀ ਵਿਰੋਧੀ ਸੰਗਠਨਾਂ ਜਾਂ ਨੇਤਾਵਾਂ ਦੇ ਨਾਵਾਂ ਦੇ ਪਹਿਲੇ ਅੱਖਰਾਂ ਨੂੰ ਜੋੜ ਕੇ ਕਿਸੇ ਭੈੜੀ ਸ਼ੈਅ ਜਾਂ ਕਿਸੇ ਸਜ਼ਾ ਖਾਧੇ ਆਤੰਕੀ ਨਾਲ ਜੋੜ ਦੇਣਾ ਹੈ, ਜਿਵੇਂ ਫਾਂਸੀ ਲੱਗੇ ਆਤੰਕੀ ਕਸਾਬ ਦੇ ਅੱਖਰਾਂ ਨੂੰ ਜੋੜ ਕੇ ਕ ਤੋਂ ਕਾਂਗਰਸ, ਸ ਤੋਂ ਸਮਾਜਵਾਦੀ ਪਾਰਟੀ, ਬ ਤੋਂ ਬਹੁਜਨ ਸਮਾਜ ਪਾਰਟੀ। ਇਸ ਸ਼ੈਲੀ ਦੀ ਕਾਢ ਕੱਢਣ ਅਤੇ ਪ੍ਰਚੱਲਿਤ ਕਰਨ ਵਾਲੇ ਕੋਈ ਹੋਰ ਨਹੀਂ ਖੁਦ ਪ੍ਰਧਾਨ ਮੰਤਰੀ ਹੀ ਹਨ। ਇਸ ਸ਼ੈਲੀ ਵਿਚ ਕੀਤੀ ਗਈ ਤੁਕਬੰਦੀ ਜਾਂ ਜੁਗਲਬੰਦੀ ਦੇ ਮਾਅਨੇ ਕੁਝ ਵੀ ਹੋਣ ਮਤਲਬ ਤਾਂ ਵਿਰੋਧੀ ਨੂੰ ਸੱਟ ਮਾਰ ਕੇ ਤਕਲੀਫ ਪਹੁੰਚਾਣਾ ਹੈ ਜਿਵੇਂ ਜੱਟ ਅਤੇ ਤੇਲੀ ਦੇ ਹਸਾਉਂਦੇ ਚੁਟਕਲੇ ਦਾ ਭਾਵ ਹੈ। ਜਦ ਤੇਲੀ ਨੇ ਹੱਸਦਿਆਂ ਜੱਟ ਨੂੰ ਟਿੱਚਰ ਕੀਤੀ- ਜਾਟ ਰੇ ਜਾਟ ਤੇਰੇ ਸਿਰ ਪੈ ਖਾਟ- ਤਾਂ ਜੱਟ ਨੇ ਵੀ ਝੱਟ ਮੋੜਵਾਂ ਜਵਾਬ ਦਿੱਤਾ 'ਤੇਲੀ ਰੇ ਤੇਲੀ ਤੇਰੇ ਸਿਰ ਪੈ ਕੋਹਲੂ- ਤੇਲੀ ਨੇ ਇਤਰਾਜ਼ ਕੀਤਾ ਚੌਧਰੀ, ਤੇਲੀ ਤੇ ਕੋਹਲੂ ਦਾ ਕਾਫੀਆ ਨਹੀਂ ਮਿਲਿਆ। ਜੱਟ ਨੇ ਵੀ ਜਵਾਬ ਦੇ ਵਿਚ ਢਿੱਲ ਨਹੀਂ ਕੀਤੀ ਕਿ ਜੇ ਕਾਫੀਆ ਨਹੀਂ ਮਿਲਿਆ ਤਾਂ ਕੀ ਹੋਇਆ ਕੋਹਲੂ ਦੇ ਭਾਰ ਨਾਲ ਤੇਰੀ ਢੂਹੀ ਤਾਂ ਟੁੱਟੂ। ਜ਼ਾਹਿਰ ਹੈ ਭਾਜਪਾ ਨੇਤਾਵਾਂ ਦਾ ਮੁੱਦਾ ਮਕਸਦ ਵੀ ਤਾਂ ਵਿਰੋਧੀ ਨੇਤਾਵਾਂ ਦੀ ਢੂਹੀ ਤੋੜਨਾ ਹੈ। ਮੋਦੀ ਜੀ ਦੇ ਨਕਸ਼ੇ ਕਦਮ ਤੇ ਚਲਦੇ ਉਹਨਾਂ ਦੇ ਨੰਬਰ ਦੋ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਇਸ ਸ਼ੈਲੀ ਦੇ ਮਾਸਟਰ ਬਣ ਗਏ ਲੱਗਦੇ ਹਨ। ਉਹਨਾਂ ਨੇ ਵੀ ਯੂਪੀ ਦੇ ਇਲੈਕਸ਼ਨਾਂ ਵਿਚ ਮੁੱਖ ਮੰਤਰੀ ਯੋਗੀ ਅਦਿਤਨਾਥ ਦੇ ਰਾਜ ਦੀਆਂ ਸਿਫਤਾਂ ਕਰਦੇ ਹੋਏ ਕਿਹਾ ਕਿ ਉਹਨਾਂ ਨੇ ਮਾਫੀਆ ਨਿਜ਼ਾਮ ਢਹਿ ਢੇਰੀ ਕਰ ਦਿੱਤਾ, ਯਾਨਿ ਨ ਤੋਂ ਨਸੀਮੁੱਦੀਨ, ਜ਼ ਤੋਂ ਆਜ਼ਮ ਖਾਂ ਅਤੇ ਮ ਤੋਂ ਮੁਖਤਾਰ ਅਨਸਾਰੀ। ਇਤਿਹਾਸ ਅਤੇ ਸਾਹਿਤ ਦੇ ਐਨੇ ਡੂੰਘੇ ਗਿਆਨ ਅਤੇ ਖੋਜ ਲਈ ਤਾਂ ਉਹਨਾਂ ਨੂੰ ਡੀਲਿਟ (ਡਾਕਟਰ ਆਫ ਲਿਟ੍ਰੇਚਰ) ਦੀ ਡਿਗਰੀ ਜ਼ਰੂਰ ਮਿਲਣੀ ਚਾਹੀਦੀ ਹੈ।


ਚੋਣਾਂ ਦੇ ਭਲਵਾਨਾਂ ਨੂੰ ਸੌਂਦੇ ਜਾਗਦਿਆਂ, ਉਠਦਿਆਂ-ਬੈਠਦਿਆਂ ਚੋਣਾਂ ਵਿਚ ਜਿੱਤ ਜਾਂ ਹਾਰ ਦੇ ਹੀ ਸੁਪਨੇ ਆਉਂਦੇ ਹਨ। ਇਸੇ ਹੀ ਵਹਿਣ ਵਿਚ ਭਾਜਪਾ ਦੇ ਰਾਜ ਸਭਾ ਮੈਂਬਰ ਹਰਨਾਧ ਸਿੰਘ ਨੇ ਮੀਡੀਆ ਨੂੰ ਬਿਆਨ ਦੇ ਕੇ ਕਿਹਾ ਕਿ ਉਸ ਨੂੰ ਸੁਪਨੇ ਵਿਚ 'ਭਗਵਾਨ' ਕ੍ਰਿਸ਼ਨ ਨ ਦਰਸ਼ਨ ਦੇ ਕੇ ਕਿਹਾ ਹੈ ਕਿ ਯੋਗੀ ਅਦਿਤਨਾਥ ਨੂੰ ਕਹੋ ਕਿ ਉਹ ਮਥੁਰਾ ਤੋਂ ਚੋਣ ਲੜੇ, ਜਿੱਥੋਂ ਉਹ ਕਾਮਯਾਬ ਹੋ ਜਾਵੇਗਾ। ਜਦ ਇਹ ਖਬਰ ਟੀਵੀ ਚੈਨਲਾਂ ਤੇ ਗੂੰਜਣ ਲੱਗ ਪਈ ਤਾਂ ਚੀਫ ਮਨਿਸਟਰ ਕੈਂਡੀਡੇਟ ਅਖਿਲੇਸ਼ ਯਾਦਵ ਨੇ ਨਹਿਲੇ ਤੇ ਦਹਿਲਾ ਮਾਰ ਦਿੱਤਾ ਕਿ 'ਭਗਵਾਨ' ਕ੍ਰਿਸ਼ਨ ਤਾਂ ਮੈਨੂੰ ਆਸ਼ੀਰਵਾਦ ਦੇਣ ਲਈ ਮੇਰੇ ਸੁਪਨੇ ਵਿਚ ਹਰ ਰੋਜ਼ ਆਉਂਦੇ ਹਨ। ਇਕ ਸਧਾਰਨ ਆਦਮੀ ਲਈ ਇਹ ਸਮਝਣਾ ਹੋਰ ਵੀ ਔਖਾ ਹੈ ਕਿ ਇਲੈਕਸ਼ਨਾਂ ਵਿਚ ਜਿੱਤ ਹਾਰ ਦਾ ਫੈਸਲਾ ਲੋਕਾਂ ਦੀਆਂ ਵੋਟਾਂ ਨੇ ਕਰਨਾ ਹੈ ਜਾਂ ਭਗਵਾਨਾਂ ਦੇ ਸੁਪਨਿਆਂ ਵਿਚ ਆ ਕੇ ਦਰਸ਼ਨਾਂ ਨੇ? ਕੋਈ ਕੁਝ ਵੀ ਕਹੇ, ਸਚਾਈ ਕੁਝ ਵੀ ਹੋਵੇ ਹਿੰਦੂ ਧਰਮੀਆਂ ਦੀ (ਕੁਝ ਆਜ਼ਾਦ ਖਿਆਲ ਉਦਾਰਵਾਦੀ ਲੋਕਾਂ ਨੂੰ ਛੱਡ ਕੇ( ਇਹ ਅਟੁੱਟ ਆਸਥਾ ਹੈ ਕਿ ਜਿੱਤ ਹਾਰ ਜਾਂ ਫਾਇਦੇ ਨੁਕਸਾਨ ਵਿਚ ਭਗਵਾਨਾਂ ਦਾ ਬਹੁਤ ਬੜਾ ਹੱਥ ਹੈ ਬਲਕਿ ਉਹਨਾਂ ਦੇ ਹੁਕਮ ਅਨੁਸਾਰ ਸਭ ਕੁਝ ਹੁੰਦਾ ਹੈ ਪਰ ਜੇ ਪੂਜਾ ਪਾਠ ਤੋਂ ਬਾਅਦ ਵੀ ਕਾਮਯਾਬੀ ਨਹੀਂ ਮਿਲਦੀ, ਉਸ ਵਿਚ ਵੀ ਜਾਣੇ ਅਣਜਾਣੇ ਕੀਤਾ ਆਪਣਾ ਹੀ ਕਸੂਰ ਮੰਨਿਆ ਜਾਂਦਾ ਹੈ। ਆਸਥਾ ਦੀ ਫਿਲਾਸਫੀ ਵੀ ਅਜੀਬ ਫਿਲਾਸਫੀ। ਜੇ ਮਿਥਿਹਾਸਕ ਤੁੱਥ ਮੁੱਥ ਮੰਨਣ ਵਾਲੇ ਹੋ ਤਾਂ ਅਸਤਿਕ, ਜੇ ਵਿਗਿਆਨਕ ਸੱਚ ਨੂੰ ਮੰਨੋ ਤਾਂ ਨਾਸਤਿਕ। ਇਹ ਇਸੇ ਆਸਥਾ ਦੇ ਨਾਂ 'ਤੇ ਖੇਡਿਆ ਗਿਆ ਫਰਾਡ (ਦਿਖਾਵਾ) ਹੈ ਕਿ ਕਾਂਸ਼ੀ ਵਿਖੇ ਗੁਰੂ ਰਵਿਦਾਸ ਮੰਦਰ ਵਿਚਮੋਦੀ ਸਾਹਿਬ ਦੇ ਨਾਲ ਕੱਟੜ ਹਿੰਦੂਵਾਦੀ ਯੋਗੀ ਨੂੰ ਵੀ ਨੀਚਾਂ ਅੰਦਰ ਨੀਚ ਸੰਤਰਵਿਦਾਸ ਦੀ ਮੂਰਤੀ ਅੱਗੇ ਮੱਥਾ ਟੇਕਣਾ ਪਿਆ। ਜਿੱਥੇ ਮੋਦੀ ਵੀ ਸਿਰ ਹਿਲਾ ਹਿਲਾ ਕੇ ਖੜਤਾਲਾਂ ਵਜਾਉਂਦੇ ਰਹੇ ਅਤੇ ਕਾਂਗਰਸ ਦੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਾਡਰਾ ਨੇ ਪੰਗਤ ਵਿਚ ਬੈਠ ਕੇ ਲੰਗਰ ਖਾਧਾ। ਇਲੈਕਸ਼ਨਾਂ ਦੇ ਧੂੰਮ ਧੜੱਕੇ ਬਾਅਦ ਮੋਦੀ ਅਤੇ ਯੋਗੀ ਪਤਾ ਨਹੀਂ ਕਿ ਮੰਦਰ ਵਿਚ ਮੱਥਾ ਟੇਕਣਾ ਅਤੇ ਖੜਤਾਲਾਂ ਵਜਾਉਣਾ, ਉਹਨਾਂ ਨੂੰ ਕਿੰਨਾ ਕੁ ਚਿਰ ਯਾਦ ਰਹਿੰਦਾ ਹੈ।

ਪੰਜਾਬ ਵਿਚ ਦਲਿਤ ਆਬਾਦੀ 32 ਫੀਸਦੀ ਹੋਣ ਕਰਕੇ ਦਲਿਤ ਵੋਟਾਂ ਦੀ ਕੀਮਤ ਵੀ ਸਭ ਪਾਰਟੀਆਂ ਦੀ ਨਜ਼ਰਾਂ ਵਿਚ ਬਹੁਤ ਵੱਧ ਗਈ ਹੈ। ਜਨਸੰਖਿਆ ਦੀ ਇਸੇ ਅਹਿਮੀਅਤ ਕਾਰਨ ਪਿਛਲੇ ਮਹੀਨਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਮੁੱਖ ਮੰਤਰੀ ਦੀ ਗੱਦੀ 'ਤੇ ਚਰਨਜੀਤ ਸਿੰਘ ਚੰਨੀ ਨੂੰ ਬੈਠਣ ਦਾ ਮੌਕਾ ਮਿਲਿਆ।ਦਲਿਤ ਵੋਟਰਾਂ ਤੋਂ ਸਮਰਥਨ ਦੀ ਆਸ ਵਿਚ ਹੀ ਕੋਈ ਪਾਰਟੀ ਡਿਪਟੀ ਸੀਐਮ ਦੀ ਪੇਸ਼ਕਸ਼ ਕਰ ਰਹੀ ਹੈ, ਕਈ ਮੰਤਰੀਆਂ ਅਤੇ ਹੋਰ ਉਚੇ ਅਹੁਦਿਆਂ ਦੇ ਵਾਅਦੇ ਕਰ ਰਿਹਾ ਹੈ ਅਤੇ ਨਾਲ ਹੀ ਨਾਲ ਦਲਿਤ ਸੰਤਾਂ/ਮਹਾਂਪੁਰਸ਼ਾਂ ਗੁਰੂ ਰਵਿਦਾਸ, ਰਿਸ਼ੀ ਵਾਲਮੀਕ, ਡਾ. ਅੰਬੇਡਕਰ ਦੇ ਨਾਂ ਤੇ ਮੰਦਰ, ਸਮਾਰਕ ਆਦਿ ਬਣਵਾਉਣ ਦੇ ਲਾਲਚ ਦੇ ਰਹੇ ਹਨ। ਬਾਬਾ ਸਾਹਿਬ ਦੀ ਤਾਂ ਗੱਲ ਹੀ ਛੱਡੋ। ਉਹਨਾਂ ਦੀ ਵਡਿਆਈ ਹਰ ਨੇਤਾ, ਹਰ ਪਾਰਟੀ ਪਾਰਲੀਮੈਂਟ ਦੇ ਅੰਦਰ ਵੀ ਅਤੇ ਬਾਹਰ ਬੜੇ-ਬੜੇ ਸਮੇਲਨਾਂ ਵਿਚ ਕਰ ਰਹੇ ਹਨ ਤਾਂ ਜੋ ਦਲਿਤ ਲੋਕ ਉਹਨਾਂ ਨੂੰ ਆਪਣਾ ਹਿਤੈਸ਼ੀ ਦੋਸਤ ਮੰਨ ਕੇ ਉਹਨਾਂ ਨੂੰ ਵੱਧ ਤੋਂ ਵੱਧ ਵੋਟ ਦੇਣ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਟੀਵੀ ਚੈਨਲਾਂ ਤੇ ਬਿਆਨ ਦਿੰਦੇ ਜ਼ਰੂਰ ਸੁਣਿਆ ਹੋਵੇਗਾ ਕਿ ਮਹਾਤਮਾ ਗਾਂਧੀ ਬਾਰੇ ਪ੍ਰਸਿੱਧ ਸਾਇੰਸਦਾਨ ਅਲਬਰਟ ਆਈਨਸਟਾਈਨ ਨੇ ਕਿਹਾ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਯਕੀਨ ਨਹੀਂ ਕਰਨਗੀਆਂ ਕਿ ਭਾਰਤ ਦੀ ਧਰਤੀ ਤੇ ਗਾਂਧੀ ਜਿਹਾ ਪੂਰਨ ਪੁਰਸ਼ ਹੱਡ ਮਾਸ ਵਿਚ ਚੱਲ-ਫਿਰ ਰਿਹਾ ਹੋਵੇਗਾ। ਲੇਕਿਨ ਮੈਂ ਇਹੀ ਸ਼ਬਦ ਬਾਬਾ ਸਾਹਿਬ ਬਾਰੇ ਕਹਾਂਗਾ, ਜਿਹਨਾਂ ਦਾ ਮੈਂ ਦਿਲ ਤੋਂ ਸ਼ਰਧਾਲੂ ਹਾਂ, ਕਿਸੇ ਅੰਧ ਵਿਸ਼ਵਾਸ ਕਰਕੇ ਨਹੀਂ ਬਲਕਿ ਉਹਨਾਂ ਦੇ ਉਚ ਵਿਚਾਰਾਂ ਅਤੇ ਉਚ ਜੀਵਨ ਫਿਲਾਸਫੀ ਕਾਰਨ। ਕੇਜਰੀਵਾਲ ਨੇ ਇਹ ਵੀ ਐਲਾਨ ਕੀਤਾ ਕਿ ਦਿੱਲੀ ਸਰਕਾਰ ਦੇ ਸਭ ਦਫਤਰਾਂ ਵਿਚ ਮੇਰੀ ਨਹੀਂ ਸਿਰਫ ਬਾਬਾ ਸਾਹਿਬ ਅਤੇ ਭਗਤ ਸਿੰਘ ਦੀ ਫੋਟੋ ਲੱਗੇਗੀ। ਕਹਾਣੀ ਦੇ ਇਸ ਟੂਕ ਦਾ ਮਕਸਦ ਕਿਸੇ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਹੀਂ ਸਗੋਂ ਸਿਰਫ ਬਾਬਾ ਸਾਹਿਬ ਦੇ ਵਿਚਾਰਾਂ ਦੀ ਮਹਾਨਤਾ ਅਤੇ ਸਰਬਾਂਗਤਾ ਹੀ ਦਰਸਾਣਾ ਹੈ।

ਚੋਣ ਦੰਗਲ ਵਿਚ ਬਾਬਾ ਸਾਹਿਬ ਦੇ ਵਿਚਾਰਾਂ ਅਤੇ ਉਹਨਾਂ ਦੇ ਬੇਮਿਸਾਲ ਯੋਗਦਾਨ ਨੂੰ ਦੇਖ ਕੇ ਹਰ ਦਲਿਤ ਅਤੇ ਸ਼ੋਸ਼ਿਤ ਬੰਦੇ ਦਾ ਸਿਰ ਮਾਣ ਨਾਲ ਉਚਾ ਹੋ ਜਾਣਾ ਚਾਹੀਦੈ ਅਤੇ ਉਸ ਦਾ ਕੁਝ ਅਸਰ ਹੋਇਆ ਵੀ ਦਿਸਣਾ ਚਾਹੀਦੈ ਪਰ ਕੀ ਅਜਿਹਾ ਅਸਰ ਵਾਕਿਆ ਹੀ ਦਿਸ ਰਿਹਾ ਹੈ? ਉਨਤੀ ਅਤੇ ਵਿਕਾਸ ਵਿਚ ਹੋਈ ਤਰੱਕੀ ਨੂੰ ਦੇਖ ਕੇ ਕਹਿਣਾ ਪਵੇਗਾ ਕਿ ਹਾਲੇ ਬਹੁਤ ਕੁਝ ਹੋਣਾ/ਕਰਨਾ ਬਾਕੀ ਹੈ।

ਉਸ ਵਿਚ ਹਿੰਦੂ ਉਚ ਸਮਾਜ ਦਾ ਦਵੈਸ਼ ਪੂਰਨ ਰਵੱਈਆ ਤਾਂ ਕਾਰਨ ਹੈ ਹੀ ਲੇਕਿਨ ਦਲਿਤ ਸਮਾਜ ਦੇ ਉਚ ਨੇਤਾਵਾਂ ਦੀ ਆਪਸੀ ਫੁੱਟ ਅਤੇ ਖੁਦਗਰਜ਼ੀ ਮਾਨਸਿਕਤਾ ਘੱਟ ਜ਼ਿੰਮੇਵਾਰ ਨਹੀਂ, 32 ਫੀਸਦੀ ਦੀ ਤਾਕਤ ਦਾ ਜਿਸ ਨੂੰ ਦੇਖ ਕੇ ਦੂਜੀਆਂ ਪਾਰਟੀਆਂ ਖੌਫ ਖਾਂਦੀਆਂ ਹਨ, ਦਾ ਮਤਲਬ ਹੀ ਕੀ ਰਹਿ ਜਾਂਦਾ ਹੈ ਜਦ 32 ਫੀਸਦੀ ਥੋੜ੍ਹੇ-ਥੋੜ੍ਹੇ ਹਿੱਸਿਆਂ ਵਿਚ ਵੰਡ ਹੋ ਕੇ ਆਪਣਾ ਆਜ਼ਾਦ ਅਸਤਿਤਵ (ਹੋਂਦ) ਨੂੰ ਹੀ ਗੁਆ ਬੈਠੇ? ਕੋਈ ਲੀਡਰ ਅਕਾਲੀਆਂ ਵਿਚ ਜਾ ਰਲਦਾ ਹੈ, ਕੋਈ ਕਾਂਗਰਸ ਵਿਚ, ਕੋਈ ਆਮ ਆਦਮੀ ਪਾਰਟੀ ਨਾਲ ਜੁੜ ਜਾਂਦਾ ਹੈ। ਇਸ ਖੇਡ ਵਿਚ ਭਾਜਪਾ ਸਭ ਤੋਂ ਵੱਧ ਕਾਮਯਾਬ ਪਾਰਟੀ ਮੰਨੀ ਗਈ ਹੈ, ਜਿਸ ਕੋਲ ਦੂਜੀਆਂ ਪਾਰਟੀਆਂ ਦੇ ਲੀਡਰਾਂ ਅਤੇ ਵਿਧਾਇਕਾਂ ਨੂੰ ਖਰੀਦਣ ਲਈ ਅਥਾਹ ਧੰਨ ਦੌਲਤ ਵੀ ਹੈ। ਸਰਕਾਰੀ ਤੰਤਰ ਦੀ ਤਾਕਤ ਵੀ। ਦਲਿਤ ਕਲਾਸ ਦੇ ਰਿਟਾਇਰ ਹੋਏ ਜਾਂ ਹੋ ਰਹੇ ਅਫਸਰ ਉਸ ਦੇ ਖਾਸ ਨਿਸ਼ਾਨੇ ਤੇ ਰਹਿੰਦੇ ਹਨ। ਸੱਚ ਤਾਂ ਇਹ ਹੈ ਕਿ ਰਿਜ਼ਰਵੇਸ਼ਨ ਕਹਿਣ ਨੂੰ ਤਾਂ ਐਸ. ਸੀ./ਐਸ. ਟੀ. ਤਬਕਿਆਂ ਦੀ ਹੈ ਲੇਕਿਨ ਅਸਲ ਵਿਚ ਫਾਇਦਾ ਦੂਜੀਆਂ ਪਾਰਟੀਆਂ ਅਕਾਲੀ ਦਲ, ਕਾਂਗਰਸ, ਭਾਜਪਾ ਜਾਂ ਆਮ ਆਦਮੀ ਪਾਰਟੀ ਆਦਿ ਹੀ ਉਠਾਉਂਦੀਆਂ ਹਨ। ਰਾਜਨੀਤਿਕ ਰਿਜ਼ਰਵੇਸ਼ਨ ਉਹਨਾਂ ਦੇ ਫਾਇਦੇ ਲਈ ਹੀ ਬਣ ਕੇ ਰਹਿ ਗਈ ਹੈ। ਸੰਵਿਧਾਨ ਰਾਹੀਂ ਦਿੱਤੀ ਗਈ ਰਿਜ਼ਰਵੇਸ਼ਨ ਦੀ ਧਾਰਾ ਮੋਹਨ ਭਾਗਤ ਦੀ ਕਿਰਪਾ ਨਾਲ ਹਟ ਗਈ ਤਾਂ ਬਾਬਾ ਸਾਹਿਬ ਦੀ ਵਾਰਨਿੰਗ ਅਨੁਸਾਰ ਦਲਿਤ ਵਿਧਾਇਕ ਜਾਂ ਸਾਂਸਦ ਚਿੜੀਆਘਰ ਦੇ ਜਾਨਵਰਾਂ ਵਾਂਗ ਕੇਵਲ ਦਰਸ਼ਨ ਮਾਤਰ ਹੀ ਨਜ਼ਰ ਆਉਣਗੇ।

ਇਕ ਹੋਰ ਸਵਾਲ ਜੋ ਹਿੰਦੂ ਲੋਕਾਂ ਦਰਮਿਆਨ ਗਰਮਾ-ਗਰਮ ਬਹਿਸ ਦਾ ਮੁੱਦਾ ਬਣ ਕੇ ਉਭਰਿਆ ਹੈ ਉਹ ਸੀ ਕਿ ਉਹਨਾਂ ਵਿਚੋਂ ਅਸਲੀ ਹਿੰਦੂ ਕੌਣ ਹੈ ਤੇ ਨਕਲੀ ਕੌਣ। ਇਸ ਸਵਾਲ ਤੇ ਮਿਹਣੇ ਤਾਅਨਿਆਂ ਦਾ ਸਿਲਸਿਲਾ ਕਦੋਂ ਦਾ ਚਲਦਾ ਆਇਆ ਹੈ, ਲੇਕਿਨ ਇਲੈਕਸ਼ਨਾਂ ਦੀ ਗਰਮੀ ਵਿਚ ਇਸ ਦੀ ਰਫਤਾਰ ਅਤੇ ਗੁਫਤਾਰ ਵਿਚ ਹੋਰ ਤੇਜ਼ੀ ਆ ਗਈ ਹੈ। ਹਿੰਦੂ ਧਰੁਵੀਕਰਨ- ਇਸ ਦਾ ਖਾਸ ਮਕਸਦ ਹੈ। ਸਭ ਤੋਂ ਵੱਧ ਭਾਜਪਾ ਦੇ ਨਿਸ਼ਾਨੇ ਤੇ ਨਹਿਰੂ ਗਾਂਧੀ ਕੁਨਬਾ ਹੈ, ਜਿਸ ਨੂੰ ਮਾਰ ਮੁਕਾਉਣ ਲਈ ਹਰ ਹਥਿਆਰ ਵਰਤ ਰਹੇ ਹਨ। ਮਿਹਣੇ ਤਾਅਨਿਆਂ ਦੀ ਝੜੀ ਵਿਚ ਜਦ ਰਾਹੁਲ ਗਾਂਧੀ ਨੇ ਕੱਪੜਿਆਂ ਵਿਚੋਂ ਜਨੇਊ ਦਿਖਾ ਕੇ ਦਾਅਵਾ ਕੀਤਾ ਕਿ ਮੈਂ ਬ੍ਰਾਹਮਣ ਹਾਂ, ਜਿਸ ਦੇ ਜਵਾਬ ਵਿਚ ਭਾਜਪਾ ਵਾਲਿਆਂ ਨੇ ਪੰਡਤ ਨਹਿਰੂ ਦੀ ਲਿਖਤ ਦਾ ਹਵਾਲਾ ਦੇ ਕੇ ਚੁਣੌਤੀ ਦਿੱਤੀ ਕਿ ਉਹ ਕੇਵਲ ਇਤਫਾਕੀਆ ਹਿੰਦੂ ਹਨ। ਪੰਡਤ ਨਹਿਰੂ ਨੇ ਇਕ ਕਿਤਾਬ ਵਿਚ ਲਿਖਿਆ ਸੀ 'ਆਈ ਵਾਜ਼ ਐਕਸੀਡੈਂਟਲੀ ਬੌਰਨ ਇਨ ਏ ਹਿੰਦੂ ਫੈਮਲੀ'।



ਫਿਲਹਾਲ ਅਸਲ ਸਚਾਈ ਕੁਝ ਵੀ ਹੋਵੇ, ਲੜ ਰਹੇ ਵਿਰੋਧੀਆਂ ਦੇ ਹੱਥ ਡਾਂਗ ਸੋਟਾ ਹੱਥ ਕੁਝ ਵੀ ਆ ਜਾਵੇ, ਉਸਨੇ ਅਗਲੇ ਦੀ ਟੰਗ ਤੋੜਨ ਵਿਚ ਕੋਈ ਕਸਰ ਨਹੀਂ ਛੱਡਣੀ। ਇਸ ਬਹਿਸ ਵਿਚ ਉਦੋਂ ਕੁਝ ਸੰਜੀਦਗੀ ਆਈ ਜਦ ਰਾਹੁਲ ਗਾਂਧੀ ਨੇ ਲੋਕ ਸਭਾ ਵਿਚ ਭਾਜਪਾ ਵਾਲਿਆਂ ਤੇ ਇਹ ਟਿੱਪਣੀ ਕੀਤੀ ਕਿ ਉਹ ਸਧਾਰਨ ਹਿੰਦੂ ਨਹੀਂ ਬਲਕਿ ਹਿੰਦੂਤਵਵਾਦੀ ਹਿੰਦੂ ਹਨ। ਸਧਾਰਨ ਹਿੰਦੂ ਅਤੇ ਹਿੰਦੂਤਵਵਾਦੀ ਹਿੰਦੂ ਦਾ ਫਰਕ ਸਮਝਾਉਂਦਿਆਂ ਉਸਨੇ ਸਪਸ਼ਟ ਕੀਤਾ ਕਿ ਹਿੰਦੂ ਧਰਮ ਨੂੰ ਮੰਨਣ ਵਾਲੇ ਸਾਰੇ ਲੋਕ ਹਿੰਦੂ ਹਨ, ਜਦਕਿ ਧਰਮ ਨੂੰ ਹਥਿਆਰ ਬਣਾ ਕੇ ਅਤੇ ਉਸ ਰਾਹੀਂ ਕੁਝ ਤਬਕਿਆਂ ਖਿਲਾਫ ਨਫਰਤ ਪੈਦਾ ਕਰਕੇ ਰਾਜਨੀਤੀ ਕਰਨ ਵਾਲੇ ਲੋਕ ਹਿੰਦੂਤਵਵਾਦੀ ਹਿੰਦੂ ਹਨ, ਜਿਹਨਾਂ ਦਾ ਉਦੇਸ਼ ਕੇਵਲ ਦੇਸ਼ ਦੀ ਰਾਜ ਸੱਤਾ ਤੇ ਕਬਜ਼ਾ ਕਰਕੇ ਸ਼ੁੱਧ ਹਿੰਦੂ ਰਾਜ ਸਥਾਪਤ ਕਰਨਾ ਹੈ, ਜਿਸ ਦੇ ਪ੍ਰੇਰਨਾ ਸਰੋਤ ਗ੍ਰੰਥ ਵੇਦ, ਪੁਰਾਣ, ਗੀਤਾ ਅਤੇ ਰਮਾਇਣ-ਮਹਾਂਭਾਰਤ ਹਨ ਅਤੇ ਸਮਾਜਿਕ, ਆਰਥਿਕ ਵਿਵਸਥਾ ਨੂੰ ਵਿਵਹਾਰਿਕ ਰੂਪ ਦੇਣ ਵਾਲੇ ਪੂਜਨੀਕ ਗ੍ਰੰਥ ਮਨੂੰ ਸਿਮਰਤੀ ਅਤੇ ਹੋਰ ਸਿਮਰਤੀਆਂ ਹਨ। ਲੇਕਿਨ ਵਰਤਮਾਨ ਸਮੇਂ ਵਿਚ ਇਸ ਚਤਰ ਵਰਨੀ ਵਿਵਸਥਾ ਤੋਂ ਪੂਰਾ ਫਾਇਦਾ ਲੈਣ ਲਈ ਨਵੀਂ ਸੰਕਲਪਨਾ ਹਿੰਦੂਤਵ ਪੈਦਾ ਕੀਤੀ, ਜਿਸ ਦੇ ਜਨਮਦਾਤਾ ਹਿੰਦੂ ਮਹਾਂਸਭਾ ਦੇ ਪ੍ਰਸਿੱਧ ਨੇਤਾ ਵਿਨਾਇਕ ਸਾਵਰਕਰ ਨੂੰ ਮੰਨਿਆ ਜਾਂਦਾ ਹੈ। ਇਸ ਸਿਧਾਂਤ ਵਿਚ ਜਿਹਨਾਂ ਮਾਪਦੰਡਾਂ ਨੂੰ ਆਧਾਰ ਬਣਾਇਆ ਗਿਆ ਹੈ, ਉਹ ਹਨ ਪਿਤਰ ਭੂਮੀ ਅਤੇ ਪੁਨਯ ਭੂਮੀ ਯਾਨਿ ਜੋ ਬੰਦਾ ਭਾਰਤ ਵਿਚ ਪੈਦਾ ਹੋਇਆ ਹੋਵੇ ਅਤੇ ਇੱਥੋਂ ਦੇ ਦੇਵੀ ਦੇਵਤਿਆਂ ਨੂੰ ਪੂਜਣਯੋਗ ਇਸ਼ਟ ਮੰਨਦਾ ਹੋਵੇ। ਇਸ ਸੰਕਲਪਨਾ ਨੂੰ ਹੋਰ ਤਿੱਖੀ ਧਾਰ ਦੇਣ ਵਾਲੇ ਆਰ. ਐਸ. ਐਸ. ਦੇ ਦੂਜੇ ਸਰਸੰਘ ਚਾਲਕ ਐਮ. ਐਸ. ਗੋਲਵਾਲਕਰ ਹਨ, ਜਿਹਨਾਂ ਨੇ 'ਨੇਸ਼ਨ ਹੁੱਡ, ਰੀਡਫੀਲਡ ਅਤੇ ਬੈਂਚ ਆਫ ਥਾਟਸ' ਨਾਮਕ ਪੁਸਤਕਾਂ ਰਾਹੀਂ ਸਾਫ ਸ਼ਬਦਾਂ ਵਿਚ ਲਿਖ ਦਿੱਤਾ ਹੈ ਕਿ 'ਜੇ ਮੁਸਲਮਾਨ ਅਤੇ ਇਸਾਈ ਲੋਕਾਂ ਨੇ ਭਾਰਤ ਵਿਚ ਰਹਿਣਾ ਹੈ ਤਾਂ ਉਹਨਾਂ ਨੂੰ ਨਾਗਰਿਕ ਅਧਿਕਾਰਾਂ ਤੋਂ ਵੰਚਿਤ ਨੰਬਰ ਦੋ ਦੇ ਨਾਗਰਿਕ ਬਣ ਕੇ ਰਹਿਣਾ ਹੋਵੇਗਾ।'

ਉਹਨਾਂ ਹੀ ਨਿਰਦੇਸ਼ਕ ਹਦਾਇਤਾਂ ਅਨੁਸਾਰ ਮੌਜੂਦਾ ਭਾਜਪਾ ਮੋਦੀ ਸਰਕਾਰ ਨੇ ਕਈ ਕਾਨੂੰਨ ਬਣਾ ਵੀ ਦਿੱਤੇ ਹਨ ਅਤੇ ਬਹੁਤ ਤਿਆਰੀ ਅਧੀਨ ਹਨ। ਪਤਾ ਨਹੀਂ ਕੱਲ੍ਹ ਨੂੰ ਜੇ ਇਹੀ ਰਫਤਾਰ ਜਾਰੀ ਰਹੀ ਤਾਂ ਭਾਰਤ ਦਾ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਨਕਸ਼ਾ ਕਿਹੋ ਜਿਹਾ ਬਣਨ ਵਾਲਾ ਹੈ।

# ਯੂਕਰੇਨ-ਰੂਸ ਸੰਕਟ ਵਿੱਚ ਇਸਲਾਮਿਕ ਦੇਸ਼ ਕਿਸ ਦੇ ਨਾਲ ਖੜ੍ਹੇ ਹਨ? ਦੁਚਿੱਤੀ 'ਚ ਭਾਰਤ

ਯੂਕਰੇਨ ਦੀ 4-49 ਕਰੋੜ ਦੀ ਆਬਾਦੀ ਦਾ ਇੱਕ ਤੋਂ ਦੋ ਫੀਸਦੀ ਮੁਸਲਮਾਨ ਹਨ। ਇੱਥੇ ਜ਼ਿਆਦਾਤਰ ਆਬਾਦੀ ਈਸਾਈ ਹੈ। ਰੂਸ ਨੇ ਪੂਰਬੀ ਯੂਕਰੇਨ 'ਤੇ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰੂਸ ਦੀ ਇਸ ਕਾਰਵਾਈ ਤੋਂ ਪੱਛਮੀ ਦੇਸ਼ ਨਾਰਾਜ਼ ਹਨ ਅਤੇ ਹੁਣ ਤੱਕ ਕਈ ਪਾਬੰਦੀਆਂ ਦਾ ਐਲਾਨ ਕਰ ਚੁੱਕੇ ਹਨ। ਜਾਪਾਨ ਅਤੇ ਆਸਟ੍ਰੇਲੀਆ ਵੀ ਪੱਛਮੀ ਦੇਸ਼ਾਂ ਦੇ ਨਾਲ ਖੜੇ ਹਨ। ਇਨ੍ਹਾਂ ਤੋਂ ਇਲਾਵਾ ਬਾਕੀ ਦੇਸ਼ ਵੀ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਸੰਤੁਲਿਤ ਬਿਆਨ ਦੇ ਰਹੇ ਹਨ।ਆਓ ਇੱਕ ਝਾਤ ਮਾਰੀਏ ਕਿ ਯੂਕਰੇਨ ਨੂੰ ਲੈ ਕੇ ਚੱਲ ਰਹੇ ਟਕਰਾਅ ਵਿੱਚ ਪ੍ਰਮੁੱਖ ਇਸਲਾਮਿਕ ਦੇਸ਼ ਜਾਂ ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਕਿਸ ਦੇ ਨਾਲ ਹਨ-

**ਸਾਊਦੀ ਅਰਬ**

23 ਫਰਵਰੀ ਨੂੰ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ, ਸਾਊਦੀ ਅਰਬ ਨੇ ਰੂਸ ਦੀ ਨਿੰਦਾ ਕੀਤੇ ਬਿਨਾਂ ਇੱਕ ਕੂਟਨੀਤਕ ਹੱਲ ਦੀ ਗੱਲ ਕੀਤੀ। ਸਾਊਦੀ ਅਰਬ ਨੇ ਦੋਹਾਂ ਪੱਖਾਂ ਨੂੰ ਫੌਜੀ ਤਣਾਅ ਘੱਟ ਕਰਨ ਦੀ ਅਪੀਲ ਕੀਤੀ। ਕਿਹਾ ਜਾ ਰਿਹਾ ਹੈ ਕਿ ਮੀਡੀਆ ਦਾ ਧਿਆਨ ਯੂਕਰੇਨ 'ਤੇ ਹੈ ਪਰ ਇਸ ਕਾਰਨ ਗੈਸ ਦੀਆਂ ਵਧਦੀਆਂ ਕੀਮਤਾਂ ਦੀ ਚਰਚਾ ਘੱਟ ਹੋ ਰਹੀ ਹੈ।ਯੂਕਰੇਨ ਸੰਕਟ ਕਾਰਨ ਗੈਸ ਦੀ ਕੀਮਤ ਪਿਛਲੇ ਸੱਤ ਸਾਲਾਂ ਵਿੱਚ ਸਭ ਤੋਂ ਵੱਧ ਹੋ ਗਈ ਹੈ। ਰੂਸ ਅਤੇ ਸਾਊਦੀ ਅਰਬ ਵਿਚਕਾਰ ਭਾਈਵਾਲੀ ਹਾਲ ਦੇ ਸਾਲਾਂ ਵਿੱਚ ਨਾਟਕੀ ਢੰਗ ਨਾਲ ਵਧੀ ਹੈ। ਰੂਸ ਅਤੇ ਸਾਊਦੀ ਅਰਬ ਦੋਵੇਂ ਦੁਨੀਆ ਦੇ ਸਭ ਤੋਂ ਵੱਡੇ ਤੇਲ ਉਤਪਾਦਕ ਹਨ ਅਤੇ ਨਿਰਯਾਤ ਦੇ ਫੈਸਲਿਆਂ ਨੂੰ ਕੰਟਰੋਲ ਕਰਦੇ ਹਨ।

ਅਮਰੀਕਾ ਅਤੇ ਸਾਊਦੀ ਅਰਬ ਦੇ ਰਿਸ਼ਤੇ ਪਹਿਲਾਂ ਵਰਗੇ ਨਹੀਂ ਰਹੇ। ਇਸ ਦਾ ਸੰਕੇਤ ਇਸ ਮਹੀਨੇ ਵੀ ਮਿਲਿਆ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਸਾਊਦੀ ਅਰਬ ਨੂੰ ਤੇਲ ਉਤਪਾਦਨ ਵਧਾਉਣ ਦੀ ਅਪੀਲ ਕੀਤੀ ਸੀ। ਜੇਕਰ ਸਾਊਦੀ ਨੇ ਅਜਿਹਾ ਕੀਤਾ ਹੁੰਦਾ ਤਾਂ ਇਸ ਨਾਲ ਨਾ ਸਿਰਫ ਮਹਿੰਗਾਈ ਅਤੇ ਗੈਸ ਦੀਆਂ ਕੀਮਤਾਂ ਨੂੰ ਘੱਟ ਕਰਨ 'ਚ ਮਦਦ ਮਿਲਦੀ, ਸਗੋਂ ਇਸ ਨਾਲ ਰੂਸ ਦੇ ਫਾਇਦੇ 'ਤੇ ਵੀ ਕੰਟਰੋਲ ਹੁੰਦਾ। ਪਰ ਸਾਊਦੀ ਅਰਬ ਨੇ ਇਸ ਤੋਂ ਇਨਕਾਰ ਕਰ ਦਿੱਤਾ।ਕਿਹਾ ਜਾਂਦਾ ਹੈ ਕਿ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਵਧਦੀ ਤਾਕਤ ਦਾ ਨਤੀਜਾ ਇਹ ਵੀ ਨਿਕਲਿਆ ਹੈ ਕਿ ਸਾਊਦੀ ਅਤੇ ਰੂਸ ਦੇ ਸਬੰਧ ਡੂੰਘੇ ਹੋਏ ਹਨ। 2015 ਦੀਆਂ ਗਰਮੀਆਂ ਵਿੱਚ ਪੁਤਿਨ ਅਤੇ ਕ੍ਰਾਊਨ ਪ੍ਰਿੰਸ ਵਿਚਕਾਰ ਪਹਿਲੀ ਮੁਲਾਕਾਤ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦੋਵਾਂ ਨੇਤਾਵਾਂ ਦੀਆਂ ਕਈ ਬੈਠਕਾਂ ਹੋ ਚੁੱਕੀਆਂ ਹਨ। ਜਦੋਂ ਬਿਡੇਨ ਰਾਸ਼ਟਰ-ਪਤੀ ਬਣੇ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਉਹ ਸਿਰਫ ਆਪਣੇ ਹਮਰੁਤਬਾ ਨਾਲ ਮੁਲਾਕਾਤ ਕਰਨਗੇ। ਕ੍ਰਾਊਨ ਪ੍ਰਿੰਸ ਸਾਊਦੀ ਅਰਬ ਦੇ ਰੱਖਿਆ ਮੰਤਰੀ ਹਨ ਅਤੇ ਸਿਰਫ਼ ਅਮਰੀਕਾ ਦੇ ਰੱਖਿਆ ਮੰਤਰੀ ਹੀ ਉਨ੍ਹਾਂ ਨੂੰ ਮਿਲਣਗੇ।

ਦ ਇੰਟਰਸੈਪਟ ਦੀ ਇੱਕ ਰਿਪੋਰਟ ਵਿੱਚ, ਬਰੂਕਿੰਗਜ਼ ਇੰਸਟੀਚਿਊਟ ਦੇ ਸੀਨੀਅਰ ਫੈਲੋ ਬਰੂਸ ਰੀਡੇਲ ਨੇ ਕਿਹਾ: "ਪੁਤਿਨ ਅਤੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਵਿੱਚ ਬਹੁਤ ਕੁਝ ਸਮਾਨ ਹੈ। ਘਰ ਦੇ ਅੰਦਰ ਜਾਂ ਬਾਹਰ ਆਪਣੇ ਵਿਰੋਧੀਆਂ ਨੂੰ ਬਰਦਾਸ਼ਤ ਨਾ ਕਰੋ। ਦੋਵੇਂ ਗੁਆਂਢੀ ਦੇਸ਼ਾਂ ਵਿੱਚ ਹਮਲੇ ਕਰਦੇ ਹਨ ਅਤੇ ਤੇਲ ਦੀਆਂ ਕੀਮਤਾਂ ਨੂੰ ਵੱਧ ਤੋਂ ਵੱਧ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਯੂਕਰੇਨ 'ਤੇ ਹਮਲੇ ਤੋਂ ਬਾਅਦ ਸਾਊਦੀ ਕਰਾਊਨ ਪ੍ਰਿੰਸ ਲਈ ਸਭ ਤੋਂ ਵਧੀਆ ਮੌਕਾ ਹੋਵੇਗਾ। ਕਿਉਂਕਿ ਤੇਲ ਦੀ ਕੀਮਤ ਸੱਤਵੇਂ ਅਸਮਾਨ 'ਤੇ ਪਹੁੰਚ ਜਾਵੇਗੀ।ਕਈ ਲੋਕ ਸਾਊਦੀ ਬਾਰੇ ਇਹ ਸਵਾਲ ਵੀ ਉਠਾ ਰਹੇ ਹਨ ਕਿ ਉਸ ਨੂੰ ਯੂਕਰੇਨ 'ਤੇ ਬੋਲਣ ਦਾ ਅਧਿਕਾਰ ਨਹੀਂ ਹੈ ਕਿਉਂਕਿ ਯਮਨ 'ਚ ਕਈ ਸਾਲਾਂ ਤੋਂ ਫੌਜੀ ਕਾਰਵਾਈ ਹੋ ਰਹੀ ਹੈ। ਬੁੱਧਵਾਰ ਨੂੰ ਭਾਰਤ ਦੇ ਮਸ਼ਹੂਰ ਗੀਤਕਾਰ ਜਾਵੇਦ ਅਖਤਰ ਨੇ ਟਵੀਟ ਕੀਤਾ ਸੀ ਕਿ ਯਮਨ 'ਚ ਸਾਊਦੀ ਅਰਬ ਦੀ ਬੰਬਾਰੀ 'ਤੇ ਪੱਛਮੀ ਤਾਕਤਾਂ ਚੁੱਪ ਕਿਉਂ ਹਨ?

**ਤੁਰਕੀ**

ਤੁਰਕੀ ਸੰਵਿਧਾਨਕ ਤੌਰ 'ਤੇ ਇਸਲਾਮਿਕ ਦੇਸ਼ ਨਹੀਂ ਹੈ, ਪਰ ਇਸਦੀ ਬਹੁਗਿਣਤੀ ਆਬਾਦੀ ਮੁਸਲਿਮ ਹੈ। ਤੁਰਕੀ ਵੀ ਨਾਟੋ ਦਾ ਮੈਂਬਰ ਹੈ। ਨਾਟੋ ਦੇ ਮੈਂਬਰ ਹੋਣ ਦੇ ਨਾਤੇ, ਉਹ ਯੂਕਰੇਨ 'ਤੇ ਰੂਸੀ ਹਮਲੇ ਦੇ ਨਾਲ ਨਹੀਂ ਹੈ, ਪਰ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਾਇਪ ਏਰਦੋਗਨ ਜਦੋਂ ਅਮਰੀਕਾ ਤੋਂ ਨਾਰਾਜ਼ ਹੁੰਦੇ ਹਨ ਤਾਂ ਪੁਤਿਨ ਕੋਲ ਜਾਂਦੇ ਹਨ। ਅਮਰੀਕਾ ਨੇ ਰੂਸ ਤੋਂ ਐਸ-400 ਮਿਜ਼ਾਈਲ ਸਿਸਟਮ ਲੈਣ ਲਈ ਤੁਰਕੀ 'ਤੇ ਪਾਬੰਦੀਆਂ ਵੀ ਲਗਾ ਦਿੱਤੀਆਂ ਹਨ। ਬਿਡੇਨ ਦੇ ਆਉਣ ਤੋਂ ਬਾਅਦ ਅਮਰੀਕਾ ਨਾਲ ਤੁਰਕੀ ਦੇ ਸਬੰਧ ਵਿਗੜ ਗਏ ਹਨ।ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਬੁੱਧਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫੋਨ 'ਤੇ ਗੱਲ ਕੀਤੀ। ਤੁਰਕੀ ਦੇ ਰਾਸ਼ਟਰਪਤੀ ਦੇ ਅਧਿਕਾਰਤ ਟਵਿੱਟਰ ਅਕਾਊਂਟ ਤੋਂ ਇਸ ਗੱਲਬਾਤ ਬਾਰੇ ਬਿਆਨ ਜਾਰੀ ਕੀਤਾ ਗਿਆ ਹੈ।


ਇਸ ਗੱਲਬਾਤ 'ਚ ਰੂਸ-ਯੂਕਰੇਨ ਦੇ ਮੁੱਦੇ 'ਤੇ ਚਰਚਾ ਹੋਈ। ਰਾਸ਼ਟਰਪਤੀ ਏਰਦੋਆਨ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਗੱਲਬਾਤ ਨੂੰ ਮਹੱਤਵ ਦਿੱਤਾ ਹੈ, ਜਿਸ ਦੇ ਕਈ ਚੰਗੇ ਨਤੀਜੇ ਸਾਹਮਣੇ ਆਏ ਹਨ ਅਤੇ ਉਹ ਗੱਲਬਾਤ ਕਰਦੇ ਰਹਿਣਗੇ। ਤੁਰਕੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਉਨ੍ਹਾਂ ਉਪਾਵਾਂ ਦਾ ਸਮਰਥਨ ਨਹੀਂ ਕਰਦਾ ਜੋ ਯੂਕਰੇਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੇ ਹਨ ਅਤੇ ਇਸਦਾ ਸਟੈਂਡ ਸਿਧਾਂਤਾਂ 'ਤੇ ਅਧਾਰਤ ਹੈ। ਏਰਦੋਆਨ ਨੇ ਮਿੰਸਕ ਸਮਝੌਤੇ ਦੇ ਤਹਿਤ ਸਮੱਸਿਆ ਨੂੰ ਹੱਲ ਕਰਨ 'ਤੇ ਜ਼ੋਰ ਦਿੱਤਾ।

ਮੌਜੂਦਾ ਸਥਿਤੀ ਨੂੰ ਗੁੰਝਲਦਾਰ ਦੱਸਦੇ ਹੋਏ ਏਰਦੋਆਨ ਨੇ ਕਿਹਾ ਕਿ ਫੌਜੀ ਸੰਘਰਸ਼ ਦਾ ਕਿਸੇ ਨੂੰ ਫਾਇਦਾ ਨਹੀਂ ਹੋਵੇਗਾ, ਇਸ ਲਈ ਤੁਰਕੀ ਕੂਟਨੀਤਕ ਮਾਧਿਅਮ ਰਾਹੀਂ ਹੱਲ ਕੱਢਣ ਦੇ ਪੱਖ ਵਿੱਚ ਹੈ। ਤੁਰਕੀ ਵੀ ਤਣਾਅ ਘੱਟ ਕਰਨ ਲਈ ਭੂਮਿਕਾ ਨਿਭਾਉਣ ਲਈ ਤਿਆਰ ਹੈ। ਏਰਦੋਆਨ ਨੇ ਕਿਹਾ ਕਿ ਤੁਰਕੀ ਨਾਟੋ ਵਿੱਚ ਵੀ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਂਦਾ ਰਹੇਗਾ। ਤੁਰਕੀ ਦੇ ਰਾਸ਼ਟਰਪਤੀ ਨੇ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਵੀ ਉੱਚ ਪੱਧਰੀ ਸਹਿਯੋਗ ਪ੍ਰੀਸ਼ਦ ਦੀ ਬੈਠਕ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

**ਈਰਾਨ**

ਈਰਾਨ ਇੱਕ ਸ਼ੀਆ ਮੁਸਲਿਮ ਬਹੁਗਿਣਤੀ ਵਾਲਾ ਦੇਸ਼ ਹੈ। ਈਰਾਨ ਦੇ ਅਮਰੀਕਾ ਨਾਲ ਸਬੰਧ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਖਰਾਬ ਰਹੇ ਹਨ। ਈਰਾਨ ਦੇ ਰੂਸ ਨਾਲ ਚੰਗੇ ਸਬੰਧ ਹਨ।ਯੂਕਰੇਨ ਸੰਕਟ ਬਾਰੇ ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਸਈਦ ਖਤੀਬਜ਼ਾਦੇਹ ਨੇ ਮੰਗਲਵਾਰ ਨੂੰ ਕਿਹਾ, "ਇਸਲਾਮਿਕ ਰੀਪਬਲਿਕ ਆਫ ਈਰਾਨ ਹਰ ਪਾਸਿਓਂ ਧੀਰਜ ਦੀ ਉਮੀਦ ਕਰਦਾ ਹੈ। ਤਣਾਅ ਵਧਾਉਣ ਵਾਲੇ ਕਿਸੇ ਵੀ ਤਰ੍ਹਾਂ ਦੇ ਕਦਮ ਤੋਂ ਬਚਣਾ ਚਾਹੀਦਾ ਹੈ। ਸਾਰੀਆਂ ਧਿਰਾਂ ਆਪਣੇ ਮਤਭੇਦਾਂ ਨੂੰ ਗੱਲਬਾਤ ਰਾਹੀਂ ਹੱਲ ਕਰ ਸਕਦੀਆਂ ਹਨ। ਬਦਕਿਸਮਤੀ ਨਾਲ, ਅਮਰੀਕਾ ਨੇ ਨਾਟੋ ਦੀ ਦਖਲਅੰਦਾਜ਼ੀ ਅਤੇ ਭੜਕਾਹਟ ਨਾਲ ਖੇਤਰ ਦੀ ਸਥਿਤੀ ਨੂੰ ਗੁੰਝਲਦਾਰ ਬਣਾ ਦਿੱਤਾ ਹੈ।

ਹਾਲਾਂਕਿ, ਰੂਸ ਨਾਲ ਈਰਾਨ ਦੇ ਸਬੰਧ ਇਤਿਹਾਸਕ ਤੌਰ 'ਤੇ ਸੁਹਿਰਦ ਨਹੀਂ ਰਹੇ ਹਨ। 1943 ਵਿੱਚ, ਦੂਜੇ ਵਿਸ਼ਵ ਯੁੱਧ ਦੌਰਾਨ, ਸਹਿਯੋਗੀ ਨੇਤਾ ਸਟਾਲਿਨ, ਚਰਚਿਲ ਅਤੇ ਫਰੈਂਕਲਿਨ ਡੀ। ਰੂਜ਼ਵੈਲਟ ਨੇ ਤਹਿਰਾਨ ਵਿੱਚ ਮੁਲਾਕਾਤ ਕੀਤੀ। ਉਸ ਸਮੇਂ ਈਰਾਨ 'ਤੇ ਰੂਸ ਅਤੇ ਬਰਤਾਨੀਆ ਦਾ ਕਬਜ਼ਾ ਸੀ। ਤਹਿਰਾਨ ਕਾਨਫਰੰਸ ਵਿਚ ਹੀ, ਸਹਿਯੋਗੀ ਦੇਸ਼ਾਂ ਨੇ ਦੂਜੇ ਮੋਰਚੇ 'ਤੇ ਨੌਰਮੰਡੀ 'ਤੇ ਹਮਲਾ ਕਰਨ ਲਈ ਸਹਿਮਤੀ ਦਿੱਤੀ ਸੀ। 1941 ਵਿੱਚ ਰੂਸ ਅਤੇ ਬਰਤਾਨੀਆ ਨੇ ਨਿਰਪੱਖ ਈਰਾਨ ਉੱਤੇ ਹਮਲਾ ਕੀਤਾ ਤਾਂ ਜੋ ਤੇਲ ਦੀ ਸਪਲਾਈ ਵਿੱਚ ਵਿਘਨ ਨਾ ਪਵੇ ਅਤੇ ਰੂਸੀ ਸਪਲਾਈ ਜਾਰੀ ਰਹੇ।





**ਪਾਕਿਸਤਾਨ**

ਪਾਕਿਸਤਾਨ ਦੁਨੀਆ ਦਾ ਇਕਲੌਤਾ ਇਸਲਾਮੀ ਦੇਸ਼ ਹੈ ਜਿਸ ਕੋਲ ਪ੍ਰਮਾਣੂ ਸ਼ਕਤੀ ਹੈ। ਸ਼ੀਤ ਯੁੱਧ ਦੌਰਾਨ ਪਾਕਿਸਤਾਨ ਅਮਰੀਕੀ ਕੈਂਪ ਵਿਚ ਸੀ ਪਰ ਹੁਣ ਸਥਿਤੀ ਬਦਲ ਰਹੀ ਹੈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪੁਤਿਨ ਨੇ ਯੂਕਰੇਨ 'ਤੇ ਹਮਲੇ ਦਾ ਹੁਕਮ ਦਿੱਤਾ ਹੈ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਰੂਸ ਪਹੁੰਚ ਗਏ ਹਨ। ਸੋਸ਼ਲ ਮੀਡੀਆ 'ਤੇ ਕਈ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਮਰਾਨ ਖਾਨ ਨੇ ਦੌਰੇ ਦਾ ਗਲਤ ਸਮਾਂ ਚੁਣਿਆ ਹੈ। ਕਿਹਾ ਜਾ ਰਿਹਾ ਹੈ ਕਿ ਇਮਰਾਨ ਖਾਨ ਵੱਲੋਂ ਚੁਣਿਆ ਸਮਾਂ ਇਹ ਸੰਦੇਸ਼ ਦੇਵੇਗਾ ਕਿ ਪਾਕਿਸਤਾਨ ਯੂਕਰੇਨ ਸੰਕਟ ਵਿੱਚ ਅਮਰੀਕਾ ਦੀ ਅਗਵਾਈ ਵਾਲੇ ਗਠਜੋੜ ਦੇ ਨਾਲ ਨਹੀਂ ਸਗੋਂ ਰੂਸ ਦੇ ਨਾਲ ਖੜ੍ਹਾ ਹੈ।

ਪਾਕਿਸਤਾਨ ਦੇ ਅੰਗਰੇਜ਼ੀ ਅਖਬਾਰ ਡਾਨ ਮੁਤਾਬਕ ਉਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮੋਇਦ ਯੂਸਫ ਨੇ ਇਮਰਾਨ ਖਾਨ ਦੇ ਦੌਰੇ ਦੇ ਸਮੇਂ ਨੂੰ ਲੈ ਕੇ ਚੱਲ ਰਹੀਆਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਹੈ। ਯੂਸਫ ਨੇ ਕਿਹਾ, "ਹਾਂ, ਗਲੋਬਲ ਤਣਾਅ ਹੈ ਪਰ ਸਾਡਾ ਦੌਰਾ ਦੁਵੱਲਾ ਹੈ ਅਤੇ ਇਹ ਚੀਨ ਦੌਰੇ ਵਰਗਾ ਹੀ ਹੈ। ਆਰਥਿਕ ਮੁੱਦੇ ਸਾਡੇ ਦੌਰੇ ਵਿੱਚ ਸ਼ਾਮਲ ਹਨ। ਅਸੀਂ ਕਿਸੇ ਇੱਕ ਕੈਂਪ ਵਿੱਚ ਨਹੀਂ ਹਾਂ।

ਇਮਰਾਨ ਖਾਨ ਨੇ ਰੂਸ ਦਾ ਦੌਰਾ ਕੀਤਾ ਹੈ ਜਦੋਂ ਯੂਕਰੇਨ ਨਾਲ ਤਣਾਅ ਜੰਗ ਦੀ ਸਥਿਤੀ ਦੇ ਨੇੜੇ ਹੈ। ਇਮਰਾਨ ਖਾਨ ਦੇ ਦੌਰੇ ਦਾ ਸਮਾਂ ਵੀ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਨਾਲ ਇਹ ਸੰਕੇਤ ਮਿਲੇਗਾ ਕਿ ਪਾਕਿਸਤਾਨ ਆਪਣਾ ਪੱਖ ਚੁਣ ਰਿਹਾ ਹੈ ਅਤੇ ਅਮਰੀਕਾ ਦੇ ਨਾਲ ਪੱਛਮੀ ਵਿਰੋਧੀ ਕੈਂਪ ਦਾ ਹਿੱਸਾ ਬਣ ਰਿਹਾ ਹੈ। ਪਾਕਿਸਤਾਨ ਦੇ ਯੂਕਰੇਨ ਨਾਲ ਵੀ ਚੰਗੇ ਸਬੰਧ ਹਨ ਅਤੇ ਇਸ ਦੌਰੇ ਦਾ ਅਸਰ ਯੂਕਰੇਨ ਨਾਲ ਵੀ ਸਬੰਧਾਂ 'ਤੇ ਪੈ ਸਕਦਾ ਹੈ। ਤੈਮੂਰ ਖਾਨ ਇਸਲਾਮਾਬਾਦ ਦੇ ਇੰਸਟੀਚਿਊਟ ਆਫ ਸਟ੍ਰੈਟੇਜਿਕ ਸਟੱਡੀਜ਼ ਵਿੱਚ ਰੂਸੀ ਮਾਮਲਿਆਂ ਦੇ ਮਾਹਿਰ ਹਨ। ਖਾਨ ਦਾ ਮੰਨਣਾ ਹੈ ਕਿ ਪਾਕਿਸਤਾਨ ਨੂੰ ਇਸ ਦੌਰੇ ਨੂੰ ਲੈ ਕੇ ਆਪਣੇ ਸਹਿਯੋਗੀਆਂ ਨੂੰ ਭਰੋਸੇ 'ਚ ਲੈਣਾ ਚਾਹੀਦਾ ਹੈ। ਤੈਮੂਰ ਖਾਨ ਦਾ ਕਹਿਣਾ ਹੈ, "ਇਹ ਬਹੁਤ ਗੁੰਝਲਦਾਰ ਸਮਾਂ ਹੈ। ਰੂਸ ਪੂਰੀ ਤਰ੍ਹਾਂ ਯੂਕਰੇਨ 'ਤੇ ਕੇਂਦਰਿਤ ਹੈ ਅਤੇ ਇਹ ਦੌਰਾ ਕਰਨ ਦਾ ਸਹੀ ਸਮਾਂ ਨਹੀਂ ਹੈ। ਇਸ ਸਮੇਂ ਮੀਡੀਆ ਵੀ ਇਸ ਗੱਲ ਵੱਲ ਧਿਆਨ ਨਹੀਂ ਦੇਵੇਗਾ ਕਿ ਪਾਕਿਸਤਾਨ ਕੀ ਚਾਹੁੰਦਾ ਹੈ। ਜੇਕਰ ਪਾਕਿਸਤਾਨ ਆਪਣੀ ਵਿਦੇਸ਼ ਨੀਤੀ ਵਿੱਚ ਵਿਕਲਪਾਂ ਨੂੰ ਖੁੱਲ੍ਹਾ ਰੱਖਣਾ ਚਾਹੁੰਦਾ ਹੈ ਅਤੇ ਅਤੀਤ ਵਾਂਗ ਕਿਸੇ ਕੈਂਪ ਵਿੱਚ ਨਹੀਂ ਜਾਣਾ ਚਾਹੁੰਦਾ ਤਾਂ ਇਮਰਾਨ ਖ਼ਾਨ ਦੇ ਦੌਰੇ ਦਾ ਇਹ ਸਹੀ ਸਮਾਂ ਨਹੀਂ ਹੈ। ਇਸ ਨਾਲ ਗਲਤ ਸੰਦੇਸ਼ ਜਾਵੇਗਾ।"



ਹਰਦੀਪ ਸਿੰਘ ਚੁੰਬਰ
+91-94636-01616

**ਸੰਯੁਕਤ ਅਰਬ ਅਮੀਰਾਤ**

ਸੰਯੁਕਤ ਅਰਬ ਅਮੀਰਾਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਯੂਕਰੇਨ ਦੇ ਮੁੱਦੇ ਨੂੰ ਡਿਪਲੋਮੈਟਿਕ ਗੱਲਬਾਤ ਰਾਹੀਂ ਹੱਲ ਕਰਨ ਦੀ ਅਪੀਲ ਕੀਤੀ ਹੈ। ਯੂਏਈ ਨੇ ਇਹ ਨਹੀਂ ਕਿਹਾ ਹੈ ਕਿ ਰੂਸ ਨੇ ਯੂਕਰੇਨ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ। ਯੂਏਈ ਦੀ ਸਰਕਾਰੀ ਸਮਾਚਾਰ ਏਜੰਸੀ ਡਬਲਯੂਏਐਮ ਦੇ ਮੁਤਾਬਕ, ਰੂਸ ਅਤੇ ਯੂਏਈ ਦੇ ਵਿਦੇਸ਼ ਮੰਤਰੀ ਨੇ ਬੁੱਧਵਾਰ ਨੂੰ ਫੋਨ 'ਤੇ ਗੱਲ ਕੀਤੀ ਅਤੇ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਦੀਲੋੜ'ਤੇ ਜ਼ੋਰ ਦਿੱਤਾ। ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਗੱਲ ਯੂਕਰੇਨ ਸੰਕਟ ਦੌਰਾਨ ਹੋਈ ਹੈ।

**ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਫੈਸਲੇ ਕਾਰਨ ਦੁਚਿੱਤੀ 'ਚ ਭਾਰਤ, ਹੁਣ ਕੀ ਹਨ ਵਿਕਲਪ?**

ਯੂਕਰੇਨ ਅਤੇ ਰੂਸ ਵਿੱਚ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੂਰਬੀ ਯੂਕਰੇਨ ਦੇ ਦੋ ਵੱਖਵਾਦੀ ਖੇਤਰਾਂ ਨੂੰ ਸੁਤੰਤਰ ਖੇਤਰਾਂ ਵਜੋਂ ਮਾਨਤਾ ਦਿੱਤੀ ਹੈ। ਇਹ ਦੋ ਖੇਤਰ ਹਨ - ਡਨਿਟ੍ਸਕ ਅਤੇ ਲੁਹਾਨ੍ਸਕ। ਇਨ੍ਹਾਂ ਦੋਵਾਂ ਖੇਤਰਾਂ ਨੂੰ ਪਹਿਲਾਂ ਹੀ ਰੂਸੀ ਸਮਰਥਿਤ ਵਿਦਰੋਹੀਆਂ ਦੁਆਰਾ ਵੱਖਰੇ ਲੋਕ ਗਣਰਾਜ ਘੋਸ਼ਿਤ ਕੀਤਾ ਗਿਆ ਸੀ।ਪੁਤਿਨ ਨੇ ਰੂਸੀ ਫੌਜਾਂ ਨੂੰ ਵੀ ਇਨ੍ਹਾਂ ਇਲਾਕਿਆਂ 'ਚ ਜਾਣ ਦਾ ਹੁਕਮ ਦਿੱਤਾ ਹੈ। ਪੁਤਿਨ ਦੇ ਇਸ ਐਲਾਨ ਤੋਂ ਬਾਅਦ ਪੱਛਮ ਦੇ ਦੇਸ਼ਾਂ 'ਚ ਤਿੱਖੀ ਪ੍ਰਤੀਕਿਰਿਆ ਆਈ ਹੈ। ਅਮਰੀਕਾ ਅਤੇ ਯੂਰਪ ਰੂਸ 'ਤੇ ਸਖ਼ਤ ਪਾਬੰਦੀਆਂ ਦਾ ਐਲਾਨ ਕਰ ਸਕਦੇ ਹਨ।

ਯੂਕਰੇਨ ਸੰਕਟ ਕਾਰਨ ਜੋ ਆਲਮੀ ਸਥਿਤੀ ਪੈਦਾ ਹੋ ਰਹੀ ਹੈ, ਉਹ ਭਾਰਤ ਲਈ ਦੁਬਿਧਾ ਵਾਂਗ ਹੈ। ਇਤਿਹਾਸਕ ਤੌਰ 'ਤੇ ਭਾਰਤ ਯੂਕਰੇਨ ਵਿੱਚ ਰੂਸ ਦੇ ਨਾਲ ਰਿਹਾ ਹੈ, ਪਰ ਹੁਣ ਸਥਿਤੀ 2014 ਤੋਂ ਵੱਖਰੀ ਹੈ। ਮਾਰਚ 2014 ਵਿੱਚ, ਜਦੋਂ ਰੂਸ ਨੇ ਯੂਕਰੇਨ ਦੇ ਕ੍ਰੀਮੀਆ ਨੂੰ ਆਪਣੇ ਨਾਲ ਮਿਲਾ ਲਿਆ ਸੀ, ਭਾਰਤ ਨੇ ਬਹੁਤ ਘੱਟ ਗੱਲ ਕੀਤੀ ਅਤੇ ਜੋ ਕੁਝ ਕਿਹਾ ਉਹ ਰੂਸ ਦੇ ਹੱਕ ਵਿੱਚ ਸੀ।

# ਡਾ ਪੂਰਨ ਸਿੰਘ ਦੀਆਂ ਦੋ ਪੁਸਤਕਾਂ "ਸਿੱਖ ਇਤਿਹਾਸ ਦੀ ਨਾਇਕਾ" ਅਤੇ "ਮਾਸ ਖਾਣ ਜਾਂ ਨਾ ਖਾਣ ਬਾਰੇ ਮਨੌਤਾਂ ਤੇ ਵਹਿਮ" ਰਿਲੀਜ਼

**ਫਗਵਾੜਾ (ਬੀਕੇ ਰੱਤੂ)-** ਪੰਜਾਬੀ ਭਾਸ਼ਾ, ਸਾਹਿੱਤ ਅਤੇ ਸੱਭਿਆਚਾਰ ਲਈ ਸਮਰਪਿਤ ਸਕੇਪ ਸਾਹਿਤਕ ਸੰਸਥਾ ਵਲੋਂ ਮਹੀਨਾਵਾਰ ਕਵੀ ਦਰਬਾਰ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ, ਫਗਵਾੜਾ ਵਿਖੇ ਸੰਸਥਾ ਦੇ ਪ੍ਰਧਾਨ ਰਵਿੰਦਰ ਚੋਟ ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਤਿਕਾਰਯੋਗ ਸਖ਼ਸ਼ੀਅਤਾਂ ਡਾ: ਇੰਦਰਜੀਤ ਸਿੰਘ ਵਾਸੂ, ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਉਰਮਲਜੀਤ ਸਿੰਘ ਵਾਲੀਆ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਡਾ: ਪੂਰਨ ਸਿੰਘ ਦੀਆਂ ਦੋ ਪੁਸਤਕਾਂ ਸਿੱਖ ਇਤਿਹਾਸ ਦੀ ਨਾਇਕਾ (1882-1906) ਬੀਬੀ ਹਰਨਾਮ ਕੌਰ ਮੂਲ ਲੇਖਕ ਕਰਮ ਸਿੰਘ ਹਿਸਟੋਰੀਅਨ ਅਤੇ ਮਾਸ ਖਾਣ ਜਾਂ ਨਾ ਖਾਣ ਬਾਰੇ ਮਨੌਤਾਂ ਤੇ ਵਹਿਮ ਰਿਲੀਜ਼ ਕੀਤੀਆਂ ਗਈਆਂ। ਡਾ: ਇੰਦਰਜੀਤ ਸਿੰਘ ਵਾਸੂ ਨੇ ਪੁਸਤਕਾਂ ਦੇ ਲੇਖਕ ਡਾ: ਪੂਰਨ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਉਹਨਾ ਦੇ ਲਾਇਬ੍ਰੇਰੀਅਨ ਤੋਂ ਕੈਨੇਡਾ ਜਾ ਕੇ ਪੀਐਚਡੀ ਕਰਕੇ ਡਾਕਟਰ ਬਣਨ ਤੱਕ ਦੇ ਸਫ਼ਰ ਨੂੰ ਸੰਖੇਪ ਵਿੱਚ ਸਾਂਝਾ ਕੀਤਾ। ਇਸ ਮੌਕੇ ਸੁਖਦੇਵ ਸਿੰਘ ਗੰਢਵਾਂ, ਸੁਬੇਗ ਸਿੰਘ ਹੰਝਰਾਂ, ਉਰਮਲਜੀਤ ਸਿੰਘ, ਓਮ ਪ੍ਰਕਾਸ਼ ਸੰਦਲ, ਸੀਤਲ ਰਾਮ ਬੰਗਾ, ਸੁਰਜੀਤ ਸਿੰਘ ਬੁਲਾੜ੍ਹੀ ਕਲਾਂ, ਸੋਢੀ ਸੱਤੋਵਾਲੀਆ, ਅਭਿਸ਼ੇਕ ਸੂਦ, ਕਮਲੇਸ਼ ਸੰਧੂ, ਰਵਿੰਦਰ ਚੋਟ, ਇੰਦਰਜੀਤ ਸਿੰਘ ਵਾਸੂ, ਉਰਮਲਜੀਤ ਸਿੰਘ ਵਾਲੀਆ, ਬਲਦੇਵ ਰਾਜ ਕੋਮਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਹਾਜ਼ਰ ਕਵੀਆਂ ਦੀ ਬੇਹਤਰੀਨ ਰਚਨਾਵਾਂ ਦੀ ਪੇਸ਼ਕਾਰੀ ਲਈ ਭਰਪੂਰ ਸ਼ਲਾਘਾ ਕੀਤੀ ਅਤੇ ਹਾਜ਼ਰ ਕਵੀ ਸਾਹਿਬਾਨ ਨੂੰ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਸਿਰਜਣਾ ਵਿੱਣ ਵੱਧ-ਚੜ੍ਹ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਹਨਾ ਹਾਜ਼ਰੀਨ ਦਾ ਸਮਾਗਮ ਵਿੱਚ ਸ਼ਾਮਲ ਹੋਣ ਅਤੇ ਮਨਦੀਪ ਸਿੰਘ ਦਾ ਸਮਾਗਮ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਪ੍ਰਸਿੱਧ ਸ਼ਾਇਰ ਬਲਦੇਵ ਰਾਜ ਕੋਮਲ ਨੇ ਬਾਖ਼ੂਬੀ ਨਿਭਾਈ।



# ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

# 'ਗੁਰਮੁੱਖੀ ਲਿਪੀ'






ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਸ਼ਾ ਅਤੇ ਲਿੱਪੀ ਦੇ ਰੂਪ ਸੰਸਾਰ ਵਿਚ ਵੱਸੇ ਸਮੂਹਾਂ ਵਿਚ ਬਦਲਦੇ ਰਹਿੰਦੇ ਹਨ। ਆਧੁਨਿਕ ਯੁੱਗ ਵਿਚ ਭਾਵੇਂ ਇਹਨਾਂ ਨੂੰ ਸੀਮਤ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਸੰਸਕ੍ਰਿਤ ਦੇ ਸ਼ਬਦਾਂ ਦਾ ਰਲੇਵਾਂ ਹੈ। ਗੁਰਮੁਖੀ ਤੋਂ ਇਕ ਹਜ਼ਾਰ ਸਾਲ ਪਹਿਲਾਂ ਸੰਸਕ੍ਰਤ ਪ੍ਰਚੱਲਿਤ ਸੀ। ਸੰਸਕ੍ਰਿਤ ਸਿਧ-ਪੁਰਸ਼ਾਂ ਦੀ ਬੋਲੀ ਸੀ। ਜੋ ਸਿਧ-ਮਾਤ੍ਰਿਕਾ ਵਜੋਂ ਪ੍ਰਸਿੱਧ ਸੀ। ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਨੂੰ ਗੁਰਮੁਖ ਕਹਿੰਦੇ ਹਨ। ਗੁਰਮੁਖਾਂ ਵੱਲੋਂ ਵਰਤੀ ਜਾਂਦੀ ਬੋਲੀ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਲਿਪੀ ਤੋਂ ਬੋਲੀ ਨੂੰ ਜੀਵਨ ਮਿਲਦਾ ਹੈ। ਆਵਾਜ਼ ਨਾਲ ਦੂਰ-ਦੂਰ ਤੱਕ ਪਹੁੰਚਦੀ ਹੈ। ਦੂਰੀਆਂ ਮਿਟਾ ਦਿੰਦੀ ਹੈ। ਲਿਪੀ ਅਤੇ ਬੋਲੀ ਇਕ ਦੂਸਰੇ ਦੀਆਂ ਪੂਰਕ ਹਨ। ਲਿੱਪੀ ਗਿਆਨ ਦੀ ਦੌਲਤ ਹੈ, ਜੋ ਖਿਆਲ ਨੂੰ ਚਿਰੰਜੀਵ ਬਣਾਉਂਦੀ ਹੈ। ਲਿੱਪੀ ਮਨੁੱਖ ਦੀ ਕਾਢ ਹੈ। ਜਿਸਦਾ ਰੂਪ ਵਿਕਸਤ ਹੁੰਦਾ ਗਿਆ। ਲਿੱਪੀ ਤੋਂ ਪਹਿਲਾਂ ਕੰਨੀ ਸੁਣ ਕੇ ਕੰਠ ਕਰ ਲਿਆ ਜਾਂਦਾ ਸੀ, ਭਾਵ ਜ਼ੁਬਾਨੀ ਯਾਦ ਕਰ ਲਿਆ ਜਾਂਦਾ ਸੀ।

ਲਿੱਪੀ ਤੋਂ ਪਹਿਲਾਂ ਹਾਵ-ਭਾਵ ਦਰਸਾਉਣ ਲਈ ਰੰਗ-ਬਿਰੰਗੇ ਧਾਗਿਆਂ ਦੀਆਂ ਗੰਢਾਂ ਦੇ ਸੰਕੇਤ ਸਨ। ਪਰ ਇਹ ਪ੍ਰਕਿਰਿਆ ਸੀਮਤ ਸੀ। ਲਿੱਪੀ ਵਿਕਾਸ ਵਿਚ ਚਿੱਤ੍ਰ-ਲਿਪੀ ਹੋਂਦ ਵਿਚ ਆਈ। ਜਿਸਦਾ ਸੰਕੇਤ ਸ਼ਿਲਾਲੇਖਾਂ ਵਿਚ ਮਿਲਦਾ ਹੈ। ਖੁਸ਼ੀ-ਗਮੀ ਦੇ ਪ੍ਰਭਾਵ ਪ੍ਰਗਟ ਕਰਨ ਲਈ ਸੁਨੇਹੇ ਭੇਜਣ ਲਈ ਚਿਤ੍ਰ ਨੀਅਤ ਕੀਤੇ ਗਏ। ਜਿਸ ਤੋਂ ਸੁਨੇਹਾ ਬਣਦਾ ਸੀ। ਜੋ ਆਵਾਜ਼ ਪ੍ਰਤੀਨਿਧ ਦੀ ਥਾਂ ਭਾਵ ਲਿਪੀ ਪ੍ਰਤੀਨਿਧ ਸੀ। ਇਸ ਵਿਚ ਕਈ ਘਾਟਾਂ ਸਨ ਕਿ ਇਕ ਚਿਤ੍ਰ ਦੇ ਮਰਜ਼ੀ ਅਨੁਸਾਰ ਕਈ ਭਵ ਕੱਢੇ ਗਏ। ਚਿਤ੍ਰ ਨੂੰ ਸੰਖੇਪ ਕਰਕੇ ਅੱਖਰ ਬਣਾ ਲਏ। ਇਸ ਲਈ ਧੰਨੀ ਲਿਪੀਆਂ ਆਈਆਂ। ਹਜ਼ਾਰਾਂ ਸਾਲਾਂ ਵਿਚ ਲਿਪੀਆਂ ਜਾਂ ਵਰਣਮਾਲਾ ਦਾ ਵਿਕਾਸ ਹੋਇਆ। ਜਿਸ ਤੋਂ ਲਿਪੀਆਂ ਵਿਕਸਤ ਹੋਈਆਂ। ਸਥਾਨਕ ਲੋੜ ਨੇ ਬੋਲੀਆਂ ਲਿਖਣ ਦਾ ਢੰਗ ਲਿਆਂਦਾ। ਵਪਾਰ ਦਾ ਹਿਸਾਬ ਚਲਾਉਣ ਲਈ ਗਿਣਤੀ ਦੇ ਹਿੰਦਸੇ ਜਾਂ ਅੰਕ ਦੀ ਜਾਣਕਾਰੀ ਅਤੇ ਲਿਪੀ ਦੇ ਹੁਨਰ ਤੋਂ ਭਾਰਤ ਦੇ ਲੋਕ ਜਾਣੂ ਹੋਏ।

ਭਾਰਤ ਵਿਚ ਵਰਤੀਆਂ ਜਾਣ ਵਾਲੀਆਂ ਬੋਲੀਆਂ ਹਨ- ਬੰਗਲਾ, ਉੜੀਸਾ, ਕੈਥੀ (ਬਿਹਾਰੀ), ਦੇਵਨਾਗਰੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਤਾਮਿਲ, ਮਲਿਆਲਮ, ਡੂਲੂ, ਕੰਨੜੀ, ਗ੍ਰੰਥ ਲਿਪੀ, ਉਰਦੂ ਆਦਿ।

ਪੰਜਾਬ ਦੀਆਂ ਪ੍ਰਸਿੱਧ ਲਿਪੀਆਂ 1. 'ਸਾਰਦਾ' ਦਸਵੀਂ ਸਦੀ ਵਿਚ ਕੁਟਿਲ ਲਿਪੀਦਾ ਪਸਾਰਾ ਕਸ਼ਮੀਰ ਅਤੇ ਪੰਜਾਬ ਵਿਚ ਰਿਹ। ਜਿਸ ਤੋਂ ਸ਼ਾਰਦਾ ਲਿਪੀ ਆਈ। ਕਸ਼ਮੀਰ ਦੇ ਵਿਦਵਾਨ ਸਰਸੂਤੀ ਨਦੀ ਦੇ ਕੰਢੇ ਵੱਸਣ ਵਾਲੇ ਸਨ, ਵੱਲੋਂ ਵਰਤੀ ਜਾਣ ਵਾਲੀ ਲਿਪੀ ਦਾ ਨਾਂ 'ਸ਼ਾਰਦਾ' ਪੈ ਗਿਆ। ਸਰਸੂਤੀ ਨਦੀ ਦੇ ਕੰਢੇ ਵੱਸਣ ਵਾਲੇ ਸਨ, ਵੱਲੋਂ ਵਰਤੀ ਜਾਣ ਵਾਲੀ ਲਿਪੀਦਾ ਨਾਂ 'ਸ਼ਾਰਦਾ' ਪੈ ਗਿਆ। ਸਰਸੂਤੀ ਨਦੀ ਤੋਂ ਪਰਯਾਗ ਤੱਕ ਗੰਗਾ ਯਮਨਾ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ। ਇੱਥੋਂ ਦੀ ਬੋਲੀ 'ਬ੍ਰਾਹਮੀ' ਸੀ। ਪੰਜਾਬ ਦੀਆਂ ਲਿਪੀਆਂ ਵੀ ਮੂਲ ਸੋਮੇ ਬ੍ਰਾਹਮੀ ਨਾਲ ਨੇੜਤਾ ਰੱਖਦੀਆਂ ਹਨ। ਦਸਵੀਂ ਸਦੀ ਵਿਚ ਪੰਜਾਬ ਦੇ ਲੋਕ ਕਸ਼ਮੀਰ ਜਾ ਵੱਸੇ ਤਾਂ ਉਹਨਾਂ ਦੇ ਨਾਲ ਉਹਨਾਂ ਦੀ ਬੋਲੀ ਸ਼ਾਰਦਾ ਹੀ ਸੀ। ਜਿਸਦਾ ਨਵਾਂ ਰੂਪ ਦੇਵਨਾਗਰੀ ਹੋ ਗਿਆ।

2. ਟਾਕਰੀ- ਪੰਜਾਬ ਦੇ ਉਤਰ ਵੱਲ ਦੇ ਪਹਾੜੀ ਇਲਾਕੇ ਵਿਚ ਪ੍ਰਚੱਲਿਤ ਹੈ। ਜਿਵੇਂ ਜੰਮੂ ਵਿਚ ਡੋਗਰੀ, ਚੰਬੇ ਵਿਚ ਚੰਬਿਆਲੀ। ਪੰਜਾਬ ਦੇ ਟੱਕ ਜਾਤੀ ਦੇ ਹਿੱਸੇ ਨੂੰ ਟੱਕ ਕਿਹਾ ਜਾਂਦਾ ਸੀ। ਇਸ ਟੱਕ ਦੇਸ਼ ਵਿਚ ਵਰਤੀ ਜਾਂਦੀ ਲਿਪੀ ਟਾਕਰੀ ਹੈ।

3. ਲੰਡੇ- ਲੰਡੇ ਜਾਂ ਮਹਾਜਨੀ ਪੰਜਾਬ ਦੇ ਵਪਾਰੀਆਂ ਨੇ ਲੰਡੇ ਅੱਖਰ ਅਪਣਾਏ। ਵਪਾਰਕ ਵਹੀਖਾਤਿਆਂ ਵਿਚ ਮਹਾਜਨਾਂ ਜਾਂ ਸ਼ਰਾਫਾ ਵੱਲੋਂ ਲੰਡੇ ਬੋਲੀ ਵਰਤੀ ਜਾਂਦੀ ਸੀ। ਅੱਗੇ ਇਸ ਦੀਆਂ ਕਈ ਲਿੱਪੀਆਂ ਬਣੀਆਂ।

4. ਗੁਰਮੁਖੀ: ਵਿਦਵਾਨ ਐਲਬਰੂਨੀ ਅਨੁਸਾਰ ਭਾਰਤੀ ਲਿਪੀਆਂ ਵਿਚ ਇਕ ਅਰਧਨਾਗਰੀ ਲਿਪੀ ਹੈ। ਇਹ ਸਿਧ-ਮਾਤ੍ਰਿਕਾ ਅਤੇ ਮਾਲਵਾ (ਉਜੈਨ) ਦੀ ਨਾਗਰ ਲਿਪੀ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਵਿਚ ਵਰਤੀ ਜਾਂਦੀ ਹੈ। ਭੱਟੀ ਰਾਜਪੂਤਾਂ ਦੀ ਵਸੋਂ ਦਾ ਬਠਿੰਡੇ ਵੱਲ ਦਾ ਇਲਾਕਾ ਭਾਟੀ ਦੇਸ਼ ਜਾਂ ਭਟਿਆਣਾ ਕਿਹਾ ਜਾਂਦਾ ਸੀ।ਪੁਰਾਣੀ ਲਿਪੀ ਭਟਿਆਣੀ ਜੋ ਪੰਜਾਬੀ ਦੀ ਉਪ ਭਾਖਾ ਹੈ। ਇਸੇ ਇਲਾਕੇ ਵਿਚ ਅਰਧਨਾਗਰੀ ਵੀ ਵਰਤੀ ਜਾਂਦੀ ਸੀ। ਜਿਸਨੂੰ ਭਟਾਖਰੀ ਵੀ ਕਿਹਾ ਜਾਂਦਾ ਸੀ। ਦਸਵੀਂ ਸਦੀ ਵਿਚ ਬਠਿ-ਡਾ ਇਕ ਵੱਡਾ ਰਾਜ ਸੀ। ਪੰਡਤ ਗੌਰੀ ਸ਼ੰਕਰ ਓਝਾ ਅਨੁਸਾਰ ਪੰਜਾਬ ਵਿਚ ਮਿਲਦੀ ਇਕ ਪੁਰਾਣੀ ਬੋਲੀ ਜੋ ਨਾਗਰੀ ਨਾਲ ਮਿਲਦੀ ਹੈ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਮਿਲਦੀ ਹੈ, ਤੋਂ 'ਗੁਰਮੁਖੀ ਲਿੱਪੀ' ਦਾ ਵਿਕਾਸ ਹੋਇਆ। ਏ. ਪੀ. ਨਿਉਟੇਨ ਅਨੁਸਾਰ ਪੰਜਾਬੀ ਦੇ ਕਈ ਅੱਖਰ ਸ਼ਿਲਾਲੇਖਾਂ ਵਿਚ ਹਨ। ਤੀਸਰੀ, ਪੰਜਵੀਂ ਅਤੇ ਦਸਵੀਂ ਸਦੀ ਵਿਚ ਉਪਲਭਿਤ ਲਿਪੀ ਤੋਂ ਵਿਕਸਤ ਹੁੰਦੀ ਮੌਜੂਦਾ ਅੱਖਰ-ਰੂਪ ਦਾ ਪ੍ਰਕਾਸ਼ ਅਤੇ ਵਿਕਾਸ ਹੋਇਆ।

ਹਰ ਬੋਲੀ ਬੋਲਣ ਵਾਲੇ ਇਲਾਕਿਆਂ ਨਾਲ ਸਬੰਧ ਰੱਖਦੇ ਬੋਲੀਆਂ ਦੇ ਨਾਂ ਰੱਖੇ ਗਏ। ਮੁਗਲਾਂ ਦੇ ਵਧਦੇ ਜ਼ੁਲਮਾਂ ਹੇਠ ਪੰਜਾਬੀ ਲਿਪੀ ਵੀ ਦੱਬੀ ਗਈ। ਮਨੁੱਖਤਾ ਵਿਚ ਸਵੈ-ਮਾਣ ਜਗਾਉਣ ਲਈ ਸਿੱਖ ਗੁਰੂਆਂ ਨੇ ਲਿਪੀ ਵਿਚ ਆਈ ਖੜੋਤ ਨੂੰ ਮੁੜ ਸੁਰਜੀਤ ਕੀਤਾ। ਗੁਰੂ ਦੀ ਆਗਿਆ ਮੰਨਣ ਵਾਲੇ ਨੂੰ ਗੁਰਮੁਖ ਕਿਹਾ ਜਾਂਦਾ ਹੈ। ਭਾਵ ਭਲਾ-ਪੁਰਸ਼। ਗੁਰਮੁਖਾਂ ਵੱਲੋਂ ਪ੍ਰਚਾਰ ਵਾਸਤੇ ਵਰਤੀ ਜਾਂਦੀ ਬੋਲੀ ਦਾ ਨਾਂ 'ਗੁਰਮੁੱਖੀ' ਮਸ਼ਹੂਰ ਹੋਇਆ। ਸਿੱਧੀ ਸਾਦੀ ਸਰਲ ਸੁਚੱਜੀ ਮਿੱਠੀ ਬੋਲੀ ਭਗਤ, ਗੁਰੂਆਂ ਤੇ ਸਿੱਖਾਂ ਵੱਲੋਂ ਵੀ ਇਹ ਲਿੱਪੀ ਵਰਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋ ਕੇ ਅਮੀਰ ਬਣੀ।

ਗੁਰਮੁਖੀ ਲਿੱਪੀ ਵਿਚ ਗੁਰਬਾਣੀ ਉਪਦੇਸ਼ਾਂ ਦਾ ਹਵਾਲਾ ਹੈ ਕਿ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ। ਉਸਦਾ ਨਿਯਮ ਵੀ ਸਦਾ ਅਟੱਲ ਹੈ। ਉਸਦੀ ਬੋਲੀ ਪ੍ਰੇਮ ਹੈ। ਉਹ ਆਪ ਅਕਾਲ ਪੁਰਖ ਬੇਅੰਤ ਹੈ। ਅਸੀਂ ਜੀਵ ਉਸ ਪਾਸੋਂ ਦਾਤਾਂ ਮੰਗਦੇ ਹਾਂ। ਆਖਦੇ ਹਾਂ ਹੇ ਹਰੀ ਸਾਨੂੰ ਦਾਤਾਂ ਦੇ। ਉਹ ਦਾਤਾਰ ਬਖਸ਼ਿਸ਼ ਕਰਦਾ ਹੈ। ਉਸਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ, ਜਿਸ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਅੰਗ 2

ਉਸ ਮਨੁੱਖ ਦੀ ਉੱਚੀ ਆਤਮਕ ਅਵਸਥਾ ਦੱਸੀ ਨਹੀਂ ਜਾ ਸਕਦੀ, ਜਿਸਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ। ਭਾਵ ਜਿਸਦੀ ਲਗਨ ਨਾਮ ਨਾਲ ਲੱਗ ਗਈ ਹੈ। ਜੇਕਰ ਕੋਈ ਮਨੁੱਖ ਬਿਆਨ ਕਰੇ ਵੀ ਉਹ ਪਿੱਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਯਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਨਾਲ ਪਤੀਜ਼ੇ ਹੋਏ ਦੀ ਆਤਮਕ ਅਵਸਥਾ ਦਾ ਅੰਦਾਜ਼ਾ ਲਾਉਂਦੇ ਹਨ। ਪਰ ਕਾਗਜ਼ ਉਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ। ਅਕਾਲ ਪੁਰਖ ਦਾ ਨਾਂ ਬਹੁਤ ਉਚਾ ਹੈ। ਤੇ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ। ਇਸ ਵਿਚ ਜੁੜਨ ਵਾਲਾ ਵੀ ਉਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ। ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਦੇਖੇ।

ਭਾਵ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉਚਾ ਹੈ। ਉਸਦੇ ਨਾਂ ਵਿਚ ਸੁਰਤ ਜੋੜ ਕੇ ਜਿਸ ਮਨੁੱਖ ਦੇ ਮਨ ਵਿਚ ਉਸਦੀ ਲਗਨ ਲੱਗ ਜਾਂਦੀ ਹੈ। ਉਸ ਦੀ ਵੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ।

ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਵੇ, ਉਸਦੀ ਆਤਮਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ ਨਾ ਕੋਈ ਲਿਖ ਸਕਦਾ ਹੈ। ਅੰਗ 3

ਸ੍ਰਿਸ਼ਟੀ ਵਿਚ ਕਈ ਜਾਤਾਂ ਦੇ ਕਈ ਕਿਸਮ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਹਨਾਂ ਸਭਨਾਂ ਨੇ ਇਕ-ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ ਪਰ ਕੋਈ ਵਿਰਲਾ ਮਨੁੱਖ ਇਹ ਲੇਖ ਲਿਖਣਾ ਜਾਣਦਾ ਹੈ। ਭਾਵ ਪ੍ਰਮਾਤਮਾ ਦੀ ਕੁਦਰਤ ਦਾ ਅੰਤ ਕੋਈ ਵੀ ਜੀਵ ਪਾ ਨਹੀਂ ਸਕਦਾ। ਜੇ ਲੇਖਾ ਲਿਖਿਆ ਵੀ ਜਾਵੇ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕਿੱਡਾ ਵੱਡਾ ਹੋ ਜਾਵੇ। ਅਕਾਲ ਪੁਰਖ ਦਾ ਬੇਅੰਤ ਬਲ ਹੈ। ਬੇਅੰਤ ਸੁੰਦਰ ਰੂਪ ਹੈ। ਬੇਅੰਤ ਉਸਦੀ ਦਾਤ ਹੈ। ਇਸਦਾ ਕੌਣ ਅੰਦਾਜ਼ਾ ਲਾ ਸਕਦਾ ਹੈ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸੰਸਾਰ ਬਣਾ ਦਿੱਤਾ ਹੈ। ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। ਅੰਗ 3

ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫਜ਼ ਅਸੰਖ ਤਾਂ ਕਿਤੇ ਰਿਹਾ। ਕੋਈ ਵੀ ਸ਼ਬਦ ਕਾਫੀ ਨਹੀਂ ਹੈ ਪਰ ਅਕਾਲ ਪੁਰਖ ਦਾ ਨਾਮ ਵੀ ਅੱਖਰਾਂ ਦੀ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸਦੀ ਸਿਫਤ ਸਲਾਹ ਵੀ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਦੇ ਰਾਹੀਂ ਹੀ ਉਸਦੇ ਗੀਤ ਅਤੇ ਗੁਣਾਂ ਤੋਂ ਵਾਕਫ ਹੋ ਸਕੀਦਾ ਹੈ। ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਦੀ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਸ ਕਰਕੇ ਸ਼ਬਦ ਅਸੰਖ ਵਰਤਿਆ ਗਿਆ ਹੈ। ਉਂਞ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਯੋਗ ਦੇ ਇਹ ਅੱਖਰ ਲਿਖੇ ਹਨ। ਉਸਦੇ ਸਿਰ ਉਤੇ ਕੋਈ ਲੇਖ ਨਹੀਂ ਹੈ। ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਜਿਸ ਤਰ੍ਹਾਂ-ਤਰ੍ਹਾਂ ਉਹ ਅਕਾਲ ਪੁਰਖ ਹੁਕਮ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਯੋਗ ਭੋਗਦੇ ਹਨ। ਅੰਗ 4

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ, ਮਨੁੱਖ ਨੂੰ ਆਪਣੀ ਲਿਪੀ ਆਪਣੀ ਮਾਂ-ਬੋਲੀ ਤੋਂ ਹੀ ਪ੍ਰਾਪਤ ਹੁੰਦਾ ਹੈ।

ਸਮਾਜ ਵਿਚ ਲਿੱਪੀ ਅਤੇ ਮਾਂ-ਬੋਲੀ ਦਾ ਨਿਵੇਕਲਾ ਮਹੱਤਵ ਹੈ। ਜੋ ਮੁਢਲੇ ਸੰਚਾਰ ਦਾ ਸਾਧਨ ਹੈ। ਮਾਂ ਬੋਲੀ ਵਿਚ ਕਹੀ ਗੱਲ ਵਧੇਰੇ ਅਸਰ ਕਰਦੀ ਹੈ। ਮਾਂ-ਬੋਲੀ ਦਾ ਤਾਣਾ ਪ੍ਰੰਪਰਾ, ਇਤਿਹਾਸ ਅਤੇ ਵਿਰਾਸਤ ਨਾਲ ਬੁਣਿਆ ਹੁੰਦਾ ਹੈ। ਮਾਂ-ਬੋਲੀ ਤੋਂ ਟੁੱਟਿਆ ਇਨਸਾਨ ਵਿਰਾਸਤ ਤੇ ਤਾਣੇ ਤੋਂ ਟੁੱਟ ਜਾਂਦਾ ਹੈ। ਆਪਣੀ ਹੋਂਦ ਗੁਆ ਬੈਠਦਾ ਹੈ। ਆਪਣੀ ਅਮੀਰ ਮਾਣਮੱਤੀ ਵਿਰਾਸਤ ਤੋਂ ਵਾਂਝਾ ਰਹਿ ਜਾਂਦਾ ਹੈ।ਮਾਂ ਬੋਲੀ ਦੇ ਮਾਧਿਅਮ ਵਿਚ ਪ੍ਰਾਪਤ ਸਿੱਖਿਆ ਬਿਹਤਰ ਹੁੰਦੀ ਹੈ ਅਤੇ ਦੂਸਰੀਆਂ ਭਾਸ਼ਾਵਾਂ ਸਿੱਖਣ ਵਿਚ ਵੀ ਆਸਾਨੀ ਹੁੰਦੀ ਹੈ।

ਹਰ ਸਾਲ 21 ਫਰਵਰੀ ਨੂੰ ਅੰਤਰ ਰਾਸ਼ਟਰੀ ਮਾਂ-ਬੋਲੀ ਦਿਵਸ ਅੰਤਰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਜਿਸਦਾ ਮਨੋਰਥ ਹੈ ਕਿ ਲੋਕਾਂ ਵਿਚ ਆਪਣੀ ਮਾਂ-ਬੋਲੀ ਸਿੱਖਣ ਦਾ ਉਤਸ਼ਾਹ ਪੈਦਾ ਕਰਕੇ ਆਪਣੀ ਲਿੱਪੀ ਪ੍ਰਤੀ ਜਾਗ੍ਰਿਤੀ ਲਿਆ ਕੇ ਲਿਪੀ ਦਾ ਪ੍ਰਚਾਰ ਪਸਾਰ ਕਰਨਾ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵੱਲੋਂ 17 ਨਵੰਬਰ 1999 ਨੂੰ ਇਹ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਯੂ. ਐਨ. ਦੀ ਜਨਰਲ ਅਸੈਂਬਲੀ ਨੇ ਸਾਲ 2000 ਨੂੰ ਭਾਸ਼ਾਵਾਂ ਦਾ ਅੰਤਰ ਰਾਸ਼ਟਰੀ ਸਾਲ ਕਰਾਰ ਦਿੱਤਾ ਹੈ। ਇਸਦੀ ਅਹਿਮੀਅਤ ਇਹ ਹੈ ਕਿ ਭਾਸ਼ਾਈ ਅਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣਾ ਹੈ।

ਇਹ ਦਿਹਾੜਾ ਫਰਵਰੀ 2000 ਤੋਂ ਬਾਅਦ ਹਰ ਸਾਲ ਮਨਾਇਆ ਜਾਂਦਾ ਹੈ। ਇਹ ਦਿਨ 21 ਫਰਵਰੀ 1952 ਦੀ ਪ੍ਰਤੀਨਿਧਤਾ ਕਰਦਾ ਹੈ, ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀ ਉਸ ਸਮੇਂ ਦੇ ਪਾਕਿਸਤਾਨ ਵਿਚ ਉਰਦੂ ਤੋਂ ਬਿਨਾਂ ਬੰਗਾਲੀ ਨੂੰ ਵੀ ਇਕ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਮੁਜ਼ਾਹਰਾ ਕਰ ਰਹੇ ਸਨ ਅਤੇ ਪੁਲਿਸ ਦੁਆਰਾ ਗੋਲੀਆਂ ਚਲਾ ਕੇ ਢਾਕਾ (ਬੰਗਲਾਦੇਸ਼) ਵਿਖੇ ਮਾਰ ਦਿੱਤਾ ਗਿਆ ਸੀ। ਵੱਖ-ਵੱਖ ਭਾਸ਼ਾਵਾਂ ਤੇ ਸੰਨ 2000 ਤੋਂ ਪ੍ਰਚਾ-ਪਾਠ ਵੱਖ-ਵੱਖ ਵਿਸ਼ਿਆਂ 'ਤੇ ਪੜ੍ਹੇ ਜਾਂਦੇ ਹਨ। ਸੰਨ 2022 ਦਾ ਵਿਸ਼ਾ ਰਿਹਾ-ਬਹੁ ਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ- 'ਚੁਣੌਤੀਆਂ ਅਤੇ ਮੌਕੇ'।

ਮਾਂ-ਬੋਲੀ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵਿਦਵਾਨਾਂ ਦੇ ਵਿਚਾਰ ਹਨ ਕਿ ਅਫਰੀਕੀ ਲੋਕ ਨਾਇਕ ਨੈਲਸਨ ਮੰਡੇਲਾ ਨੇ ਕਿਹਾ ਸੀ ਕਿ ਜੇਕਰ ਤੁਸੀਂ ਕਿਸੇ ਇਨਸਾਨ ਨਾਲ ਉਸ ਭਾਸ਼ਾ ਵਿਚ ਗੱਲ ਕਰੋ, ਜਿਹੜੀ ਉਸਨੇ ਸਿੱਖੀ ਹੋਵੇ ਤਾਂ ਗੱਲ ਉਸਦੇ ਦਿਮਾਗ ਤੱਕ ਪਹੁੰਚ ਜਾਂਦੀ ਹੈ। ਜੇਕਰ ਤੁਸੀਂ ਉਸਦੀ ਆਪਣੀ ਭਾਸ਼ਾ ਵਿਚ ਗੱਲ ਕਰੋ ਤਾਂ ਗੱਲ ਉਸਦੇ ਦਿਲ ਵਿਚ ਉਤਰ ਜਾਂਦੀ ਹੈ। ਆਪਣੀ ਮਾਂ-ਬੋਲੀ ਵਿਚ ਅਸੀਂ ਭਾਵਨਾਵਾਂ ਨੂੰ ਸਮਝਦੇ ਅਤੇ ਮਾਣਦੇ ਹਾਂ। ਇਕ ਹੋਰ ਅਫਰੀਕੀ ਵਿਦਵਾਨ ਨਿਗੂਗੀ ਥਿਔਗ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਲੋਕਾਂ ਦੀ ਜ਼ੁਬਾਨ ਖਤਮ ਕਰ ਦੇਵੋ ਤਾਂ ਉਹਨਾਂ ਦੀ ਯਾਦਾਸ਼ਤ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਬਿਨਾਂ ਯਾਦਾਸ਼ਤ ਦੇ ਲੋਕ ਪਤਵਾਰਹੀਣ ਹੁੰਦੇ ਹਨ, ਬੇਲਗਾਮ ਹੁੰਦੇ ਹਨ। ਆਪਣੇ ਇਤਿਹਾਸ ਅਤੇ ਸਭਿਆਚਾਰ ਤੋਂ ਟੁੱਟ ਜਾਂਦੇ ਹਨ। ਰਾਬਿੰਦਰ ਨਾਥ ਟੈਗੋਰ ਬੰਗਾਲੀ ਕਵੀ ਅਤੇ ਲੇਖਕ ਨੇ ਬਲਰਾਜ ਸਾਹਨੀ ਨੂੰ ਮਾਂ ਬੋਲੀ ਵਿਚ ਲਿਖਣ ਦੀ ਦਲੀਲ ਦਿੰਦੇ ਕਿਹਾ ਕਿ ਤੁਸੀਂ ਪਰਾਹੀ ਭਾਸ਼ਾ ਵਿਚ ਭਾਵੇਂ ਜ਼ਿੰਦਗੀ ਭਰ ਲਿਖਦੇ ਰਹੋ, ਪਰ ਨਾ ਤਾਂ ਤੁਹਾਡੇ ਆਪਣੇ ਲੋਕ ਤੁਹਾਨੂੰ ਆਪਣਾ ਸਮਝ ਸਕਣਗੇ, ਨਾ ਹੀ ਉਹ ਲੋਕ ਜਿਹਨਾਂ ਦੀ ਭਾਸ਼ਾ ਵਿਚ ਤੁਸੀਂ ਲਿਖ ਰਹੇ ਹੋ। ਦੂਜਿਆਂ ਦਾ ਬਣਨ ਤੋਂ ਪਹਿਲਾਂ ਆਪਣੇ ਲੋਕਾਂ ਦਾ ਬਣਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਲੋਕਾਂ ਦਾ ਕਿਰਦਾਰ ਬਦਲ ਗਿਆ।ਮੁਸਲਮਾਨੀ ਰਾਜ ਦਾ ਸਮਾਂ ਹੈ। ਜਿਸਨੂੰ ਪਹਿਲਾ ਹੇਂਦਕੀ ਬੋਲੀ ਵਿਚ 'ਆਦਿ ਪੁਰਖ' ਆਖਿਆ ਜਾਂਦਾ ਸੀ। ਹੁਣ ਉਸਨੂੰ ਅੱਲਾ ਆਖਿਆ ਜਾ ਰਿਹਾ ਹੈ।ਹੁਣ ਇਹ ਰਿਵਾਜ਼ ਚੱਲ ਪਿਆ ਹੈ ਕਿ ਹਿੰਦੂ ਜਿਹਨਾਂ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਹਨ, ਉਹਨਾਂ ਦੇਵ ਮੰਦਰਾਂ ਉਤੇ ਟੈਕਸ ਲਾਇਆ ਜਾ ਰਿਹਾ ਹੈ। ਹੁਣ ਲੋਟਾ, ਬਾਗ ਨਿਮਾਜ਼, ਮੁਸੁੱਲਾ ਪ੍ਰਧਾਨ ਹਨ। ਪ੍ਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ। ਹੁਣ ਤੇਰੀ ਭਾਵ ਤੇਰੇ ਬੰਦਿਆਂ ਦੀ ਬੋਲੀ ਹੀ ਹੋਰ ਹੋ ਗਈ ਹੈ। ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ ਲਫਜ਼ ਪਿਤਾ ਦੇ ਥਾਂ ਲਫਜ਼ ਮੀਆਂ ਪ੍ਰਧਾਨ ਹੈ। ਹੇ ਪਾਤਿਸ਼ਾਹ ਜੇਕਰ ਤੂੰ ਮੀਰ ਬਾਬਰ ਨੂੰ ਧਰਤੀ ਦਾ ਰਾਜਾ ਬਣਾਉਣਾ ਚਾਹੁੰਦਾ ਹੈ ਤਾਂ ਸਾਡੀ ਜੀਵਾਂ ਦੀ ਕੀ ਤਾਕਤ ਹੈ। ਅੰਗ: 1190-91

ਆਪਣੇ ਆਪਨੂੰ ਹਿੰਦੂ ਧਰਮ ਦੇ ਰਾਖੇ ਸਮਝਣ ਵਾਲੇ ਖਤ੍ਰੀਆਂ ਨੇ ਆਪਣਾ ਧਰਮ ਛੱਡ ਦਿੱਤਾ ਹੈ। ਜਿਹਨਾਂ ਨੂੰ ਇਹ ਮੂੰਹੋਂ ਮਲੇਛ ਕਹਿ ਰਹੇ ਹਨ, ਰੋਜ਼ੀ ਦੀ ਖਾਤਰ ਉਹਨਾਂ ਦੀ ਬੋਲੀ ਗ੍ਰਹਿਣ ਕਰ ਚੁੱਕੇ ਹਨ। ਇਹਨਾਂ ਦੇ ਧਰਮ ਦੀ ਮਰਿਆਦਾ ਮਰ ਚੁੱਕੀ ਹੈ। ਸਾਰੀ ਸ੍ਰਿਸ਼ਟੀ ਇਕੋ ਵਰਨ ਦੀ ਹੋ ਗਈ ਹੈ। ਇਕੋ ਅਧਰਮ ਹੀ ਪ੍ਰਧਾਨ ਹੋ ਗਿਆ ਹੈ। ਅੰਗ 662-663

ਇੱਥੋਂ ਤੱਕ ਕਿ ਵਿਦੇਸ਼ੀ ਹਾਕਮਾਂ ਨੂੰ ਖੁਸ਼ ਕਰਨ ਲਈ ਆਪਣੀ ਭਾਸ਼ਾ ਤੇ ਸਭਿਆਚਾਰ ਨੂੰ ਵਿਸਾਰ ਦਿੱਤਾ। ਪਹਿਰਾਵੇ ਆਚਰਣ ਅਤੇ ਆਪਣੀ ਸਥਾਨਕ ਬੋਲੀ ਨਾਲ ਧ੍ਰੋਹ ਕੀਤਾ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਮ ਬੋਲੀ ਲੋਕ ਭਾਸ਼ਾ ਅਤੇ ਪੰਜਾਬੀ ਵਿਚ ਵਿਚਾਰ ਪ੍ਰਗਟ ਕੀਤੇ। ਬਾਣੀ ਦੀ ਰਚਨਾ ਗੁਰਮੁਖੀ ਲਿਪੀ ਵਿਚ ਕੀਤੀ। ਰਵਾਇਤੀ ਸ਼ਾਸਤਰੀ ਸੰਗੀਤ ਅਤੇ ਪ੍ਰਚੱਲਿਤ ਸੰਗੀਤ ਦੀ ਵਰਤੋਂ ਕੀਤੀ। ਭਾਈ ਮਰਦਾਨਾ ਜੀ ਦੀ ਰਬਾਬ ਬਾਣੀ ਗਾਇਨ ਵਿਚ ਮਹੱਤਵਪੂਰਨ ਹੈ। ਭਗਤੀ ਲਹਿਰ ਦੇ ਸਮਾਜ ਸੁਧਾਰਕਾਂ ਨੇ ਵੀ ਸੰਤ ਭਾਸ਼ਾ ਲੋਕ ਭਾਸ਼ਾ ਅਤੇ ਪੰਜਾਬੀ ਗੁਰਮੁਖੀ ਦੀ ਵਰਤੋਂ ਕੀਤੀ। ਉਪਰੰਤ ਸੂਫੀਆਂ ਨੇ ਵੀ ਪੰਜਾਬੀ ਗੁਰਮੁਖੀ ਨੂੰ ਤਰਜੀਹ ਦਿੱਤੀ। ਭਾਵੇਂ ਉਹ ਅਰਬੀ ਫਾਰਸੀ ਭਾਸ਼ਾ ਦੇ ਮਾਹਿਰ ਸਨ।

ਮਾਂ ਬੋਲੀ ਦਾ ਵਿਕਾਸ ਵੀ ਰਾਜਨੀਤਿਕ ਅਤੇ ਆਰਥਿਕ ਵਿਕਾਸ ਦੇ ਨਾਲ ਨਾਲ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਕਿ ਆਪਣੀਆਂ ਸਮਾਜਿਕ ਰਵਾਇਤਾਂ, ਪੰਜਾਬ ਦੀ ਵਿਰਾਸਤ ਵਿਚ ਪਏ ਅਨਮੋਲ ਖਜ਼ਾਨੇ ਨੂੰ ਸਾਂਭਣ ਦੀ ਪ੍ਰੰਪਰਾ ਵਿਚ ਲੋਕ ਗੀਤ, ਲੋਕ ਸੰਗੀਤ, ਲੋਕ ਨਾਚ, ਖੇਡਾਂ, ਲੋਕ ਤਿਉਹਾਰ, ਮੇਲ, ਸੂਫੀ ਸਾਹਿਤ ਆਦਿ ਵਿਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਯੂਨੈਸਕੋ ਨੇ ਆਪਣੀ ਇਕ ਰਿਪੋਰਟ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਕਈ ਭਾਸ਼ਾਵਾਂ ਦੀ ਹੋਂਦ ਲਈ ਖਤਰਾ ਪੈਦਾ ਹੋ ਸਕਦਾ ਹੈ। ਯੂਨੈਸਕੋ ਨੇ ਭਾਸ਼ਾ ਦੀ ਬੜੀ ਖੋਜ ਤੋਂ ਬਾਅਦ ਕਮੇਟੀਆਂ ਬਣਾਈਆਂ, ਜੋ ਕਿਸੇ ਵੀ ਭਾਸ਼ਾ ਦੀਆਂ ਦਰਪੇਸ਼ ਚੁਣੌਤੀਆਂ ਖਤਰਿਆਂ ਤੋਂ ਜਾਣੂ ਕਰਵਾਉਂਦੀਆਂ ਹਨ। ਅੱਜ ਪੰਜਾਬੀ ਮਾਂ-ਬੋਲੀ ਅਤੇ ਸਭਿਆਚਾਰ ਨੂੰ ਬਚਾਉਣ ਲਈ ਸੰਜੀਦਾ ਯਤਨਾਂ ਦੀ ਲੋੜ ਹੈ। ਸਰਕਾਰੀ ਅਤੇ ਸੰਸਥਾਗਤ ਉਪਰਾਲਿਆਂ ਦੀ ਲੋੜ ਹੈ। ਕੁਝ ਅਜਿਹੇ ਯਤਨ ਹਨ, ਜੋ ਮਾਂ ਬੋਲੀ ਵਿਚ ਉਤਸ਼ਾਹ ਵਧਾਉਂਦੇ ਹਨ। ਪਾਕਿਸਤਾਨ ਵਿਚ ਵੀ ਪੰਜਾਬੀ ਬੋਲੀ ਦਾ ਬੋਲਬਾਲਾ ਹੈ। ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਪੰਜਾਬੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬੀ ਜਿੱਥੇ ਵੀ ਜਾ ਵੱਸੇ, ਆਪਣੇ ਸਭਿਆਚਾਰ ਨੂੰ ਵੀ ਨਾਲ ਲੈ ਗਏ ਹਨ। ਪੰਜਾਬੀ ਜਿੱਥੇ ਆਪਣਾ ਘਰ ਬਣਾਉਂਦਾ ਹੈ, ਉਥੇ ਹੀ ਗੁਰੂ ਦਾ ਘਰ ਵੀ ਜ਼ਰੂਰ ਬਣਾਉਂਦਾ ਹੈ। ਥਾਂ-ਥਾਂ ਨਿਸ਼ਾਨ ਸਾਹਿਬ ਝੂਲਦੇ ਹਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਬੋਲੀ ਅਤੇ ਗੁਰਧਾਮਾਂ ਦਾ ਬਹੁਤ ਵਿਕਾਸ ਹੋਇਆ ਹੈ। ਜੋਪੰਜਾਬੀ ਦੇ ਅਮੀਰ ਵਿਰਸੇ ਦਾ ਦਸਤਾਵੇਜ਼ ਹੈ।

ਪੰਜਾਬੀ ਮਾਂ ਬੋਲੀ ਦਾ ਬੇਸ਼ਕੀਮਤੀ ਸਾਹਿਤ ਖਜ਼ਾਨਾ ਹੈ, ਜਿਸ ਵਿਚ ਵੱਖ-ਵੱਖ ਵਿਸ਼ਿਆਂ ਦਾ ਸਾਹਿਤ ਸਾਂਭਿਆ ਪਿਆ ਹੈ। ਜੋ ਪੰਜਾਬੀ ਲਿਪੀ ਦਾ ਮਹੱਤਵ ਪ੍ਰਗਟ ਕਰਦਾ ਹੈ। ਅੱਜ ਪੰਜਾਬੀ ਮਾਂ ਬੋਲੀ ਪੰਜਾਬ ਰਾਜ ਦੀ ਪ੍ਰਬੰਧਕੀ ਬੋਲੀ ਹੈ। ਵਿਦੇਸ਼ਾਂ ਵਿਚ ਵੀ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦਾ ਸੰਗੀਤ ਅਤੇ ਸਾਹਿਤ ਦਾ ਪ੍ਰਚਾਰ ਪਸਾਰ ਕੀਤਾ ਹੈ। ਉਹਨਾਂ ਆਪਣੇ ਗੌਰਵਮਈ ਧਾਰਮਿਕ ਵਿਰਸੇ ਦਾ ਇਤਿਹਾਸ ਸਾਂਭ ਰੱਖਿਆ ਹੈ। ਗੁਰਦੁਆਰਿਆਂ ਵਿਚ ਗੁਰਮਤਿ, ਕਥਾ, ਕੀਰਤਨ, ਕਵੀ ਦਰਬਾਰ, ਢਾਡੀ ਵਾਰਾਂ, ਨਗਰ ਕੀਰਤਨ, ਲੰਗਰ, ਗਤਕਾ, ਸਿੱਖ ਬੱਚਿਆਂ ਦਾ ਦਿਨ ਮਨਾਇਆ ਜਾਂਦਾ ਹੈ, ਜਿਸ ਵਿਚ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਅਤੇ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ। ਅੰਤ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਰਚਨਾ, ਪੰਜਾਬੀ ਦੀ ਮਿਸਾਲ ਵਜੋਂ ਪੇਸ਼ ਹੈ:-

ਮੈਂ ਕੈਂਹ ਦਾ ਸਾਫ ਤੇ ਲਿਸ਼ਕਵਾਂ ਭਾਂਢਾਂ ਘਸਾਇਆ ਤਾਂ ਉਸ ਵਿਚੋਂ ਕਾਲੀ ਸਿਆਹੀ ਦਿਸ ਪੈਂਦੀ ਹੈ। ਧੌਣ ਨਾਲ ਅੰਦਰਲੀ ਜੂਠ ਕਾਲਖ ਦੂਰ ਨਹੀਂ ਹੁੰਦੀ, ਭਾਵੇਂ ਸੈਂਕੜੇ ਵਾਰ ਵੀ ਕਿਉ ਨਾ ਧੋਤੀ ਜਾਵੇ। ਕੇਵਲ, ਉਹ ਹੀ ਮਿੱਤਰ ਹਨ, ਜੋ ਜਦੋਂ ਮੈਂ ਜਾਵਾਂ ਮੇਰੇ ਨਾਲ ਹੀ ਚੱਲਣ ਜਿੱਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ। ਉਹ ਬੇਫਿਕਰ ਹੋ ਕੇ ਬੇਝਿਜਕ ਹੋ ਕੇ ਹਿਸਾਬ ਦੇਣ।ਜੇ ਘਰ ਮੰਦਰ ਅਟਾਰੀਆਂ ਮਹਲ ਚੌਹਾਂ ਪਾਸਿਆਂ ਤੋਂ ਚਿਤਾਰੇ ਹੋਂਦ ਪਰ ਅੰਦਰੋਂ ਖਾਲੀ ਹੋਣ ਉਹ ਢਹਿ ਜਾਂਦੇ ਹਨ। ਢੱਠੇ ਹੋਏ ਖੰਡਰਾਤ ਕਿਸੇ ਕੰਮ ਨਹੀਂ ਆਉਂਦੇ। ਚਿੱਟੇ ਪਰਾਂ ਵਾਲੇ ਬੰਗਲੇ ਯਾਤ੍ਰਾ ਅਸਥਾਨਾਂ ਵਿਚ ਰਹਿੰਦੇ ਹਨ। ਪਰ ਜੀਆਂ ਨੂੰ ਗੱਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ ਸੁਥਰੇ ਨਹੀਂ ਆਖੇ ਜਾਂਦੇ। ਮੇਰਾ ਜਿਸਮ ਸਿੰਬਲ ਦਾ ਰੁੱਖ ਹੈ। ਸਿੰਬਲ ਦੇ ਫੁੱਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ। ਸਿੰਬਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ। ਉਹੀ ਲੱਛਣ ਮੇਰੇ ਜਿਸਮ ਵਿਚ ਹਨ। ਅੰਨਾ ਆਦਮੀ ਭਾਰਾ ਬੋਝ ਚੁੱਕੀ ਫਿਰਦਾ ਹੈ। ਪਹਾੜ ਦਾ ਰਸਤਾ ਹੈ। ਮੈਂ ਆਪਣੇ ਨੇਤ੍ਰਾਂ ਨਾਲ ਵੇਖਦਾ ਹਾਂ, ਪਰ ਮੈਨੂੰ ਰਸਤਾ ਨਹੀਂ ਲੱਭਦਾ। ਮੈਂ ਕਿਸ ਤਰ੍ਹਾਂ ਪਹਾੜ ਉਤੇ ਚੜ੍ਹ ਕੇ ਪਾਰ ਜਾ ਸਕਦਾ ਹਾਂ। ਹੇ ਨਾਨਕ ਪਹਾੜੀ ਰਸਤੇ ਵਰਗੇ ਬਿਖੜੇ ਜੀਵਨ ਪੰਧ ਵਿਚੋਂ ਪਾਰ ਲੰਘਣ ਲਈ ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪ੍ਰਮਾਤਮਾ ਦਾ ਨਾਮੁ ਸਿਮਰਨ ਕਰ। ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖਲਾਸੀ ਪਾ ਜਾਵੇਂਗਾ। ਅੰਗ 729

# ਧਰਮ ਪਰਿਵਰਤਨ 'ਤੇ ਪਾਬੰਦੀ ਦੀ ਗੱਲ



ਫਰੀਡੀ ਜੋਸਫ

ਪੰਜਾਬ ਵਿੱਚ ਆਪਣੇ ਚੋਣ ਦੌਰੇ ਦੌਰਾਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਭਾਜਪਾ ਸਰਕਾਰ ਧਰਮ ਪਰਿਵਰਤਨ ਉੱਤੇ ਪਾਬੰਦੀ ਲਾਵੇਗੀ। ਇਸ ਤੋਂ ਸਪਸ਼ਟ ਹੈ ਕਿ ਭਾਰਤੀਆ ਜਨਤਾ ਪਾਰਟੀ ਇਸ ਦੇਸ਼ ਨੂੰ ਮੁੜ ਮਨੂ ਵਲੋਂ ਸਥਾਪਿਤ ਕੀਤੀ ਵਰਣ ਵਿਵਸਥਾ ਦੇ ਕਾਲ ਵਿੱਚ ਲੈ ਕੇ ਜਾਣਾ ਚਾਹੁੰਦੀ ਹੈ ਜੋ ਕਿ ਬਹੁਤ ਭਿਆਨਕ ਕਾਲ ਸੀ - ਖਾਸ ਕਰਕੇ ਇਸ ਦੇਸ਼ ਦੇ ਮੂਲਵਾਸੀਆਂ ਲਈ। ਉਸ ਕਾਲ ਵਿੱਚ ਇਸ ਦੇਸ਼ ਦੀ ਜਨਤਾ ਪੰਜ ਭਾਗਾਂ ਵਿੱਚ ਵੰਡ ਦਿੱਤੀ ਗਈ ਹੋਈ ਸੀ - ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਅਤੇ ਅਤੀ ਸ਼ੂਦਰ। ਇਸ ਤੋਂ ਪਹਿਲਾਂ ਇਹ ਦੇਸ਼ ਦਰਾਵੜ, ਭੀਲ, ਕੋਲ ਆਦਿ ਜਾਤੀਆਂ ਦਾ ਦੇਸ਼ ਸੀ ਜਿਨ੍ਹਾਂ ਨੂੰ ਹਰਾ ਕੇ ਆਰੀਅਨ ਲੋਕ ਸਤਾ ਵਿਚ ਆਏ ਅਤੇ ਉਨ੍ਹਾਂ ਨੇ ਆਪਣੇ ਸਾਸ਼ਨ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਇਸ ਦੇਸ਼ ਦੇ ਲੋਕਾਂ ਨੂੰ ਪੰਜ ਭਾਗਾਂ ਵਿੱਚ ਵੰਡ ਦਿੱਤਾ। ਇਸ ਦੇਸ਼ ਦੇ ਮੂਲਵਾਸੀਆਂ ਨੂੰ ਸ਼ੂਦਰ ਅਤੇ ਅਤੀ ਸ਼ੂਦਰ ਕਰਾਰ ਦੇ ਕੇ ਪਸ਼ੂਆਂ ਤੋਂ ਵੀ ਬੱਦਤਰ ਅਵਸਥਾ ਵਿੱਚ ਧੱਕ ਦਿੱਤਾ। ਸ਼ੂਦਰ ਨੂੰ ਜਿਸ ਅਵਸਥਾ ਵਿੱਚ ਰੱਖਿਆ ਗਿਆ ਉਹ ਇਸ ਪ੍ਰਕਾਰ ਸੀ - ਸ਼ੂਦਰ ਪਿੰਡ ਜਾਂ ਸ਼ਹਿਰ ਦੇ ਨੀਵੇਂ ਪਾਸੇ ਰਹਿਣਗੇ। ਉਹ ਪਿੰਡਾਂ ਜਾਂ ਸ਼ਹਿਰਾਂ ਦੀ ਸਫਾਈ ਕਰਨਗੇ।

ਉਹ ਸਫਾਈ ਕਰਨ ਤੋਂ ਬਾਅਦ ਉੱਚ ਕਰਾਰ ਦਿੱਤੀਆਂ ਜਾਤੀਆਂ ਦੇ ਘਰਾਂ ਤੋਂ ਉਨ੍ਹਾਂ ਦਾ ਜੂਠਾ ਖਾਣ ਲਿਆ ਕੇ ਖਾਣਗੇ, ਉਨ੍ਹਾਂ ਉੱਤੇ ਕਈ ਹੋਰ ਭਿਆਨਕ ਪਾਬੰਦੀਆਂ ਸਨ - ਮਿਸਾਲ ਦੇ ਤੌਰ ਤੇ ਉਹ ਜੀਂਦਾ ਜਾਨਵਰ ਮਾਰ ਕੇ ਨਹੀਂ ਖਾਣਗੇ, ਮਰੇ ਹੋਏ ਜਾਨਵਰ ਖਾਣਗੇ। ਉਹ ਕੇਵਲ ਲੰਗੋਟੀ ਹੀ ਲਾਉਣਗੇ ਹੋਰ ਕੋਈ ਨਵਾਂ ਕਪੜਾ ਨਹੀਂ ਪਹਿਨਣਗੇ। ਪੈਰ ਵਿੱਚ ਜੁੱਤੀ ਨਹੀਂ ਪਾਉਣਗੇ, ਸਿਰ ਤੇ ਪੱਗ ਨਹੀਂ ਰੱਖ ਸਕਣਗੇ, ਮੋਢੇ ਤੇ ਸਾਫਾ ਨਹੀਂ ਰੱਖ ਸਕਣਗੇ।

ਪਿੰਡ ਜਾਂ ਸ਼ਹਿਰ ਦਾ ਗੰਦਾ ਪਾਣੀ ਉਨ੍ਹਾਂ ਦੀਆਂ ਝੁੱਗੀਆਂ ਵੱਲ ਹੀ ਜਾਵੇਗਾ। ਉਹ ਪਿੰਡ ਜਾਂ ਸ਼ਹਿਰ ਦੀ ਸਫਾਈ ਕਰਨ ਤੋਂ ਬਾਅਦ ਰਾਤ ਹੋਣ ਤੇ ਪਹਿਲਾਂ ਆਪਣੀਆਂ ਝੁੱਗੀਆਂ ਵਿੱਚ ਚੱਲੇ ਜਾਣਗੇ ਤੇ ਰਾਤ ਨੂੰ ਪਿੰਡ ਜਾਂ ਸ਼ਹਿਰ ਵਿੱਚ ਨਹੀਂ ਵੜਨਗੇ।

ਜੋ ਵਰਣ ਵਿਵਸਥਾ ਕਾਇਮ ਕੀਤੀ ਗਈ ਉਸ ਵਿੱਚ ਬ੍ਰਾਹਮਣ ਹੀ ਪੜ੍ਹ ਸਕਦਾ ਸੀ ਪਰ ਉਸਦੀ ਪੜ੍ਹਾਈ ਵੀ ਧਾਰਮਿਕ ਗ੍ਰੰਥਾਂ ਤੱਕ ਹੀ ਸੀਮਤ ਸੀ। ਖਤਰੀ ਕੇਵਲ ਸ਼ਸਤਰ ਵਿੱਦਿਆ ਹੀ ਲੈ ਸਕਦਾ ਸੀ ਅਤੇ ਵੈਸ਼ ਹਿਸਾਬ ਕਿਤਾਬ ਦੀ ਮਾਮੂਲੀ ਸਿੱਖਿਆ ਹੀ ਲੈ ਸਕਦਾ ਸੀ। ਇਸ ਵਰਣ ਵਿਵਸਥਾ ਕਾਰਣ ਦੇਸ਼ ਬਹੁਤ ਕਮਜ਼ੋਰ ਹੋ ਗਿਆ ਸੀ। ਮੁਸਲਿਮ ਦੇਸ਼ ਭਾਰਤ ਉੱਤੇ ਹਮਲੇ ਕਰਦੇ ਰਹਿੰਦੇ ਸਨ ਅਤੇ ਹੌਲੀ ਹੌਲੀ ਉਨ੍ਹਾਂ ਨੇ ਇਸ ਦੇਸ਼ ਨੂੰ ਗੁਲਾਮ ਬਣਾ ਲਿਆ।

ਇਹ ਵੀ ਕਿੰਨੀ ਅਜੀਬ ਗੱਲ ਹੈ ਕਿ ਈਸਟ ਇੰਡੀਆ ਕੰਪਨੀ ਇਸ ਦੇਸ਼ ਤੇ ਢਾਈ ਸੌ ਸਾਲ ਰਾਜ ਕਰਦੀ ਰਹੀ ਅਰਥਾਤ ਇਹ ਦੇਸ਼ ਢਾਈ ਸੌ ਸਾਲ ਇੱਕ ਕੰਪਨੀ ਦਾ ਹੀ ਗੁਲਾਮ ਰਿਹਾ। ਅੰਗਰੇਜ਼ ਹਕੂਮਤ 100 ਸੌ ਸਾਲ ਇਸ ਦੇਸ਼ ਉੱਤੇ ਕਾਬਜ ਰਹੀ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਜਰਮਨੀ ਦੇ ਜ਼ੋਰ ਦੇਣ ਤੇ ਅੰਗਰੇਜ਼ ਇਹ ਦੇਸ਼ ਛੱਡ ਗਏ ਅਤੇ ਇਹ ਦੇਸ਼ ਇੱਕ ਸੈਕੂਲਰ ਦੇਸ਼ ਬਣ ਗਿਆ ਅਰਥਾਤ ਭਾਰਤ ਅੱਜ ਧਰਮ ਅਧਾਰਿਤ ਰਾਜ ਨਹੀਂ ਰਹਿ ਗਿਆ। ਦੇਸ਼ ਦੇ ਸਾਰੇ ਨਾਗਰਿਕ ਬਰਾਬਰ ਦੇ ਹੱਕ ਰੱਖਦੇ ਹਨ। ਜੋ ਬਿਆਨ ਅਮਿਤ ਸ਼ਾਹ ਨੇ ਦਿੱਤਾ ਹੈ, ਉਸ ਤੋਂ ਸਪਸ਼ਟ ਹੈ ਭਾਰਤੀਆ ਜਨਤਾ ਪਾਰਟੀ ਇਸ ਦੇਸ਼ ਨੂੰ ਮੁੜ ਇਸਲਾਮੀ ਰਾਜ ਤੋਂ ਪਹਿਲਾਂ ਦੇ ਕਾਲ ਵਿੱਚ ਲੈ ਕੇ ਜਾਣਾ ਚਾਹੁੰਦੀ ਹੈ।

# ਮਸੀਹੀ ਦਿਨ ਤਿਉਹਾਰਾਂ ਤੇ ਅਕਾਸ਼ਵਾਣੀ ਅਤੇ ਦੂਰਦਰਸ਼ਨ ਦੀ ਭੂਮਿਕਾ

**ਡੈਨੀਅਲ ਥੋਬਾ**

ਅਕਾਸ਼ਵਾਣੀ ਅਤੇ ਦੂਰ ਦਰਸ਼ਨ ਸਾਡੇ ਦੇਸ਼ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਦੋ ਮਹੱਤਵਪੂਰਨ ਅਦਾਰੇ ਹਨ। ਬੇਸ਼ੱਕ ਹੁਣ ਅਨੇਕਾਂ ਪ੍ਰਾਈਵੇਟ ਰੇਡੀਓ ਅਤੇ ਟੀ.ਵੀ. ਚੈਨਲਾਂ ਦੀ ਕਮੀ ਨਹੀਂ ਹੈ ਜੋ ਵੱਖ ਵੱਖ ਉਦੇਸ਼ਾਂ ਨੂੰ ਸਾਮ੍ਹਣੇ ਰੱਖ ਕੇ ਸ਼ੁਰੂ ਕੀਤੇ ਗਏ ਹਨ ਪ੍ਰੰਤੂ ਅੱਜ ਵੀ ਅਕਾਸ਼ਵਾਣੀ ਅਤੇ ਦੂਰਦਰਸ਼ਨ ਦਾ ਆਪਣਾ ਵਿਸ਼ੇਸ਼ ਮਹੱਤਵ ਹੈ ਅਤੇ ਇਥੋਂ ਭਿੰਨ ਭਿੰਨ ਵਿਸ਼ਿਆਂ ਬਾਰੇ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਅਤੇ ਖਬਰਾਂ ਨੂੰ ਦੁਨੀਆਂ ਭਰ ਦੇ ਕਰੋੜਾਂ ਲੋਕ ਸੁਣਦੇ ਅਤੇ ਵੇਖਦੇ ਹਨ ਕਿਉਂਕਿ ਇਸ ਦੀ ਭਰੋਸੇਯੋਗਤਾ ਬਣੀ ਹੋਈ ਹੈ। ਇਨ੍ਹਾਂ ਦੇ ਵੱਖ ਵੱਖ ਚੈਨਲਾਂ/ ਕੇਂਦਰਾਂ ਤੋਂ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਵਿਚ ਸਵੇਰ ਦੀਆਂ ਸਭਾਵਾਂ ਅਕਸਰ ਧਾਰਮਿਕ ਭਜਨ, ਸ਼ਬਦਾਂ ਨਾਲ ਸ਼ੁਰੂ ਹੁੰਦੀਆਂ ਹਨ। ਭਾਵੇਂ ਕਿ ਸਾਡਾ ਦੇਸ਼ ਇੱਕ ਧਰਮ ਨਿਰਪੱਖ ਦੇਸ਼ ਹੈ, ਫਿਰ ਵੀ ਦੇਸ਼ ਵਿੱਚ ਇਨ੍ਹਾਂ ਦਾ ਕੋਈ ਹੀ ਅਜਿਹਾ ਕੇਂਦਰ ਹੋਵੇਗਾ ਜਿਥੋਂ ਅਜਿਹੇ ਪ੍ਰੋਗਰਾਮਾਂ ਵਿੱਚ ਕੋਈ ਮਸੀਹੀ ਭਜਨ ਸ਼ਾਮਿਲ ਕੀਤਾ ਜਾਂਦਾ ਹੋਵੇ।

ਅਸੀਂ ਆਪਣੇ ਆਪ ਨੂੰ ਇੱਕ ਅੰਤਰ ਰਾਸ਼ਟਰੀ ਮਸੀਹੀ ਭਾਈਚਾਰੇ ਦੇ ਮੈਂਬਰ ਦਾ ਜ਼ਿਕਰ ਬੜੇ ਫੱਖਰ ਨਾਲ ਕਰਦੇ ਹਾਂ ਅਤੇ ਇਸ ਵਿੱਚ ਕਿਸੇ ਸ਼ੱਕ ਦੀ ਗੁੰਜਾਇਸ਼ ਵੀ ਨਹੀਂ ਹੈ। ਅਸੀਂ ਇਹਨਾਂ ਕਾਲਮਾਂ ਵਿਚ ਲਗਾਤਾਰ ਇਹ ਲਿਖਦੇ ਆ ਰਹੇ ਹਾਂ ਅਤੇ ਇਹੋ ਕੁਝ ਫਿਰ ਦੁਹਰਾ ਰਹੇ ਹਾਂ ਕਿ ਅਸੀਂ ਆਪਣੇ ਕਿਸੇ ਵੀ ਮਸਲੇ ਪ੍ਰਤੀ ਸੰਜੀਦਾ ਨਹੀਂ ਹਾਂ। ਸਾਡੀ ਇਸੇ ਬੇਰੁੱਖੀ ਕਾਰਨ ਜਿੱਥੇ ਅਸੀਂ ਜ਼ਿੰਦਗੀ ਦੇ ਬਾਕੀ ਖੇਤਰਾਂ ਵਿੱਚ ਦੂਜਿਆਂ ਨਾਲੋਂ ਪਿੱਛੇ ਰਹਿ ਗਏ ਹਾਂ, ਉਥੇ ਇਸੇ ਕਾਰਨ ਹੀ ਅਕਾਸ਼ਵਾਣੀ ਅਤੇ ਦੂਰ ਦਰਸ਼ਨ ਦਾ ਸਾਡੇ ਨਾਲ ਭੇਦ ਭਾਵ ਵਾਲਾ ਵਤੀਰਾ ਵੀ ਸਾਡੇ ਸਾਮ੍ਹਣੇ ਹੈ। ਦੇਸ਼ ਭਰ 'ਚ ਸਾਡੀ ਇੱਕ ਭਾਈਚਾਰੇ ਦੇ ਤੌਰ ਤੇ ਕਿਸੇ ਮਸਲੇ ਪ੍ਰਤੀ ਗੰਭੀਰਤਾ ਕੇਵਲ 1977-78 ਵਿਚ ਜਨਤਾ ਪਾਰਟੀ ਦੀ ਸਰਕਾਰ ਸਮੇਂ ਵੇਖਣ ਨੂੰ ਮਿਲੀ ਸੀ, ਜਦੋਂ ਇਸ ਦੇ ਇੱਕ ਪਾਰਲੀਮੈਂਟ ਮੈਂਬਰ ਜਿਸਦਾ ਸਬੰਧ ਜਨਸੰਘ ਨਾਲ ਸੀ। ਇਸ ਸੌੜੀ ਸੋਚ ਵਾਲੇ ਮੈਂਬਰ ਓ.ਪੀ. ਤਿਆਗੀ ਨੇ ਇੱਕ ਅਜਿਹਾ ਬਿੱਲ ਲੈ ਕੇ ਆਂਦਾ ਸੀ ਜਿਸਦਾ ਨਾਂ ਤਾਂ ਭਾਵੇਂ ਧਾਰਮਿਕ ਅਜ਼ਾਦੀ ਬਾਰੇ ਬਿੱਲ ਸੀ ਪ੍ਰੰਤੂ ਇਸਦਾ ਅਸਲ ਮੰਤਵ ਈਸਾਈ ਧਰਮ ਦੇ ਪ੍ਰਚਾਰ ਉਪਰ ਰੋਕ ਲਗਾਉਣਾ ਸੀ। ਉਸ ਸਮੇਂ ਦੇਸ਼ ਭਰ ਦੇ ਈਸਾਈਆਂ ਨੇ ਸਿਆਸੀ ਗਰੁੱਪਾਂ ਅਤੇ ਮਿਸ਼ਨਾਂ ਦੇ ਵਖਰੇਵਿਆਂ ਤੋਂ ਉਪਰ ਉਠ ਕੇ ਦੇਸ਼ ਦੀ ਰਾਜਧਾਨੀ, ਪ੍ਰਾਂਤਾਂ ਦੀਆਂ ਰਾਜਧਾਨੀਆਂ ਤੋਂ ਲੈ ਕੇ ਈਸਾਈ ਵੱਸੋ ਵਾਲੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਇਸ ਬਿੱਲ ਦੇ ਵਿਰੁਧ ਸ਼ਾਂਤਮਈ ਰੋਸ ਵਿਖਾਵੇ ਕੀਤੇ। ਜਿਸਦੇ ਫਲਸਰੂਪ ਵੇਲੇ ਦੀ ਸਰਕਾਰ ਨੂੰ ਨਾ ਕੇਵਲ ਇਸ ਬਿੱਲ ਨੂੰ ਰੱਦੀ ਦੀ ਟੋਕਰੀ ਵਿੱਚ ਸੁਟਣਾ ਪਿਆ। ਸਗੋਂ ਇਸਦਾ ਪ੍ਰਭਾਵ ਅਕਾਸ਼ਵਾਣੀ ਅਤੇ ਦੂਰ-ਦਰਸ਼ਨ ਦੇ ਪ੍ਰੋਗਰਾਮਾਂ ਤੇ ਵੀ ਪਿਆ ਅਤੇ ਇਨ੍ਹਾਂ ਤੋਂ ਸਮੇਂ ਸਮੇਂ ਕੁਝ ਮਸੀਹੀ ਭਜਨ, ਜਾਂ ਕਈ ਹੋਰ ਪ੍ਰੋਗਰਾਮ ਵੀ ਆਉਣੇ ਸ਼ੁਰੂ ਹੋਏ। ਅਕਾਸ਼ਵਾਣੀ ਜਲੰਧਰ ਤੋਂ ਹਰ ਐਤਵਾਰ 15 ਮਿੰਟ ਦੇ ਮਸੀਹੀ ਭਜਨ ਆਉਂਣੇ ਸ਼ੁਰੂ ਹੋਏ। ਇਸੇ ਤਰ੍ਹਾਂ ਕੋਈ ਪੰਦਾਰ ਦਿਨਾਂ ਬਾਦ ਵੀ ਪ੍ਰੰਤੂ ਹੁਣ ਸਭ ਹੌਲੀ ਹੌਲੀ ਖਤਮ ਹੋ ਗਿਆ ਕਿਉਂਕਿ ਉਸ ਸਮੇਂ ਤੋਂ ਬਾਅਦ ਅਸੀਂ ਆਪਣੀ ਏਕਤਾ ਦਾ ਪ੍ਰਗਟਾਵਾ ਕਰਕੇ ਕਿਸੇ ਵੀ ਸਰਕਾਰ ਉੱਤੇ 1978 ਵਰਗਾ ਦਬਾਅ ਨਹੀਂ ਬਣਾ ਸਕੇ। ਸ਼ਾਇਦ ਸਾਡੇ ਕੁਝ ਮਹਾਨ ਵਿਦਵਾਨ, ਗੁਣੀ ਗਿਆਨੀ ਅਤੇ ਆਪਣੇ ਆਪ ਨੂੰ ਬੁੱਧੀਜੀਵੀ ਅਖਵਾਉਣ ਵਾਲੇ ਲੋਕ ਇਹ ਸਮਝਦੇ ਹੋਣ ਕਿ ਅਕਾਸ਼ਵਾਣੀ ਜਾਂ ਦੂਰਦਰਸ਼ਨ ਤੇ ਜੇਕਰ ਮਸੀਹੀ ਭਜਨ ਜਾਂ ਪ੍ਰੋਗਰਾਮ ਨਹੀਂ ਆਉਂਦੇ ਤਾਂ ਕੋਈ ਗੱਲ ਨਹੀਂ, ਇਸ ਨਾਲ ਕੀ ਫਰਕ ਪੈਂਦਾ ਹੈ? ਅਜਿਹੇ ਸੱਜਣ ਇਹ ਦਲੀਲ ਵੀ ਦੇ ਸਕਦੇ ਹਨ ਕਿ ਜੇਕਰ ਕਿਸੇ ਨੇ ਮਸੀਹੀ ਪ੍ਰੋਗਰਾਮ ਵੇਖਣੇ ਸੁਣਨੇ ਹੋਣ ਤਾਂ ਉਹ ਆਪਣੇ ਦੋ ਟੀ.ਵੀ. ਚੈਨਲ ਪ੍ਰਾਰਥਨਾ ਭਵਨ ਅਤੇ ਸ਼ੁੱਭ ਸੰਦੇਸ਼ ਜੋ ਹਨ ਤਾਂ ਉਹ ਇਨ੍ਹਾਂ ਤੋਂ ਇਹਨਾਂ ਪ੍ਰੋਗਰਾਮ ਦਾ ਅਨੰਦ ਮਾਣ ਸਕਦੇ ਹਨ ਅਤੇ ਇਹ ਗੱਲ ਹੈ ਵੀ ਬਿਲਕੁਲ ਠੀਕ। ਖੁਦਾ ਇਨ੍ਹਾਂ ਚੈਨਲਾਂ ਦੇ ਸੰਚਾਲਕਾਂ ਨੂੰ ਹੋਰ ਜ਼ਿਆਦਾ ਬਰਕਤ ਦੇਵੇ। ਪਰ ਜਿਥੋਂ ਤੱਕ ਅਕਾਸ਼ਵਾਣੀ (ਰੇਡੀਓ) ਦੇ ਪ੍ਰੋਗਰਾਮ ਦੀ ਗੱਲ ਹੈ। ਸ਼ਾਇਦ ਸਾਡੇ ਉਪਰੋਕਤ ਕਿਸਮ ਦੇ ਸੱਜਣ ਕਹਿ ਸਕਦੇ ਹਨ ਕਿ ਛੱਡੋ ਜੀ ਅੱਜ ਕਲ੍ਹ ਰੇਡੀਓ ਕੌਣ ਸੁਣਦਾ ਹੈ? ਇਹ ਵੀ ਸੱਚ ਹੈ ਕਿ ਰੇਡੀਓ ਅੱਜ ਤੱਕ ਦੇਸ਼ ਦੁਨੀਅ ਦੇ ਲੋਕਾਂ ਦੀ ਜ਼ਿੰਦਗੀ ਵਿਚੋਂ ਮਨਫੀ ਨਹੀਂ ਹੋਇਆ। ਕਰੋੜਾਂ ਲੋਕ ਅਕ-ਾਸ਼ਵਾਣੀ ਤੋਂ ਰੇਡੀਓ ਪ੍ਰੋਗਰਾਮ ਸੁਣਦੇ ਹਨ। ਹੁਣ ਤਾਂ ਇਹ ਮੋਬ-ਾਇਲਾਂ ਤੇ ਵੀ ਸੁਣਿਆ ਜਾ ਸਕਦਾ ਹੈ ਕਿ ਵੱਖ ਵੱਖ ਭਾਈਚਾਰਿਆਂ ਦੇ ਘੰਟਿਆਂ ਬੱਧੀ ਪ੍ਰੋਗਰਾਮ ਇਸ ਤੋਂ ਪ੍ਰਸਾਰਿਤ ਕੀਤੇ ਜਾਂਦੇ ਹਨ ਅਤੇ ਕਿਸੇ ਵੀ ਸਰਕਾਰ ਦੀ ਹਿੰਮਤ ਨਹੀਂ ਹੈ ਜਾਗਦੀ ਜ਼ਮੀਰ ਵਾਲੇ ਲੋਕਾਂ ਦੇ ਪ੍ਰਸਾਰਣ ਵਿੱਚ ਇੱਕ ਮਿੰਟ ਦੀ ਵੀ ਕੱਟ ਲਗਾ ਸਕੇ। ਖੁਦਾ ਪ੍ਰਧਾਨ ਮੰਤਰੀ ਆਪਣਾ ਪ੍ਰੋਗਰਾਮ 'ਮਨ ਕੀ ਬਾਤ' ਰੇਡੀਓ ਤੇ ਦਿੰਦੇ ਹਨ ਭਾਵੇਂ ਇਹ ਬਾਅਦ ਵਿੱਚ ਸਾਰੇ ਡੀ.ਡੀ. ਚੈਨਲਾਂ ਤੋਂ ਵੀ ਪੇਸ਼ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਬੇਸ਼ੱਕ ਅੱਜ ਅਨੇਕਾਂ ਪ੍ਰਾਈਵੇਟ ਟੀ.ਵੀ. ਚੈਨਲ ਖਬਰਾਂ ਵਿੱਚ ਸਭ ਤੋਂ ਅੱਗੇ ਹਨ ਜਾਂ ਵਪਾਰਕ ਮਨੋਰਥਾਂ ਵਾਲੇ ਅਤੇ ਕਈ ਖੇਡਾਂ ਵਾਲੇ ਹਨ ਪ੍ਰੰਤੂ ਦੂਰਦਰਸ਼ਨ ਦੇ ਪ੍ਰੋਗਰਾਮਾਂ ਦਾ ਆਪਣਾ ਮਹੱਤਵ ਅਤੇ ਮਾਨਤਾ ਬਣੀ ਹੋਈ ਹੈ। ਦੂਜਾ ਇਹ ਦੋਵੇਂ ਅਦਾਰੇ ਸਰਕਾਰ ਦੀ ਸਰਪ੍ਰਸਤੀ ਹੇਠ ਚਲਦੇ ਹਨ ਅਤੇ ਅਕਾਸ਼ਵਾਣੀ ਅਤੇ ਦੂਰ-ਦਰਸ਼ਨ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਤਨਖਾਹ ਲੋਕਾਂ ਕੋਲੋਂ ਇੱਕਠੇ ਹੋਏ ਟੈਕਸਾਂ ਦੇ ਪੈਸੇ ਵਿੱਚੋਂ ਦਿੱਤੀ ਜਾਂਦੀ ਹੈ। ਦੇਸ਼ ਦੇ ਹੋਰ ਲੋਕਾਂ ਵਾਂਗ ਹੀ ਪੰਜਾਬ ਅਤੇ ਦੇਸ਼ ਦੇ ਈਸਾਈ ਵੀ ਕਰੋੜਾਂ ਰੁਪਏ ਟੈਕਸ ਦਿੰਦੇ ਹਨ। ਇਸ ਲਈ ਜੇ ਦੂਜੇ ਧਾਰਮਿਕ ਭਾਈਚਾਰਿਆਂ ਨੂੰ ਅਕਾਸ਼ਵਾਣੀ ਅਤੇ ਦੂਰਦਰਸ਼ਨ ਤੇ ਸਮਾਂ ਦਿੱਤਾ ਜਾਂਦਾ ਹੈ ਤਾਂ ਸਾਡੇ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ? ਕਿਉਂਕਿ ਸਾਡਾ ਕੋਈ ਸੰਘਰਸ਼ ਨਹੀਂ ਹੈ, ਕਿਸੇ ਨੇ ਅੰ-ਗਰੇਜ਼ੀ ਦਾ ਇਹ ਕਥਨ ਠੀਕ ਹੀ ਕਿਹਾ ਹੈ No crown without cross.

ਉਪਰ ਅਸੀਂ 1978 ਵਿੱਚ ਪੇਸ਼ ਕੀਤੇ ਗਏ ਧਾਰਮਿਕ ਅਜ਼ਾਦੀ ਦੇ ਬਿੱਲ ਦੇ ਬਿੱਲ ਦਾ ਜ਼ਿਕਰ ਕੀਤਾ ਹੈ, ਜੋ ਸਾਡੇ ਜਥੇਬੰਧਕ ਸੰਘਰਸ਼ ਸਦਕਾ ਰੱਦ ਹੋ ਗਿਆ ਹੈ ਅਤੇ ਉਸਦੀ ਬਦੌਲਤ ਰੇਡੀਓ ਟੀ.ਵੀ. (ਸਰਕਾਰੀ ਮੀਡੀਆ) ਤੋਂ ਸਾਨੂੰ ਕੁਝ ਸਮਾਂ ਮਿਲਣਾ ਸ਼ੁਰੂ ਹੋਇਆ ਪ੍ਰੰਤੂ ਹੁਣ ਸਾਡੀ ਢਿੱਲ ਮੱਠ ਕਾਰਨ ਸਾਡੇ ਸਲਾਨਾ ਮਸੀਹੀ ਦਿਨ ਤਿਉਹਾਰਾਂ ਤੇ ਵੀ ਅਕਾਸ਼ਵਾਣੀ ਅਤੇ ਦੂਰਦਰਸ਼ਨ ਦੀ ਭੂਮਿਕਾ ਬੇਹੱਦ ਨਿਰਾਸ਼ਜਨਕ ਹੋ ਗਈ ਹੈ। ਸਾਡੇ ਦੇਸ਼ ਦੇ ਪ੍ਰੋਟੋਕਲ ਅਨੁਸਾਰ ਦੇਸ਼ ਦਾ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਹਰੇਕ ਭਾਈਚਾਰੇ ਨੂੰ ਉਨ੍ਹਾਂ ਦੇ ਉਤਸਵਾਂ ਤੇ ਵਧਾਈ ਦਿੰਦਾ ਹੈ, ਉਸ ਦਿਨ ਲਈ ਵਿਸ਼ੇਸ਼ ਪ੍ਰੋਗਰਾਮ ਤਾਂ ਇੱਕ ਪਾਸੇ ਰਹੇ ਇਹ ਵਧਾਈ ਸੰਦੇਸ਼ ਵੀ ਖਬਰਾਂ ਵਿੱਚੋਂ ਲਗਪਗ ਗਾਇਬ ਹੀ ਰਹੇ ਵਿਸ਼ੇਸ਼ ਕਰਕੇ ਡੀ.ਡੀ. ਪੰਜਾਬ ਤੋਂ 1 ਕੀ ਈਸਾਈ ਇਸ ਦੇਸ਼ ਦੇ ਵਾਸੀ ਨਹੀਂ ਹਨ ਜਾਂ ਉਨ੍ਹਾਂ ਦਾ ਕੋਈ ਪ੍ਰਧਾਨ ਮੰਤਰੀ ਰਾਸ਼ਟਰਪਤੀ ਹੈ। ਹੁਣ ਕਈ ਰਾਜਾਂ ਵਿੱਚ ਸਾਡੇ ਵਿਰੁਧ ਕਈ ਕਾਨੂੰਨ ਬਣ ਰਹੇ ਹਨ, ਗਿਰਜਾਘਰ ਦੀ ਭੰਨ ਤੋੜ ਕੀਤੀ ਜਾ ਰਹੀ ਹੈ, ਪਾਦਰੀ, ਪਾਸਟਰ ਸਾਹਿਬਾਨੂੰ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ, ਸਰਕਾਰੀ ਰੇਡੀਓ, ਟੀ.ਵੀ. ਤੋਂ ਸਾਨੂੰ ਬਾਹਰ ਕਰ ਦਿੱਤਾ ਗਿਆ ਹੈ। ਜੇਕਰ ਅਜੇ ਵੀ ਅਸੀਂ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਅਵੇਸਲੇ

# ਪ੍ਰਸਿੱਧ ਗੀਤਕਾਰ ਬੌਬੀ ਧੰਨੋਵਾਲੀ ਦਾ ਕੋਕਰੀ ਕਲਾਂ ਟੂਰਨਾਮੈਂਟ 'ਚ ਵਿਸ਼ੇਸ਼ ਸਨਮਾਨ



**ਵੈਨਕੂਵਰ (ਕੈਨੇਡਾ) ਕੁਲਦੀਪ ਚੁੰਬਰ** -ਪ੍ਰਸਿੱਧ ਗੀਤਕਾਰ ਬੌਬੀ ਧੰਨੋਵਾਲੀ ਦਾ ਕੋਕਰੀ ਕਲਾਂ ਕਬੱਡੀ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਬੌਬੀ ਧੰਨੋਵਾਲੀ ਦੇ ਪੰਜਾਬ ਦੇ ਵੱਖ ਵੱਖ ਸੁਪਰਸਟਾਰ ਗਾਇਕਾਂ ਨੇ ਗੀਤ ਰਿਕਾਰਡ ਕਰਵਾਏ। ਜਿਨ੍ਹਾਂ ਵਿੱਚ 'ਸੋਹਣਾ ਨਹੀਂ ਆਇਆ, 'ਨਜ਼ਰਾਂ ਨਾ ਲੱਗ ਜਾਣ ਨੂਰੀ ਮੁਖ ਨੂੰ, 'ਇੱਕੋ ਤੇਰਾ ਲੱਖ ਵਰਗਾ', 'ਤੈਨੂੰ ਬੋਤਲ ਵਰਗੀ ਨੂੰ ਤੱਕ ਕੇ ਹੋਏ ਸ਼ਰਾਬੀ, ਆਦਿ ਗੀਤ ਹਿੱਟ ਹੋਏ। ਯੂਕੇ ਦੀ ਟੀਨ ਏਜਰ ਬੇਲਜ਼ ਕਬੱਡੀ ਕਲੱਬ ਵੱਲੋਂ ਇਹ ਸਨਮਾਨ ਵਿਸ਼ੇਸ਼ ਤੌਰ ਤੇ ਸੱਭਿਆਚਾਰਕ ਸ਼ਖਸੀਅਤਾਂ ਦੀ ਚੋਣ ਕਰ ਕੇ ਹਰ ਸਾਲ ਦਿੱਤਾ ਜਾਂਦਾ ਹੈ ਅਤੇ ਇਸ ਵਾਰ ਇਹ ਸਨਮਾਨ ਬੌਬੀ ਧੰਨੋਵਾਲੀ ਨੂੰ ਪ੍ਰਦਾਨ ਕਰ ਕੇ ਸਮੁੱਚੀ ਕਲੱਬ ਅਤੇ ਪ੍ਰਬੰਧਕਾਂ ਨੇ ਖੁਸ਼ੀ ਮਹਿਸੂਸ ਕੀਤੀ। ਇਸ ਮੌਕੇ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਨੇ ਕਿਹਾ ਕਿ ਬੌਬੀ ਧੰਨੋਵਾਲੀ ਦੀ ਕਲਮ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਕਾਰਜਸ਼ੀਲ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਗੁਰਚਰਨ ਸੂਜਾਪੁਰ ਯੂ ਕੇ, ਪਰਮਿੰਦਰ ਸੂਜਾਪੁਰ ਯੂ ਕੇ , ਜੱਗਾ ਚਕਰ ਯੂ ਕੇ, ਰਣਜੀਤ ਮੱਲੀ ਐਡਮਿੰਟਨ, ਜੁਗਰਾਜ ਧਾਲੀਵਾਲ ਯੂ ਕੇ ਹਾਜ਼ਰ ਸਨ।

# ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਆਸਟ੍ਰੇਲੀਆ ਪੁੱਜੇ

**ਕੈਨੇਡਾ /ਵੈਨਕੂਵਰ (ਕੁਲਦੀਪ ਚੁੰਬਰ)**-ਸੈਂਕੜੇ ਮਿਸ਼ਨਰੀ ਅਤੇ ਪੰਜਾਬੀ ਗੀਤਾਂ ਦੇ ਰਚਨਹਾਰੇ ਪੰਜਾਬ ਦੇ ਸੁਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਆਸਟਰੇਲੀਆ ਪੁੱਜ ਗਏ ਹਨ। ਇਸ ਸੰਬੰਧੀ ਉਨ੍ਹਾਂ ਦੱਸਿਆ ਕਿ ਉਹ ਵੱਖ ਵੱਖ ਧਾਰਮਕ ਅਤੇ ਕਲਚਰਲ ਸੋਸਾਇਟੀਆਂ ਵੱਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰ ਕੇ ਸਭ ਦੇ ਰੂਬਰੂ ਹੋਣਗੇ। ਜ਼ਿਕਰਯੋਗ ਹੈ ਕਿ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਕਈ ਦੇਸ਼ਾਂ ਦਾ ਵਿਦੇਸ਼ੀ ਟੂਰ ਕਰ ਚੁੱਕੇ ਹਨ। ਜਿੱਥੇ ਉਨ੍ਹਾਂ ਦਾ ਵਿਸ਼ਵ ਪ੍ਰਸਿੱਧ ਸਭਾਵਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਸਤਿਕਾਰ ਕੀਤਾ ਜਾ ਚੁੱਕਾ ਹੈ। ਰੱਤੂ ਰੰਧਾਵਾ ਪਿਛਲੇ ਲੰਬੇ ਅਰਸੇ ਤੋਂ ਜਿੱਥੇ ਮਿਸ਼ਨਰੀ ਗੀਤਾਂ ਰਾਹੀਂ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਆ ਰਹੇ ਹਨ, ਉੱਥੇ ਹੀ ਉਨ੍ਹਾਂ ਦੇ ਅਨੇਕਾਂ



ਪੰਜਾਬੀ ਗਾਇਕਾਂ ਵੱਲੋਂ ਗੀਤ ਰਿਕਾਰਡ ਕਰਵਾਏ ਗਏ ਹਨ, ਜੋ ਬੇਹੱਦ ਚਰਚਿਤ ਰਹੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਕੈਨੇਡਾ ਅਤੇ ਹੋਰ ਕਈ ਮੁਲਕਾਂ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰ ਚੁੱਕੇ ਹਨ। ਰੱਤੂ ਰੰਧਾਵਾ ਨੂੰ ਉਨ੍ਹਾਂ ਦੇ ਪ੍ਰਸੰਸਕਾਂ ਅਤੇ ਚਾਹੁਣ ਵਾਲਿਆਂ ਵੱਲੋਂ ਇਸ ਵਿਦੇਸ਼ੀ ਟੂਰ ਲਈ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦੇ ਨਾਲ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਤੇ ਭਾਰਤ ਰਤਨ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜੀਵਨ ਫਲਸਫੇ ਨੂੰ ਆਪਣੀਆਂ ਰਚਨਾਵਾਂ, ਗੀਤਾਂ ਰਾਹੀਂ ਸਮਾਜ ਦੇ ਰੂਬਰੂ ਕਰਦੇ ਰਹਿਣਗੇ। ਸਮਾਜ ਵੱਲੋਂ ਦਿੱਤੇ ਜਾ ਰਹੇ ਪਿਆਰ ਲਈ ਉਹ ਸਭ ਦਾ ਧੰਨਵਾਦ ਕਰਦੇ ਹਨ।



# KB USED AUTO SALES



## 8655 B Monterey Street Gilroy, CA 95020

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop